
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 31
November 10, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਮਾਤਾ ਸ਼ਾਂਤੀ ਦੇਵੀ ਜੀ

ਸਾਡੇ ਬਹੁਤ ਹੀ ਸਤਿਕਾਰਯੋਗ ਡਾ. ਰੌਣਕੀ ਰਾਮ ਜੀ ਦੇ ਮਾਤਾ ਜੀ ਜੋ 12 ਨਵੰਬਰ 2016 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਬਰਸੀ ਮੌਕੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਉਹਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

**– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**



ਫੋਟੋਗ੍ਰਾਫੀ ਦੇ ਇਤਿਹਾਸ ਵਿਚ ਧਰੂ ਤਾਰੇ ਸ੍ਰੀ ਪਿਆਰੇ ਲਾਲ ਜੀ, ਜਿਹਨਾਂ ਨਾਲ ਸਾਡਾ 1980 ਤੋਂ ਮੇਲ-ਮਿਲਾਪ ਸੀ, ਦੇ ਦੇਹਾਂਤ 'ਤੇ ਦੁਖੀ ਦਿਲੋਂ ਗਹਿਰਾ ਦੁੱਖ ਪ੍ਰਗਟ ਕਰਦੇ ਹਾਂ। ਉਹ ਬਹੁਤ ਹੀ ਮਿਲਣਸਾਰ ਅਤੇ ਪੱਤਰਕਾਰੀ ਵਿਚ ਫੋਟੋਗ੍ਰਾਫੀ ਦਾ ਥੰਮ ਸਨ, ਜਿਹਨਾਂ ਨਾਲ ਮੇਰੀ ਪੰਜਾਬ ਫੇਰੀ ਦੌਰਾਨ ਪ੍ਰੈਸ ਕਲੱਬ ਜਲੰਧਰ ਵਿਖੇ ਲੰਮੇ ਅਰਸੇ ਬਾਅਦ ਮੁਲਾਕਾਤ ਹੋਈ ਉਹਨਾਂ ਬੀਤੇ ਪਲਾਂ ਨੂੰ ਯਾਦ ਕੀਤਾ।

**– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

# ਯੂਬਾ ਸਿਟੀ, ਕੈਲੀਫੋਰਨੀਆ ਵਿੱਚ ਵਿਸ਼ਾਲ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਭਾਰੀ ਇਕੱਠ

## ਕੀਰਤਨ ਦਰਬਾਰ 'ਚ ਉਚਕੋਟੀ ਦੇ ਰਾਗੀਆਂ ਢਾਡੀਆਂ ਨੇ ਕੀਤੀ ਸਮੂਲੀਅਤ, ਅਮਰੀਕੀ ਉਚ ਅਧਿਕਾਰੀਆਂ ਦਾ ਵੀ ਕੀਤਾ ਗਿਆ ਸਨਮਾਨ



**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ):** ਵਿਸ਼ਵ ਪੱਧਰੀ ਚਰਚਿਤ ਯੂਬਾ ਸਿਟੀ, ਕੈਲੀਫੋਰਨੀਆ ਦਾ ਨਗਰ ਕੀਰਤਨ ਜੋ ਗੁਰਤਾ ਗੱਦੀ ਨੂੰ ਸਮਰਪਤ ਹੁੰਦਾ ਹੈ ਦੇ ਸਬੰਧ ਚ ਕਈ ਹਫਤਿਆਂ ਤੋਂ ਚੱਲ ਰਹੇ ਧਾਰਮਿਕ ਦਿਵਾਨਾਂ ਦੀ ਵਿਸ਼ਾਲ ਸੰਗਤਾਂ ਦੀ ਹਾਜਰੀ ਚ ਅੱਜ ਸਮਾਪਤੀ ਹੋ ਗਈ। ਕੋਵਿਡ ਮਹਾਂਮਾਰੀ ਦੀ ਮਾਰ ਝੱਲ ਰਹੇ ਅਮਰੀਕਾ ਦੇ ਸਿੱਖ ਭਾਈਚਾਰੇਦਾਦੋ ਸਾਲ ਬਾਅਦ ਯੂਬਾ ਸਿਟੀ ਦਾ ਇਹ ਨਗਰ ਕੀਰਤਨ ਤੇਪਹਿਲਾ ਵੱਡਾ ਸਮਾਗਮ ਸੀ। ਇਸ ਵਿਸ਼ਾਲ ਨਗਰ ਕੀਰਤਨ ਚ ਐਤਕਾਂ ਵੀ ਸੰਗਤਾਂ ਦੀਆਂ ਭਾਰੀ ਰੌਣਕਾਂ ਜੁੜੀਆਂ, ਇਸ ਨਗਰ ਕੀਰਤਨ ਲਈ ਸਥਾਨਕ ਸੰਗਤਾਂ ਕਰੀਬ ਇੱਕ ਮਹੀਨੇ ਤੋਂ ਲੰਗਰਾਂ, ਸਾਜੋ ਸਮਾਨ, ਸਜਾਵਟ ਤੇ ਫਲੋਟਾਂ ਦੀਆਂ ਤਿਆਰੀਆਂ ਚ ਰੁਝੇ ਰਹਿੰਦੇ ਹਨ। ਐਤਕਾਂ ਵੀ ਕਈ ਹਫਤਿਆਂ ਤੋਂ ਵੱਖ ਵੱਖ ਧਾਰਮਿਕ ਦਿਵਾਨ ਸਜਾਏ ਗਏ ਸਨ ਜਿਸ ਵਿੱਚ ਐਤਕਾਂ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਭਾਈ ਪ੍ਰਿਤਪਾਲ ਸਿੰਘ, ਭਾਈ ਤੇਜਿੰਦਰ ਸਿੰਘ, ਭਾਈ ਡਿੰਪਲ ਸਿੰਘ, ਭਾਈ ਆਤਮਜੋਤ ਸਿੰਘ, ਭਾਈ ਅਮਰਜੀਤ ਸਿੰਘ ਤਾਨ, ਤੇ ਹਜੂਰੀ ਰਾਗੀ ਭਾਈ ਬਿਕਰਮਜੀਤ ਸਿੰਘ , ਭਾਈ ਬਲਜੀਤ ਸਿੰਘ ਆਦਿ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਨਗਰ ਕੀਰਤਨ ਦੇ ਪਹਿਲੀ ਰਾਤ ਵੱਖ ਵੱਖ ਬਲਾਰਿਆਂ ਨੇ ਆਪਣੀਆਂ ਤਕਰੀਰਾਂ ਵਿੱਚ ਭਾਰਤ ਵਿੱਚ ਸਿੱਖਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਤੇ ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਦੌਰਾਨ ਹੋਈਆਂ ਕਿਸਾਨਾਂ ਦੀਆਂ ਮੌਤਾਂ ਤੇ ਭਾਰਤ ਸਰਕਾਰ ਦੀ ਤਿੱਖੀ ਅਲੋਚਨਾ ਕੀਤੀ। ਰਾਤਾਂ ਦੇ ਸਮਾਗਮਾਂ ਤੇ ਸਵੇਰੇ ਦੇ ਸਮਾਗਮਾਂ ਦੌਰਾਨ ਸਿੱਖ ਆਗੂਆਂ ਤੇ ਅਮਰੀਕੀ ਉਚ ਅਧਿਕਾਰੀਆਂ ਜਿਨਾਂ ਚ ਮੇਅਰ, ਡਿਪਟੀ ਮੇਅਰ, ਸ਼ੈਰਫ ਡਿਪਾਰਟਮੈਂਟ ਤੇ ਸਿਆਸੀ ਲੀਡਰਾਂ ਨੂੰ ਪਲੈਕਾਂ ਤੇ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਉਘੇ ਬਿਜਨਸਮੈਨ ਸਰਬਜੀਤ ਥਿਆੜਾ ਵਲੋਂ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਲਈ ਦੋ ਲੱਖ ਇੱਕਵੰਜਾ ਹਜਾਰ ਡਾਲਰ ਦਾਨ ਵਜੋਂ ਦਿੱਤਾ ਗਿਆ। ਸਮਾਗਮਾਂ ਦੌਰਾਨ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਗਏ, ਅਮ੍ਰਿਤ ਸੰਚਾਰ ਹੋਇਆ ਤੇ ਆਤਿਸ਼ਬਾਜੀ ਕੀਤੀ ਗਈ । ਪੰਜਾਂ ਪਿਆਰਿਆਂ ਦੀ ਰਹਿਨੁਮਾਈ ਚ ਕੱਢੇ ਗਏ 42 ਵੇਂ ਨਗਰ ਕੀਰਤਨ ਉਤੇ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਵਾਲੇ ਮੁੱਖ ਫਲੋਟਾਂ ਵਿੱਚ ਮੁੱਖ ਵੱਡੇ ਸੁੰਦਰ ਫਲੋਟ ਤੋਂ ਇਲਾਵਾ, ਦਰਬਾਰ ਸਾਹਿਬ ਦਾ ਮਾਡਲ, ਕਿਸਾਨਾਂ ਤੇ ਖੇਤੀ ਸਬੰਧੀ , ਸਿੱਖ ਰੈਫਰੈਂਡਮ,

**(ਬਾਕੀ ਸਫਾ 3 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg (CA) Gurughar's coming programs

**Sukhmani Sahib Path & Langar Sewa by Jatinder Singh Ralmil and family**

**November 14, 2021**

Sukhmani Sahib Path and Langar Sewa will be hosted by Jatinder Singh Ralmil and family to thank Guru Sahib for blessing them with a daughter. May Waheguru keep Ralmil family in Chardi Kala.

**Sri Guru Nanak Dev Ji's Parkash Utsav**

**November 21, 2021**

**Satguru Nanak Pargateya - Miti Dhund Jag Chanan Hoya**

Sri Guru Nanak Dev Ji's Gurpurab will be celebrated at our Gurughar on November 21, 2021. Akhand path will start on Friday 11/19/2021, at 10:00 AM and will be concluded on Sunday morning 11/21/2021 followed by Kirtan. Path and Langar sewa will be hosted by devoted family of Pt. Kewal Krishan Sudhir, Phagwara Wale. Giani Ompal /Giani Gurnam Singh will adorn the occasion with Shabad Kirtan along with other Kirtani Jathas.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of **GURU GRANTH SAHIB**, are an embodiment of truthfulness and godliness which illuminated the millions of ignorant souls. HIS simple message of **"UNIVERSAL BROTHERHOOD" EQUALITY** and Love of Mankind formed the basic principles of Sikh Religion. His firm belief that God is formless, infinite and all pervasive, dwelling within us awakened the entire mankind.

**The entire Sangat is humbly requested to participate in this "Gurupurb" and do the SEWA with TAN, MAN and DHAN.**

**For food & other stalls, please contact the management committee. We have a limited space, so please call as soon as possible to reserve the stall space or for any other Sewa. First come, first choice.**

**"NANAK NAM CHARDI KALA TERE BHANE SARBAT DA BHALA"**

# 2021-2022 Committee of Sri Guru Ravidass Sabha Pittsburg (CA)



**EXECUTIVE COMMITTEE**

Kulwant Kaur Banga (Chairperson), Surinder Rattu (Vice-Chairman), Jagtar Singh Bhatia (President), Harmesh Bangar (Vice President), Harbans Kalu (2nd Vice President), Abhishek Pal Narabut (General Secretary), Naresh Kumar (Assistant Secretary), Joginder Singh (2nd Assistant Secretary), Sunita K. Singh (Treasurer), Vinod Kumar Jakhu (Assistant Treasurer).

**ADVISORY COMMITTEE**

Ramesh Suman, O.P. Balley, Balbir Mall, Jagdev Ram, Jaila Jaggi

**BOARD OF DIRECTORS**

Ashok Kumar Ralh, Dharam Pal Chonkria, Gurnam Singh Rattu, Gyan Suman, Harbans Singh Rattu, Kashmiri Bhatia, Major Bhatia, Paras Ram, Prem Lal Saroay, Santokh Madhar, Shinder Paul Narabut

**CO OPT MEMBERS**

Baksho Jaggi, Salinder Singh Bhatia, Simer Kaur, Satya Dass

**LEGAL COMMITTEE**

Shashi K Paul, Ajay Pal Ram

# ਯੁਬਾ ਸਿਟੀ, ਕੈਲੀਫੋਰਨੀਆ ਵਿੱਚ ਵਿਸ਼ਾਲ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਭਾਰੀ ਇਕੱਠ

## ਅਦਾਰਾ 'ਦੇਸ਼ ਦੁਆਬਾ' ਵੱਲੋਂ ਯੁਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੀਆਂ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ













(ਸਫਾ 1 ਦੀ ਬਾਕੀ)

ਗੁਰਦੁਆਰਾ ਬਰਾਡਸ਼ਾਅ, ਗੁਰਦੁਆਰਾ ਸਟਾਕਟਨ, ਅਕਾਲੀ ਦਲ ਅਮ੍ਰਿਤਸਰ, ਸਿੰਘ ਸ਼ਹੀਦਾਂ ਵਾਰੇ ਆਦਿ ਫਲੋਟਾਂ ਨਾਲ ਸੰਗਤਾਂ ਨੇ ਸਮੂਲੀਅਤ ਕੀਤੀ। ਦੂਸਰੇ ਪਾਸੇ ਪੁਲੀਸ ਵਿਭਾਗ ਵਲੋਂ ਥੋਕ ਵਿੱਚ ਸੰਗਤਾਂ ਦੀਆਂਕਾਰਾਂ ਨੂੰ ਟਿਕਟਾਂ ਦਿੱਤੀਆਂ ਤੇ ਲੱਖਾਂ ਡਾਲਾਰਾਂ ਦਾ ਸੰਗਤਾਂ ਨੂੰ ਚੂਨਾਂ ਲਾਇਆ। ਸਰਬਤ ਖਾਲਸਾ ਦਸਤਾਰ ਕਲੱਬ ਦੇ ਫਲੋਟ ਤੇ ਗੁਰਬਾਣੀ ਦੀ ਜਗਾ ਗਲਤ ਗੀਤ ਚੱਲਣ ਤੇ ਸੰਗਤਾਂ ਨੇ ਇਤਰਾਜ ਕੀਤਾ। ਪ੍ਰਬੰਧਕਾ ਵਲੋ ਪੰਜਾਬੀ ਮੀਡੀਏ ਦੇ ਇੱਕ ਹਿੱਸੇ ਖੁਸ਼ ਕਰਨ ਤੇ ਬਾਕੀ ਮੀਡੀਆ ਕਰਮੀਆਂ ਨੇ ਇਤਰਾਜ ਜਿਤਾਇਆ। ਕਰੋਨਾ ਤੋਂ ਬਾਅਦ ਐਤਕਾਂ ਫਲੋਟਾਂ ਤੇ ਸੰਗਤਾਂ ਵਿੱਚ ਕਮੀ ਦਾ ਹੋਣਾ ਸੁਭਾਵਕ ਹੀ ਸੀ। ਐਤਕਾਂ ਵੀ ਭਾਰੀ ਗਿਣਤੀ ਚ ਬਾਹਰਲੇ ਭਾਈਚਾਰੇ ਦੇ ਲੋਕਾਂ ਨੇ ਵੀ ਸਮੂਲੀਅਤ ਕੀਤੀ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376


## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# 29 ਬੱਚਿਆਂ ਸਮੇਤ ਨਦੀ ਵਿੱਚ ਡਿੱਗੀ ਸਕੂਲੀ ਬੱਸ

ਫਰਿਜ਼ਨੋ (ਕੈਲੀਫੋਰਨੀਆ) - ਅਮਰੀਕਾ ਦੇ ਪੂਰਬੀ ਪੈਨਸਿਲਵੇਨੀਆ ਵਿੱਚ 29 ਮਿਡਲ ਸਕੂਲੀ ਬੱਚਿਆਂ ਨੂੰ ਲੈ ਕੇ ਜਾ ਰਹੀ ਇੱਕ ਸਕੂਲੀ ਬੱਸ ਸੋਮਵਾਰ ਨੂੰ ਇੱਕ ਭਿਆਨਕ ਹਾਦਸੇ ਦਾ ਸ਼ਿਕਾਰ ਹੋਈ। ਇਸ ਹਾਦਸੇ ਦੌਰਾਨ ਇਹ ਬੱਸ ਬੱਚਿਆਂ ਸਮੇਤ ਸੜਕ ਤੋਂ ਤਕਰੀਬਨ 25 ਫੁੱਟ ਹੇਠਾਂ ਇੱਕ ਨਦੀ ਵਿੱਚ ਜਾ ਡਿੱਗੀ।



ਇਹ ਬੱਸ ਈਸਟਨ ਵਿੱਚ ਬੁਸ਼ਕਿਲ ਨਦੀ ਵਿੱਚ ਪਲਟੀ, ਜਿਸ ਉਪਰੰਤ ਜਖਮੀ ਹੋਏ 13 ਬੱਚਿਆਂ ਅਤੇ ਡਰਾਈਵਰ ਦਾ ਸਥਾਨਕ ਹਸਪਤਾਲਾਂ ਵਿੱਚ ਇਲਾਜ ਕੀਤਾ ਗਿਆ।

ਅਧਿਕਾਰੀਆਂ ਅਨੁਸਾਰ ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ ਸੀ ਕਿ ਹਾਦਸਾ ਕਿਸ ਕਾਰਨ ਹੋਇਆ, ਪਰ ਇਸਦੀ ਜਾਂਚ ਚੱਲ ਰਹੀ ਹੈ। ਇਸ ਹਾਦਸੇ ਦੀ ਜਾਂਚ ਤਹਿਤ ਡਰਾਈਵਰ ਦੀ ਡਰੱਗ ਅਤੇ ਅਲਕੋਹਲ ਦੀ ਲਈ ਜਾਂਚ ਕੀਤੀ ਜਾਵੇਗੀ। ਪੁਲਿਸ ਅਨੁਸਾਰ ਇਹ ਹਾਦਸਾ ਹੋਰ ਵੀ ਭਿਆਨਕ ਹੋ ਸਕਦਾ ਸੀ, ਜੇਕਰ ਨਦੀ ਵਿਚਲਾ ਪਾਣੀ ਜਿਆਦਾ ਹੁੰਦਾ ਜਾਂ ਬੱਸ ਕਿਸੇ ਦਰੱਖਤ ਨਾਲ ਟਕਰਾਅ ਜਾਂਦੀ। ਬਚਾਅ ਕਰਮਚਾਰੀਆਂ ਵੱਲੋਂ ਬੱਸ ਨੂੰ ਦੁਪਹਿਰ ਤੱਕ ਨਦੀ ਵਿੱਚੋਂ ਕੱਢ ਦਿੱਤਾ ਗਿਆ ਸੀ।

# ਟ੍ਰੈਵਿਸ ਸਕਾਟ ਕਰਨਗੇ ਐਸਟ੍ਰੋਵਰਲਡ ਮਿਊਜ਼ਿਕ ਫੈਸਟੀਵਲ ਦੇ ਪੀੜਤਾਂ ਦੀ ਫਿਊਨਰਲ ਦਾ ਖਰਚਾ




**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕੀ ਕਲਾਕਾਰ ਟ੍ਰੈਵਿਸ ਸਕਾਟ ਪਿਛਲੇ ਦਿਨੀਂ ਹਿਊਸਟਨ ਵਿੱਚ ਐਸਟ੍ਰੋਵਰਲਡ ਫੈਸਟੀਵਲ ਵਿੱਚ ਮਰਨ ਵਾਲੇ 8 ਲੋਕਾਂ ਦੀ ਫਿਊਨਰਲ ਲਈ ਭੁਗਤਾਨ ਕਰਨਗੇ ਅਤੇ ਇਸ ਦੁਖਾਂਤ ਦੁਆਰਾ ਪ੍ਰਭਾਵਿਤ ਲੋਕਾਂ ਨੂੰ ਮੁਫਤ ਮਾਨਸਿਕ ਸਿਹਤ ਦੇਖਭਾਲ ਅਤੇ ਵਾਧੂ ਸਹਾਇਤਾ ਦੀ ਵੀ ਪੇਸ਼ਕਸ਼ ਕੀਤੀ ਜਾਵੇਗੀ। ਇਸ ਗੱਲ ਦੀ ਪੁਸ਼ਟੀ ਸਕਾਟ ਦੀ ਪ੍ਰਬੰਧਨ ਟੀਮ ਦੁਆਰਾ ਸੋਮਵਾਰ ਨੂੰ ਕੀਤੀ ਗਈ। ਟ੍ਰੈਵਿਸ ਸਕਾਟ ਜੋ ਕਿ ਇੱਕ ਰੈਪਰ ਹੈ ਇਹਨਾਂ ਸੇਵਾਵਾਂ ਲਈ ਆਪਣੀ ਜੇਬ ਵਿੱਚੋਂ ਭੁਗਤਾਨ ਕਰੇਗਾ । ਸਕਾਟ (30) ਨੂੰ ਉਸਦੇ ਮਿਊਜ਼ਿਕ ਫੈਸਟੀਵਲ ਦੌਰਾਨ ਵਾਪਰੇ ਇਸ ਦੁਖਾਂਤ ਲਈ ਵਿਆਪਕ ਨਿੰਦਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖਮੀ ਹੋ ਗਏ ਸਨ।

ਇਸ ਮਾਮਲੇ ਸਬੰਧੀ ਸਕਾਟ ਨੇ ਕਿਹਾ ਹੈ ਕਿ ਉਹ ਜੋ ਵਾਪਰਿਆ ਉਸ ਤੋਂ ਬਹੁਤ ਦੁਖੀ ਹੈ ਅਤੇ ਇਸ ਦੁਖਾਂਤ ਤੋਂ ਪ੍ਰਭਾਵਿਤ ਲੋਕਾਂ ਨੂੰ ਲਾਇਸੰਸਸ਼ੁਦਾ ਥੈਰੇਪਿਸਟ ਦੇ ਨਾਲ ਮੁਫਤ ਸੈਸ਼ਨ ਦੀ ਪੇਸ਼ਕਸ਼ ਕਰਨ ਲਈ ਅਤੇ ਹੋਰ ਸਹਾਇਤਾ ਲਈ ਆਪਣੀ ਵਚਨਬੱਧਤਾ ਲੈ ਰਿਹਾ ਹੈ।

# ਅਮਰੀਕਾ 'ਚ ਕੋਵਿਡ ਯਾਤਰਾ ਪਾਬੰਦੀਆਂ ਹਟਾਏ ਜਾਣ ਨਾਲ ਲੰਬੇ ਅਰਸੇ ਬਾਅਦ ਹੋਏ ਪਰਿਵਾਰਾਂ ਦੇ ਮੇਲ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕਾ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਲਗਾਈਆਂ ਕੋਰੋਨਾ ਪਾਬੰਦੀਆਂ ਜੋ ਕਿ ਪ੍ਰਸਾਸ਼ਨ ਦੁਆਰਾ ਸੋਮਵਾਰ ਤੋਂ ਹਟਾਈਆਂ ਗਈਆਂ ਹਨ। ਤਕਰੀਬਨ 20 ਮਹੀਨਿਆਂ ਬਾਅਦ ਹਟੀਆਂ ਯਾਤਰਾ ਪਾਬੰਦੀਆਂ ਤੋਂ ਬਾਅਦ ਅਮਰੀਕਾ ਦੀਆਂ ਏਅਰਪੋਰਟਾਂ, ਜ਼ਮੀਨੀ ਸਰਹੱਦਾਂ ਆਦਿ 'ਤੇ ਲੰਬੇ ਅਰਸੇ ਬਾਅਦ ਪਰਿਵਾਰਾਂ ਦੇ ਮੇਲ ਹੋਏ ਹਨ। ਅਮਰੀਕਾ ਵਿੱਚ ਖਾਸਕਰ ਜੇ ਐਫ ਕੇ ਹਵਾਈ ਅੱਡੇ 'ਤੇ ਲੋਕਾਂ ਨੇ ਆਪਣੇ ਅਜ਼ੀਜ਼ਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਪੂਰੇ ਯੂਰਪ ਤੋਂ ਭੀੜ ਭਰੀਆਂ ਉਡਾਣਾਂ ਅਮਰੀਕੀ ਧਰਤੀ 'ਤੇ ਉਤਰੀਆਂ ਜਦਕਿ ਦਿਨ ਭਰ ਕੈਨੇਡਾ ਅਤੇ ਮੈਕਸੀਕੋ ਦੇ ਜ਼ਮੀਨੀ ਬਾਰਡਰ ਰਾਹੀਂ ਵੀ ਕਾਰਾਂ ਦੀਆਂ ਮੀਲਾਂ ਲੰਮੀਆਂ ਲਾਈਨਾਂ ਲੱਗੀਆਂ ਰਹੀਆਂ। ਟਰੰਪ ਪ੍ਰਸ਼ਾਸਨ ਦੁਆਰਾ ਪਹਿਲੀ ਵਾਰ ਮਾਰਚ 2020 ਵਿੱਚ ਲਗਾਈਆਂ ਗਈਆਂ ਗੰਭੀਰ ਯਾਤਰਾ ਪਾਬੰਦੀਆਂ ਨੇ ਕਈ ਦੇਸ਼ਾਂ ਤੋਂ ਯਾਤਰਾ ਕਰਨ ਵਾਲੇ ਗੈਰ-ਯੂਐਸ ਨਾਗਰਿਕਾਂ ਤੱਕ ਪਹੁੰਚ 'ਤੇ ਪਾਬੰਦੀ ਲਗਾ ਦਿੱਤੀ ਸੀ, ਜਿਸ ਵਿੱਚ ਜ਼ਿਆਦਾਤਰ ਯੂਰਪ, ਮੈਕਸੀਕੋ, ਕੈਨੇਡਾ ਅਤੇ ਹੋਰ ਦੇਸ਼ਾਂ ਦੀ ਐਂਟਰੀ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਨਵੇਂ ਨਿਯਮਾਂ ਤਹਿਤ ਸੋਮਵਾਰ ਨੂੰ ਪੂਰੀ ਤਰ੍ਹਾਂ ਟੀਕਾਕਰਨ ਵਾਲੇ ਯਾਤਰੀਆਂ ਨੂੰ ਦੁਬਾਰਾ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ, ਜਿਸ ਨਾਲ ਸੈਲਾਨੀ ਲੰਬੇ ਸਮੇਂ ਤੋਂ ਯਾਤਰਾ ਦਾ ਇੰਤਜ਼ਾਰ ਕਰ ਰਹੇ ਵਿਦੇਸ਼ੀ ਪਰਿਵਾਰਕ ਮੈਂਬਰ ਆਪਣੇ ਅਜ਼ੀਜ਼ਾਂ ਨਾਲ ਦੁਬਾਰਾ ਮਿਲਣ ਦੇ ਯੋਗ ਹੋਏ।




# ਐਸਟ੍ਰੋਵਰਲਡ ਮਿਊਜ਼ਿਕ ਫੈਸਟੀਵਲ ਹਾਦਸੇ ਲਈ ਟ੍ਰੈਵਿਸ ਸਕਾਟ ਅਤੇ ਡਰੇਕ 'ਤੇ ਕੀਤਾ ਮੁਕੱਦਮਾ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕੀ ਸਟੇਟ ਟੈਕਸਾਸ ਦੇ ਹਿਊਸਟਨ ਵਿੱਚ ਪਿਛਲੇ ਦਿਨੀਂ ਭੀੜ ਵਿਚਕਾਰ ਮੱਚੀ ਭਗਦੜ ਕਾਰਨ ਘੱਟੋ ਘੱਟ ਅੱਠ ਲੋਕ ਮਾਰੇ ਗਏ ਸਨ। ਇਸ ਲਈ ਇਸ ਤਿਉਹਾਰ ਵਿੱਚ ਸ਼ਾਮਲ ਹੋਏ ਇੱਕ ਵਿਅਕਤੀ ਨੇ ਕਲਾਕਾਰ ਟ੍ਰੈਵਿਸ ਸਕਾਟ ਅਤੇ ਡਰੇਕ ਦੇ ਖਿਲਾਫ ਇੱਕ ਸਿਵਲ ਮੁਕੱਦਮਾ ਦਾਇਰ ਕੀਤਾ ਹੈ ਅਤੇ ਮੁਕੱਦਮੇ ਦੇ ਅਨੁਸਾਰ, ਹਿੰਸਾ ਨੂੰ ਲਾ-ਪਰਵਾਹੀ ਨਾਲ ਭੜਕਾਉਣ ਲਈ ਰੈਪਰਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇਸ ਮੁਕੱਦਮੇ ਵਿੱਚ 1 ਮਿਲੀਅਨ ਡਾਲਰ ਦੇ ਹਰਜ਼ਾਨੇ ਦੀ ਮੰਗ ਕੀਤੀ ਗਈ ਹੈ। ਇਸਦੇ ਨਾਲ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਫੈਸਟੀਵਲ ਸਥਾਨ ਅਤੇ ਮਨੋਰੰਜਨ ਕੰਪਨੀ ਲਾਈਵ ਨੇਸ਼ਨ ਐਸਟ੍ਰੋਵਰਲਡ ਫੈਸਟੀਵਲ 'ਤੇ ਲੋੜੀਂਦੀ ਸੁਰੱਖਿਆ ਅਤੇ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲ ਰਹੀ ਹੈ। ਮੁਕੱਦਮੇ ਵਿੱਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਸਕਾਟ, ਜਿਸ ਨੇ 2018 ਵਿੱਚ ਇਸ ਫੈਸਟੀਵਲ ਦੀ ਸਥਾਪਨਾ ਕੀਤੀ ਸੀ, ਨੇ ਹਫੜਾ-ਦਫੜੀ ਨੂੰ ਭੜਕਾਇਆ ਸੀ। ਹਾਲਾਂਕਿ ਸਕਾਟ ਅਤੇ ਡਰੇਕ ਨੇ ਮੁਕੱਦਮੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਸ਼ਨੀਵਾਰ ਨੂੰ ਆਪਣੇ ਇੱਕ ਬਿਆਨ ਵਿੱਚ, ਸਕਾਟ ਨੇ ਇਸ ਹਾਦਸੇ ਨੂੰ ਬਹੁਤ ਦੁਖਦਾਇਕ ਦੱਸਿਆ ਅਤੇ ਅਫਸੋਸ ਪ੍ਰਗਟ ਕੀਤਾ।



# ਅਮਰੀਕਾ ਵਿੱਚ ਪੰਜਾਬੀ ਮੂਲ ਦੇ ਵਿਅਕਤੀ ਨੇ ਵਧਾਇਆ ਸਿੱਖ ਭਾਈਚਾਰੇ ਦਾ ਮਾਣ



**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕਾ ਵਿੱਚ ਪੰਜਾਬੀ ਮੂਲ ਖਾਸਕਰ ਸਿੱਖ ਭਾਈਚਾਰੇ ਨਾਲ ਸਬੰਧਿਤ ਲੋਕਾਂ ਨੇ ਮਾਣਮੱਤੇ ਅਹੁਦੇ ਪ੍ਰਾਪਤ ਕੀਤੇ ਹਨ । ਜਿਸ ਦੀ ਲੜੀ ਤਹਿਤ ਇੱਕ ਸਿੱਖ ਨੌਜਵਾਨ ਨੇ ਸਿਟੀ ਕੌਂਸਲ ਮੈਂਬਰ ਬਣਕੇ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਹ ਸਨਮਾਨ ਅਮਰੀਕੀ ਸਟੇਟ ਕਨੈਕਟੀਕਟ ਦੇ ਸ਼ਹਿਰ ਨੌਰਵਿਚ ਦੇ ਪੰਜਾਬੀ ਸਿੱਖ ਡੈਮੋਕਰੇਟ ਸਵਰਨਜੀਤ ਸਿੰਘ ਖਾਲਸਾ ਨੂੰ ਪ੍ਰਾਪਤ ਹੋਇਆ ਹੈ। ਪੰਜਾਬ ਦੇ ਜਲੰਧਰ ਨਾਲ ਸਬੰਧ ਰੱਖਣ ਵਾਲੇ ਸਵਰਨਜੀਤ ਸਿੰਘ ਕਨੈਕਟੀਕਟ ਰਾਜ ਦੀ ਸਿਟੀ ਕੌਂਸਲ ਲਈ ਚੁਣੇ ਗਏ ਪਹਿਲੇ ਸਿੱਖ ਵਿਅਕਤੀ ਬਣੇ ਹਨ। ਆਪਣੀ ਇਸ ਉਪਲੱਬਧੀ 'ਤੇ ਬੋਲਦਿਆਂ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ ਕਿ ਉਸ ਨੂੰ ਭਾਰਤੀ ਪਰਿਵਾਰਾਂ, ਹੈਤੀਆਈ ਭਾਈਚਾਰੇ ਅਤੇ ਹੋਰਾਂ ਤੋਂ ਬਹੁਤ ਸਮਰਥਨ ਮਿਲਿਆ। ਬੁੱਧਵਾਰ ਨੂੰ ਨਵੇਂ ਚੁਣੇ ਗਏ ਸਿਟੀ ਕੌਂਸਲ ਮੈਂਬਰ ਨੂੰ ਲੈਫਟੀਨੈਂਟ ਗਵਰਨਰ ਸੂਜ਼ਨ ਬਾਈਸੀਵਿਜ਼ ਵੱਲੋਂ ਵੀ ਇੱਕ ਵਧਾਈ ਸ਼ੰਦੇਸ ਦੇ ਨਾਲ ਮੁਬਾਰਕਬਾਦ ਦਿੱਤੀ ਗਈ।

ਸਿੱਖ ਕੁਲੀਸ਼ਨ ਐਡਵੋਕੇਸੀ ਗਰੁੱਪ ਦੇ ਅਨੁਸਾਰ, ਤਕਰੀਬਨ 500,000 ਦੇ ਕਰੀਬ ਸਿੱਖ ਅਮਰੀਕਾ ਵਿੱਚ ਰਹਿੰਦੇ ਹਨ ਅਤੇ ਸਵਰਨਜੀਤ ਸਿੰਘ ਦੇ ਅਨੁਮਾਨ ਅਨੁਸਾਰ ਨੌਰਵਿਚ ਵਿੱਚ ਕੁੱਲ ਮਿਲਾ ਕੇ ਲਗਭਗ 10 ਸਿੱਖ ਪਰਿਵਾਰ ਹਨ ਪਰ ਉਸਦੀ ਉਮੀਦਵਾਰੀ ਪੂਰੇ ਸ਼ਹਿਰ ਦੀ ਵਿਭਿੰਨਤਾ 'ਚ ਏਕਤਾ ਨੂੰ ਦਰਸਾਉਂਦੀ ਹੈ।

# ਗਲਾਸਗੋ: ਰੋਸ ਪ੍ਰਦਰਸ਼ਨ ਦੌਰਾਨ 20 ਤੋਂ ਵੱਧ ਕਾਰਕੁੰਨਾਂ ਨੂੰ ਕੀਤਾ ਗ੍ਰਿਫਤਾਰ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**- ਗਲਾਸਗੋ ਵਿੱਚ ਸ਼ਨੀਵਾਰ ਨੂੰ ਕੋਪ 26 ਦੌਰਾਨ ਵਿਸ਼ਵ ਭਰ ਦੇ ਹਜ਼ਾਰਾਂ ਜਲਵਾਯੂ ਕਾਰਕੁੰਨਾਂ ਵੱਲੋਂ ਕੱਢੇ ਗਏ ਵਿਸ਼ਾਲ ਪ੍ਰਦਰਸ਼ਨ ਦੌਰਾਨ ਪੁਲਿਸ ਦੁਆਰਾ 20 ਤੋਂ ਵੱਧ ਕਾਰਕੁੰਨਾਂ ਨੂੰ ਗ੍ਰਿਫਤਾਰ ਕੀਤਾ ਗਿਆ । ਇਸ ਸਬੰਧੀ ਸਕਾਟਲੈਂਡ ਦੇ ਪੁਲਿਸ ਮੁਖੀ ਅਨੁਸਾਰ ਜਲਵਾਯੂ ਨਿਆਂ ਲਈ ਕੱਢੇ ਮਾਰਚ ਵਿੱਚ ਤਕਰੀਬਨ 100,000 ਤੋਂ ਵੱਧ ਲੋਕਾਂ ਨੂੰ ਗਲਾਸਗੋ ਦੀਆਂ ਸੜਕਾਂ 'ਤੇ ਵੇਖਿਆ ਗਿਆ। ਇਹ ਮਾਰਚ ਬਹੁਤ ਹੱਦ ਤੱਕ ਬਿਨਾਂ ਕਿਸੇ ਘਟਨਾ ਦੇ ਸਾਂਤੀਪੂਰਵਕ ਪੂਰਾ ਹੋਇਆ ਹਾਲਾਂਕਿ ਇਸ ਦੌਰਾਨ ਕੁੱਝ ਗ੍ਰਿਫਤਾਰੀਆਂ ਕੀਤੀਆਂ ਗਈਆਂ। ਅਸਿਸਟੈਂਟ ਚੀਫ ਕਾਂਸਟੇਬਲ ਗੈਰੀ ਰਿਚੀ ਨੇ ਖੁਲਾਸਾ ਕੀਤਾ ਕਿ ਪ੍ਰਦਰਸ਼ਨ ਦੌਰਾਨ 22 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਬਾਅਦ ਵਿੱਚ ਛੱਡ ਦਿੱਤਾ ਗਿਆ ਸੀ। ਇਸ ਮਾਰਚ ਦੌਰਾਨ ਪੁਲਿਸ ਸਿਰਫ ਦੋ ਵੱਡੀਆਂ ਘਟਨਾਵਾਂ ਵਿੱਚ ਸ਼ਾਮਲ ਸੀ, ਜਿਸ ਕਾਰਨ ਪੁਲਿਸ ਅਧਿਕਾਰੀ ਪ੍ਰਦਰਸ਼ਨਕਾਰੀਆਂ ਨਾਲ ਉਲਝਦੇ ਰਹੇ। ਪ੍ਰੋਟੈਸਟ ਰਿ-ਮੂਵਲ ਟੀਮ ਦੇ ਨਾਲ ਬਰੂਮੀਲਾਅ ਵਿਖੇ ਕਿੰਗ ਜਾਰਜ ੜ ਬ੍ਰਿਜ 'ਤੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਅਫਸਰਾਂ ਨੂੰ ਬੋਲਟ ਕਟਰ ਦੀ ਵਰਤੋਂ ਕਰਨੀ ਪਈ ਅਤੇ ਬਾਅਦ ਵਿੱਚ ਰਿਹਾਅ ਕੀਤੇ ਜਾਣ ਤੋਂ ਪਹਿਲਾਂ 21 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਕਿ ਇੱਕ ਦੂਜੀ ਘਟਨਾ ਵਿੱਚ ਇੱਕ ਸਮੂਹ ਨੂੰ ਪੁਲਿਸ ਦੁਆਰਾ ਕਾਬੂ ਕਰ ਲਿਆ ਗਿਆ, ਜਦੋਂ ਉਹਨਾਂ ਨੇ ਆਤਿਸ਼ਬਾਜੀ ਉਪਕਰਣਾਂ ਦੀ ਵਰਤੋਂ ਕੀਤੀ ਅਤੇ ਮਾਰਚ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਜਿਸ ਕਾਰਨ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਮੁਖੀ ਨੇ ਪ੍ਰਦਰਸ਼ਨਕਾਰੀਆਂ ਦੇ ਸਹਿਯੋਗੀ ਰਵੱਈਏ ਅਤੇ ਆਪਣੇ ਅਫਸਰਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਯੂਥ ਮਾਰਚ ਅਤੇ ਜਲਵਾਯੂ ਮਾਰਚ ਦੋਵਾਂ ਵਿੱਚ ਸ਼ਾਮਲ ਹੋਣ ਵਾਲੇ ਬਹੁਤ ਸਾਰੇ ਲੋਕਾਂ ਦਾ ਧੰਨਵਾਦ ਕੀਤਾ।



## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਭਾਰਤੀ ਮੂਲ ਦੇ ਸਿੱਖ ਆਗੂ ਰਵੀ ਭੱਲਾ ਹੋਬੋਕਨ ਸ਼ਹਿਰ ਦੇ ਮੁੜ ਨਿਰਵਿਰੋਧ ਮੇਅਰ ਚੁਣੇ ਗਏ

**ਸੈਕਰਾਮੈਂਟੋ 6 ਨਵੰਬਰ–** ਭਾਰਤੀ ਮੂਲ ਦੇ ਅਮਰੀਕੀ ਰਵੀ ਭੱਲਾ ਉਰਫ ਰਵਿੰਦਰ ਸਿੰਘ ਭੱਲਾ ਦੂਸਰੀ ਵਾਰ ਹੋਬੋਕਨ (ਨਿਊਜਰਸੀ) ਦੇ ਨਿਰਵਿਰੋਧ ਮੇਅਰ ਚੁਣੇ ਗਏ ਹਨ। ਭੱਲਾ ਪਹਿਲੇ ਭਾਰਤੀ ਮੂਲ ਦੇ ਅਮਰੀਕੀ ਸਿੱਖ ਹਨ ਜੋ ਨਿਊਜਰਸੀ ਦੇ ਸ਼ਹਿਰ ਹੋਬੋਕਨ ਦੇ ਦੂਸਰੀ ਵਾਰ ਨਿਰਵਿਰੋਧ ਮੇਅਰ ਦੇ ਅਹੁੱਦੇ ਲਈ ਚੁਣੇ ਗਏ ਹਨ। ਇਸ ਤੋਂ ਪਹਿਲਾਂ ਭੱਲਾ ਹੋਬੋਕਨ ਦੇ ਤਿੰਨ ਵਾਰ ਕੌਂਸਲਰ ਰਹਿ ਚੁੱਕੇ ਹਨ। 2017 ਵਿਚ ਉਹ ਪਹਿਲੀ ਵਾਰ ਸਾਬਕਾ ਮੇਅਰ ਡਾਨ ਜ਼ਿਮਰ ਦੀ ਹਮਾਇਤ ਨਾਲ ਮੇਅਰ ਚੁਣੇ ਗਏ ਸਨ। ਉਨਾਂ ਦੇ ਨਾਲ ਉਨਾਂ ਦੇ ਤਿੰਨ ਸਾਥੀ ਜਿਮ ਡਾਇਲ, ਐਮਿਟੀ ਜਾਬੋਰ ਤੇ ਜੋਇ ਕੁਇਨਟਰੋ ਵੀ ਹੋਬੋਕਨ ਦੇ ਕੌਂਸਲਰ ਵਜੋਂ ਆਪਣੀਆਂ ਸੀਟਾਂ ਜਿੱਤਣ ਵਿੱਚ





ਸਫਲ ਰਹੇ। ਇਥੇ ਜਿਕਰਯੋਗ ਹੈ ਕਿ ਭੱਲਾ ਨੇ ਕੌਂਸਲਰ ਵਜੋਂ ਸ਼ਹਿਰ ਦੇ ਵਿਕਾਸ ਲਈ ਸਿਰਤੋੜ ਯਤਨ ਕੀਤੇ। ਉਨਾਂ ਨੇ ਹਰਿਆਵਲ ਵਾਲੇ ਖੇਤਰ ਵਿਚ 8 ਏਕੜ ਦਾ ਵਾਧਾ ਕੀਤਾ। ਸ਼ਹਿਰ ਲਈ ਪਾਣੀ ਵਾਲੇ ਵੱਡੇ ਟੈਂਕਾਂ ਦਾ ਪ੍ਰਬੰਧ ਕੀਤਾ ਜਿਨਾਂ ਵਿਚ 5000 ਲੱਖ ਗੈਲਨ ਪਾਣੀ ਦਾ ਭੰਡਾਰ ਕੀਤਾ ਜਾ ਸਕਦਾ ਹੈ। ਬਾਰਿਸ਼ ਦਾ ਪਾਣੀ ਇਨਾਂ ਟੈਂਕਾਂ ਵਿਚ ਭਰਿਆ ਜਾਂਦਾ ਹੈ ਤੇ ਪਾਣੀ ਨੂੰ ਸਾਫ ਕਰਨ ਉਪਰੰਤ ਮੁੜ ਨਾਲ ਲੱਗਦੇ ਹਡਸਨ ਦਰਿਆ ਵਿਚ ਪਾ ਦਿੱਤਾ ਜਾਂਦਾ ਹੈ। ਭੱਲਾ ਨੇ ਦੱਸਿਆ ਕਿ ਅਸੀਂ ਸ਼ਹਿਰ ਨੂੰ ਹੜ ਦਾ ਮੁਕਾਬਲਾ ਕਰਨ ਦੇ ਸਮਰਥ ਬਣਾਇਆ ਹੈ। ਹੋਬੋਕਨ ਸ਼ਹਿਰ ਦੀ ਕੁਲ ਆਬਾਦੀ 55000 ਹੈ ਤੇ ਇਹ ਸ਼ਹਿਰ ਮੈਨਹਟਨ, ਨਿਊਯਾਰਕ ਤੋਂ ਦਰਿਆ ਪਾਰ ਇਕ ਵਰਗ ਕਿਲੋਮੀਟਰ ਵਿਚ ਵੱਸਿਆ ਹੋਇਆ ਹੈ। ਭੱਲਾ ਆਪਣੀ ਪਤਨੀ ਨਵਨੀਤ ਜੋ ਮਨੁੱਖੀ ਹੱਕਾਂ ਬਾਰੇ ਵਕੀਲ ਹੈ, ਸਣੇ ਦੋ ਬੱਚਿਆਂ ਨਾਲ ਹੋਬੋਕਨ ਸ਼ਹਿਰ ਵਿਚ ਰਹਿ ਰਹੇ ਹਨ।

# ਨਿਊਯਾਰਕ ਦੇ ਪੁਲਿਸ ਤੇ ਅੱਗ ਬੁਝਾਊ ਵਿਭਾਗ ਨੂੰ ਛੱਡ ਕੇ 20 ਯੂਨੀਅਨਾਂ ਨਾਲ ਕੋਵਿਡ ਟੀਕਾਕਰਨ ਬਾਰੇ ਬਣੀ ਸਹਿਮਤੀ

**ਸੈਕਰਾਮੈਂਟੋ 6 ਨਵੰਬਰ)–** ਨਿਊਯਾਰਕ ਸ਼ਹਿਰ ਦੇ ਮੇਅਰ ਪ੍ਰਸ਼ਾਸਨ ਤੇ 20 ਯੂਨੀਅਨਾਂ ਵਿਚਾਲੇ ਕੋਵਿਡ-19 ਤੋਂ ਬਚਾ ਲਈ ਟੀਕਕਰਣ ਕਰਵਾਉਣ ਦੇ ਮੁੱਦੇ 'ਤੇ ਸਹਿਮਤੀ ਬਣ ਗਈ ਹੈ ਤੇ ਇਸ ਸਬੰਧੀ ਇਕ ਸਮਝੌਤੇ ਉਪਰ ਦੋਨਾਂ ਧਿਰਾਂ ਨੇ ਦਸਤਖਤ ਕੀਤੇ ਹਨ ਪਰੰਤੂ ਪੁਲਿਸ ਵਿਭਾਗ ਤੇ ਅੱਗ ਬੁਝਾਊ ਵਿਭਾਗ ਦੀਆਂ ਯੂਨੀਅਨਾਂ ਨਾਲ ਸਹਿਮਤੀ ਨਹੀਂ ਬਣ ਸਕੀ। ਇਹ ਜਾਣਕਾਰੀ ਸਪੋਕਸਪਰਸਨ ਲੌਰਾ ਫੇਯਰ ਨੇ ਦਿੱਤੀ ਹੈ। ਹੋਏ ਸਮਝੌਤੇ ਅਨੁਸਾਰ ਧਾਰਮਿਕ ਜਾਂ ਡਾਕਟਰੀ ਆਧਾਰ 'ਤੇ ਮੁਲਾਜ਼ਮ ਟੀਕਾਕਰਣ ਤੋਂ ਛੋਟ ਦੀ ਮੰਗ ਕਰ ਸਕਦੇ ਹਨ ਪਰ ਉਨਾਂ ਨੂੰ ਨਿਰੰਤਰ ਕੋਵਿਡ-19 ਟੈਸਟ ਕਰਵਾਉਣਾ ਪਵੇਗਾ। ਇਨਾਂ 20 ਯੂਨੀਅਨਾਂ ਦੇ ਤਕਰੀਬਨ 96000 ਮੁਲਾਜ਼ਮ ਮੈਂਬਰ ਹਨ। ਲੌਰਾ ਫੇਯਰ ਨੇ ਕਿਹਾ ਹੈ ਕਿ ਸ਼ਹਿਰ ਦਾ ਪ੍ਰਸ਼ਾਸਨ ਬਾਕੀ ਯੂਨੀਅਨਾਂ ਨਾਲ ਵੀ ਸਮਝੌਤੇ ਵਾਸਤੇ ਗੱਲਬਾਤ ਕਰ ਰਿਹਾ ਹੈ।

# ਕੈਲੀਫੋਰਨੀਆ ਦੇ ਗੁਰੂ ਘਰਾਂ ਸਮੇਤ ਵੱਖ ਵੱਖ ਥਾਵਾਂ 'ਤੇ ਬੰਦੀ ਛੋੜ ਦਿਵਸ ਤੇ ਦਿਵਾਲੀ ਸ਼ਾਨਦਾਰ ਢੰਗ ਨਾਲ ਮਨਾਈ ਗਈ

**ਸੈਕਰਾਮੈਂਟੋ 6 ਨਵੰਬਰ)–** ਕੋਵਿਡ19 ਮਹਾਮਾਰੀ ਦੇ 2 ਸਾਲ ਬਾਅਦ ਘਟੇ ਪ੍ਰਕੋਪ ਉਪਰੰਤ ਭਾਰਤੀ ਮੂਲ ਦੇ ਅਮਰੀਕੀਆਂ ਖਾਸ ਕਰਕੇ ਪੰਜਾਬੀਆਂ ਨੇ ਬੰਦੀ ਛੋੜ ਦਿਵਸ ਤੇ ਦਿਵਾਲੀ ਦਾ ਤਿਓਹਾਰ ਗੁਰੂ ਘਰਾਂ ਤੇ ਮੰਦਿਰਾਂ ਵਿਚ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ। ਕੈਲੀਫੋਰਨੀਆ ਦੇ ਯੂਬਾ ਸਿਟੀ, ਮੋਡੈਸਟੋ, ਸੀਰਸ, ਫਰਜ਼ਿਨੋ, ਸੈਕਰਾਮੈਂਟੋ ਸਮੇਤ ਵੱਖ ਵੱਖ ਗੁਰੂ ਘਰਾਂ ਵਿਚ ਸੰਗਤਾਂ ਨੇ ਮੱਥਾ ਟੇਕਿਆ ਤੇ ਦੀਵੇ ਜਗਾਏ। ਸੰਗਤਾਂ ਨੇ ਇਕ ਦੂਸਰੇ ਨੂੰ ਦਿਵਾਲੀ ਦੀਆਂ ਮੁਬਾਰਕਾਂ ਦਿੱਤੀਆਂ।

ਨਿਊਯਾਰਕ ਦੇ ਟਾਈਮਜ਼ ਚੌਕ ਵਿਚ ਹਜਾਰਾਂ ਲੋਕਾਂ ਨੇ ਇਕੱਠੇ ਹੋ ਕੇ ਰੌਸ਼ਨੀਆਂ ਦਾ ਤਿਓਹਾਰ ਦਿਵਾਲੀ ਮਨਾਈ। ਸਭ ਤੋਂ ਪਹਿਲਾਂ ਦੀਵੇ ਜਗਾਉਣ ਦੀ ਰਸਮ ਹੋਈ। ਉਪਰੰਤ ਗੀਤ ਸੰਗੀਤ ਦਾ ਪ੍ਰੋਗਰਾਮ ਹੋਇਆ। ਇਸ ਇਕੱਠ ਵਿਚ ਉੱਚ ਪੱਧਰ ਦੇ ਸਰਕਾਰੀ ਅਧਿਕਾਰੀ, ਕਾਰੋਬਾਰੀ ਤੇ ਹੋਰ ਅਹਿਮ ਸਖਸ਼ੀਅਤਾਂ ਵੀ ਸ਼ਾਮਿਲ ਹੋਈਆਂ। ਸਮਾਗਮ ਨੂੰ ਨਿ-



ਊਯਾਰਕ ਵਿਚਲੇ ਭਾਰਤੀ ਕੌਂਸਲ ਜਨਰਲ ਰੰਧੀਰ ਜੈਸਵਾਲ, ਨਿਊਯਾਰਕ ਦੇ ਗਵਰਨਰ ਕੈਥਲੀਨ ਕੋਰਟਨੀ ਹੋਚੁਲ, ਯੂ ਐਸ ਸੈਨੇਟਰ ਚਾਰਲਸ ਸ਼ੂਮਰ, ਸਟੇਟ ਸੈਨੇਟਰ ਜੌਹਨ ਲਿਓ ਤੇ ਹੋਰਨਾਂ ਨੇ ਸੰਬੋਧਿਤ ਕੀਤਾ। ਈਵੈਂਟਗੁਰੂ ਇੰਕ ਦੇ ਪ੍ਰਧਾਨ ਨੀਟਾ ਭਾਸੀਨ ਨੇ ਕਿਹਾ ਕਿ ਇਹ ਤਿਓਹਾਰ ਗਿਆਨ ਦੀ ਅਗਿਆਨਤਾ ਉਪਰ ਤੇ ਨੇਕੀ ਦੀ ਬਦੀ ਉਪਰ ਜਿੱਤ ਦਾ ਸੰਦੇਸ਼ ਦਿੰਦਾ ਹੈ ਤੇ ਅਮਨ, ਪਿਆਰ , ਏਕਤਾ ਤੇ ਇਕਜੁੱਟਤਾ ਦਾ ਪ੍ਰਤੀਕ ਹੈ। ਇਸ ਮੌਕੇ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਹੋਰ ਕਲਾਕਾਰਾਂ ਤੋਂ ਇਲਾਵਾ ਸਪਰਸ਼ ਸ਼ਾਹ, ਸਵੈ ਭਾਟੀਆ, ਚੂਜਨ ਕਰਿਊ ਇੰਟਰਨੈਸ਼ਨਲ ਗਰੁੱਪ ਦੇ ਕਾਲਕਾਰਾਂ, ਜਿਕਾਰੀਆ ਭੈਣਾਂ ਤੇ ਡੀ ਜੇ ਐਸ਼ ਨੇ ਭਰਪੂਰ ਮਨੋਰੰਜਨ ਕੀਤਾ। ਰੰਗਾ ਰੰਗ ਪ੍ਰੋਗਰਾਮ ਦੀ ਸਮਾਪਤੀ ਪ੍ਰਸਿੱਧ ਕੌਮਾਂਤਰੀ ਕਲਾਕਾਰ ਜੇ ਸੀਨ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਹੋਈ।

# ਭਾਰਤੀ ਮੂਲ ਦੇ ਅਮਰੀਕੀ ਸੈਮ ਜੋਸ਼ੀ ਨੇ ਐਡੀਸਨ ਦੇ ਮੇਅਰ ਦੀ ਚੋਣ ਜਿੱਤੀ



**ਸੈਕਰਾਮੈਂਟੋ 5 ਨਵੰਬਰ)–** ਭਾਰਤੀ ਮੌਲ ਦੇ ਅਮਰੀਕੀ ਰਾਜਸੀ ਆਗੂ ਸਮੀਪ ਸੈਮ ਜੋਸ਼ੀ ਨੇ ਐਡੀਸਨ ,ਨਿਊਜਰਸੀ, ਦੇ ਮੇਅਰ ਦੀ ਚੋਣ ਜਿੱਤ ਲਈ ਹੈ। ਡੈਮੋਕਰੈਟਿਕ ਆਗੂ ਜੋਸ਼ੀ ਇਸ ਸਮੇ ਐਡੀਸਨ ਟਾਊਨਸ਼ਿੱਪ ਕੌਂਸਲ ਦੇ ਉੱਪ ਪ੍ਰਧਾਨ ਹਨ। ਜੋਸ਼ੀ ਨੇ ਰਿਪਬਲੀਕਨ ਆਗੂ ਕੀਥ ਹਾਨ ਤੇ ਆਜ਼ਾਦ ਉਮੀਦਵਾਰ ਕ੍ਰਿਸੋਟ ਮਕਰੋਪੋਲੋਸ ਨੂੰ ਹਰਾਇਆ। ਗੈਰ ਸਰਕਾਰੀ ਨਤੀਜਿਆਂ ਅਨੁਸਾਰ ਜੋਸ਼ੀ ਨੂੰ 10930 ਤੇ ਹਾਨ ਨੂੰ 9459 ਵੋਟਾਂ ਪਈਆਂ। ਮਕਰੋਪੋਲੋਸ ਨੂੰ ਕੇਵਲ 301 ਵੋਟਾਂ ਮਿਲੀਆਂ। ਜੋਸ਼ੀ ਅਗਲੇ ਸਾਲ ਪਹਿਲੀ ਜਨਵਰੀ ਨੂੰ ਡੈਮੋਕਰੈਟਿਕ ਮੇਅਰ ਥਾਮਸ ਲੰਕੇਅ ਦੀ ਥਾਂ ਲੈਣਗੇ। ਲੰਕੇਅ ਨੇ ਦੁਬਾਰਾ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਸੀ।

# ਜਾਰਜੀਆ ਵਿਚ ਭਾਰਤੀ ਮੂਲ ਦਾ ਪੁਲਿਸ ਅਧਿਕਾਰੀ ਗੋਲੀ ਵੱਜਣ ਨਾਲ ਗੰਭੀਰ ਜ਼ਖਮੀ

**ਸੈਕਰਾਮੈਂਟੋ 9 ਨਵੰਬਰ–** ਜਾਰਜੀਆ ਦੇ ਮੈਕਡੌਨੋਘ ਖੇਤਰ ਵਿਚ ਭਾਰਤੀ ਮੂਲ ਦਾ ਪੁਲਿਸ ਅਧਿਕਾਰੀ ਘਰੇਲੂ ਝਗੜੇ ਸਬੰਧੀ ਆਏ ਫੋਨ ਉਪਰ ਕਾਰਵਾਈ ਕਰਦਿਆਂ ਮੌਕੇ ਉਪਰ ਪੁੱਜਾ ਤਾਂ ਇਕ ਵਿਅਕਤੀ ਨੇ ਉਸ ਉਪਰ ਗੋਲੀਆਂ ਚਲਾ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਸਥਾਨਕ ਕਾਊਂਟੀ ਪੁਲਿਸ ਮੁੱਖੀ ਰਿਗਨਾਲਡ ਸਕੈਂਡਰਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਹੈ ਕਿ 38 ਸਾਲਾ ਪੁਲਿਸ ਅਧਿਕਾਰੀ ਪਰਮਹੰਸ ਦੇਸਾਈ ਨੇ ਮੈਕਡੌਨੋਘ ਵਿਖੇ ਘਰੇਲੂ ਝਗੜੇ ਵਿਚ ਕਾਰਵਾਈ ਕਰਦਿਆਂ ਜਦੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਯਤਨ ਕੀਤਾ ਤਾਂ ਉਸ ਨੇ ਬੰਦੂਕ ਨਾਲ ਦੇਸਾਈ ਉਪਰ ਗੋਲੀ ਚਲਾ ਦਿੱਤੀ ਤੇ ਕਾਰ ਵਿਚ ਫਰਾਰ ਹੋ ਗਿਆ। ਲਾਅ ਇਨਫੋਰਸਮੈਂਟ ਏਜੰਸੀਆਂ ਨੇ ਦੋਸ਼ੀ ਦੀ ਗ੍ਰਿਫਤਾਰ ਵਿਚ ਮੱਦਦ ਕਰਨ ਵਾਸਤੇ



25000 ਡਾਲਰ ਦਾ ਇਨਾਮ ਰਖਿਆ ਹੈ। ਪ੍ਰਸਿੱਧ ਬਾਸਕਟਬਾਲ ਖਿਡਾਰੀ ਸ਼ਕੁਇਲ ਓ ਨੀਲ ਜੋ ਇਸ ਕਸਬੇ ਵਿਚ ਹੀ ਰਹਿੰਦਾ ਹੈ ਨੇ ਵੀ ਦੋਸ਼ੀ ਨੂੰ ਗ੍ਰਿਫਤਾਰ ਕਰਨ ਵਿੱਚ ਸਹਾਇਤਾ ਕਰਨ ਵਾਲੇ ਵਿਅਕਤੀ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਨੇ ਕਥਿੱਤ ਦੋਸ਼ੀ ਦੀ ਪਛਾਣ ਜੋਰਡਨ ਜੈਕਸਨ ਵਜੋਂ ਕੀਤੀ ਹੈ। ਪੁਲਿਸ ਮੁੱਖੀ ਸਕੈਂਡਰਟ ਨੇ ਕਿਹਾ ਹੈ ਕਿ ਦੋਸ਼ੀ ਨੂੰ ਛੇਤੀ ਹੀ ਗ੍ਰਿਫਤਾਰ ਕਰਕੇ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ। ਜ਼ਖਮੀ ਪੁਲਿਸ ਅਧਿਕਾਰੀ ਦੇਸਾਈ ਦੀ ਹਾਲਤ ਗੰਭੀਰ ਬਣੀ ਹੋਈ ਹੈ।


ਉਹ ਪਿਛਲੇ 17 ਸਾਲਾਂ ਤੋਂ ਲਾਅ ਇਨਫੋਰਸਮੈਂਟ ਏਜੰਸੀ ਵਿਚ ਕੰਮ ਕਰ ਰਿਹਾ ਹੈ। ਉਹ ਵਿਆਹਿਆ ਹੋਇਆ ਹੈ ਤੇ ਉਸ ਦੇ ਦੋ ਛੋਟੇ-ਛੋਟੇ ਬੱਚੇ ਹਨ।

# 2021 ਦੌਰਾਨ ਅਮਰੀਕਾ ਦੇ 22 ਸ਼ਹਿਰਾਂ ਵਿਚ ਹੱਤਿਆਵਾਂ ਵਿੱਚ ਹੋਇਆ ਵਾਧਾ

**ਸੈਕਰਾਮੈਂਟੋ 9 ਨਵੰਬਰ–** ਅਮਰੀਕਾ ਵਿਚ ਹੱਤਿਆਵਾਂ ਦਾ ਸਿਲਸਲਾ ਨਹੀਂ ਰੁਕ ਰਿਹਾ। ਹਰ ਸਾਲ ਪਿਛਲੇ ਸਾਲ ਦੀ ਤੁਲਨਾ ਵਿਚ ਹੱਤਿਆਵਾਂ ਦੇ ਮਾਮਲੇ ਵਧ ਰਹੇ ਹਨ। 2021 ਦੇ ਪਹਿਲੇ 9 ਮਹੀਨਿਆਂ ਦੌਰਾਨ ਅਮਰੀਕਾ ਵਿਚ ਹੱਤਿਆਵਾਂ ਵਿੱਚ ਵਾਧਾ ਹੋਇਆ ਹੈ ਹਾਲਾਂ ਕਿ ਇਹ ਵਾਧਾ ਜਾਰਜ ਫਲਾਇਡ ਦੀ ਹੱਤਿਆ ਤੋਂ ਬਾਅਦ 2019 ਵਿਚ ਹੱਤਿਆਵਾਂ ਵਿਚ ਹੋਏ ਰਿਕਾਰਡ ਵਾਧੇ ਦੀ ਤੁਲਨਾ ਵਿਚ ਘੱਟ ਹੈ। ਕ੍ਰਿਮੀਨਲ ਜਸਟਿਸ ਵਿੱਚ ਛੱਪੀ ਇਕ ਰਿਪੋਰਟ ਅਨੁਸਾਰ 2021 ਦੇ ਪਹਿਲੇ 9 ਮਹੀਨਿਆਂ ਦੌਰਾਨ 2020 ਦੇ ਇਸੇ ਸਮੇਂ ਦੀ ਤਲਨਾ ਵਿਚ ਅਮ-ਰੀਕਾ ਦੇ 22 ਸ਼ਹਿਰਾਂ ਵਿਚ ਹੱਤਿਆਵਾਂ ਵਿੱਚ 4% ਦਾ ਵਾਧਾ ਦਰਜ ਹੋਇਆ ਹੈ। ਰਿਪੋਰਟ ਅਨੁਸਾਰ ਜਨਵਰੀ ਤੋਂ ਸਤੰਬਰ ਤੱਕ126 ਹੋਰ ਹੱਤਿਆਵਾਂ ਦੇ ਮਾਮਲੇ ਦਰਜ ਹੋਏ ਹਨ। ਰਿਪੋਰਟ ਅਨੁਸਾਰ 2019 ਦੇ ਇਸੇ ਸਮੇਂ ਦੌਰਾਨ ਇਨਾਂ ਹੀ 22 ਸ਼ਹਿਰਾਂ ਵਿਚ 36% ਵਧ ਹੱਤਿਆਵਾਂ ਦੇ ਮਾਮਲੇ ਦਰਜ ਹੋਏ ਸਨ। ਰਿਪੋਰਟ ਅਨੁਸਾਰ 2021 ਦੀ ਪਹਿਲੀ ਛਿਮਾਹੀ ਦੌਰਾਨ ਇਸ ਤੋਂ ਪਿਛਲੇ ਸਾਲ ਦੀ ਇਸੇ ਛਿਮਾਹੀ ਦੀ ਤੁਲਨਾ ਵਿਚ 16% ਹੱਤਿਆਵਾਂ ਵਧ ਹੋਈਆਂ ਹਨ। ਜਦ ਕਿ 2019 ਦੀ ਤੁਲਨਾ ਵਿਚ 2020 ਦੌਰਾਨ 25% ਹੱਤਿਆਵਾਂ ਵਧ ਹੋਈਆਂ ਹਨ।

# ਦੁਨੀਆ ਦੇ ਚੋਟੀ ਦੇ 5 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ 'ਚ ਦਿੱਲੀ ਨੰਬਰ ਵੰਨ

**ਨਵੀਂ ਦਿੱਲੀ –**ਦੁਨੀਆ ਦੇ ਸਭ ਤੋਂ ਖ਼ਰਾਬ ਹਵਾ ਦੀ ਗੁਣਵੱਤਾ ਵਾਲੇ ਚੋਟੀ ਦੇ ਪੰਜ ਸ਼ਹਿਰਾਂ ਭਾਰਤ ਦੀ ਰਾਜਧਾਨੀ ਦਿੱਲੀ ਪਹਿਲੇ, ਪਾਕਿਸਤਾਨ ਦਾ ਲਾਹੌਰ ਸ਼ਹਿਰ ਦੁਨੀਆ ਦੇ ਸਭ ਤੋਂ ਖ਼ਰਾਬ ਹਵਾ ਦੀ ਗੁਣਵੱਤਾ ਵਾਲੇ ਚੋਟੀ ਦੇ ਪੰਜ ਸ਼ਹਿਰਾਂ 'ਚੋਂ ਦੂਜੇ ਨੰਬਰ 'ਤੇ ਹੈ, ਪਾਕਿ ਦੇ ਕਿਰਗਿਸਤਾਨ ਦਾ ਬਿਸ਼ਕੇਕ ਤੀਜੇ ਸਥਾਨ 'ਤੇ ਹੈ, ਇਸ ਸੂਚੀ ਵਿੱਚ ਕੋਲਕਾਤਾ ਚੌਥਾ ਅਤੇ ਚੀਨ ਦਾ ਬੀਜਿੰਗ ਪੰਜਵਾਂ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ । ਇਸ ਬਾਰੇ ਜਾਰੀ ਰਿਪੋਰਟ ਦੇ ਅਨੁਸਾਰ ਲਾਹੌਰ 'ਚ ਕਣਾਂ



ਦੀ ਰੇਟਿੰਗ 188 ਦਰਜ ਕੀਤੀ ਗਈ ਹੈ, ਜੋ ਕਿ ਹਵਾ ਦੀ ਗੁਣਵੱਤਾ ਦੀ 'ਗੈਰ-ਸਿਹਤਮੰਦ' ਸ਼੍ਰੇਣੀ ਹੈ । ਸੰਯੁਕਤ ਰਾਜ ਦੀ ਵਾਤਾਵਰਨ ਸੁਰੱਖਿਆ ਏਜੰਸੀ ਹਵਾ ਦੀ ਗੁਣਵੱਤਾ ਨੂੰ ਉਸ ਵੇਲੇ ਤਸੱਲੀਬਖ਼ਸ਼ ਮੰਨਦੀ ਹੈ ਜਦੋਂ ਹਵਾ ਗੁਣਵੱਤਾ ਸੂਚਕਾਂਕ 50 ਤੋਂ ਘੱਟ ਹੁੰਦਾ ਹੈ । ਵਾਤਾਵਰਨ ਮਾਹਿਰਾਂ ਨੇ ਪ੍ਰਦੂਸ਼ਣ ਲਈ ਪਰਾਲੀ ਨੂੰ ਸਾੜਨ ਤੋਂ ਇਲਾਵਾ ਟਰਾਂਸਪੋਰਟ ਸੈਕਟਰ ਅਤੇ ਉਦਯੋਗਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ । ਲਾਹੌਰ 'ਚ ਹਵਾ ਦੀ ਖ਼ਰਾਬ ਗੁਣਵੱਤਾ ਨੂੰ ਲੈ ਕੇ ਪਾਕਿ ਮਾਹਿਰਾਂ ਦਾ ਕਹਿਣਾ ਹੈ ਇਸ ਪ੍ਰਦੂਸ਼ਣ 'ਚ ਸਿਹਤਮੰਦ ਰਹਿਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ ਅਤੇ ਲਾਹੌਰ 'ਚ ਵੱਸਣ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਨੂੰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ । ਇਸ ਤੋਂ ਪਹਿਲਾਂ ਇਸ ਵਰ੍ਹੇ ਮਾਰਚ 'ਚ ਆਈ। ਕਿਉ ਏਅਰ ਗਲੋਬਲ ਕੁਆਲਿਟੀ ਰਿਪੋਰਟ 'ਚ ਪਾਕਿਸਤਾਨ ਨੂੰ ਦੁਨੀਆ ਦਾ ਦੂਜਾ ਸਭ ਤੋਂ ਪ੍ਰਦੂਸ਼ਿਤ ਦੇਸ਼ ਐਲਾਨਿਆ ਗਿਆ ਸੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ 29 ਤੋਂ ਸੰਸਦ ਵੱਲ ਮਾਰਚ ਕਰਨ ਦਾ ਐਲਾਨ

**ਨਵੀਂ ਦਿੱਲੀ (ਬਿਊਰੋ)–** ਸੰਯੁਕਤ ਕਿਸਾਨ ਮੋਰਚਾ ਦੀ ਅੱਜ ਸਿੰਘੂ ਬਾਰਡਰ ਵਿਖੇ ਹੋਈ ਮੀਟਿੰਗ ਦੌਰਾਨ 26 ਨਵੰਬਰ ਨੂੰ ਦਿੱਲੀ ਦੇ ਕਿਸਾਨ ਮੋਰਚਿਆਂ ’ਚ ਇਤਿਹਾਸਕ ਕਿਸਾਨ ਸੰਘਰਸ਼ ਦੀ ਪਹਿਲੀ ਵਰ੍ਹੇਗੰਢ ਵੱਡੇ ਪੱਧਰ ’ਤੇ ਮਨਾਉਣ ਦਾ ਫੈਸਲਾ ਕਰਦਿਆਂ 29 ਨਵੰਬਰ ਨੂੰ ਸੰਸਦ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਮੋਰਚੇ ਨੇ ਕਿਸਾਨਾਂ ਨੂੰ ਵੱਡੀ ਗਿਣਤੀ ’ਚ ਦਿੱਲੀ ਦੇ ਕਿਸਾਨ-ਮੋਰਚਿਆਂ ’ਤੇ ਪਹੁੰਚਣ ਦੇ ਨਾਲ-ਨਾਲ ਦੇਸ਼-ਭਰ ’ਚ ਵੀ ਸੂਬਾ ਪੱਧਰੀ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ। ਮੋਰਚੇ ਵੱਲੋਂ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ 26 ਨਵੰਬਰ ਸੰਵਿਧਾਨ ਦਿਵਸ ਵੀ ਹੈ, ਜਿਸ ਦਿਨ 1949 ਵਿੱਚ ਸੰਵਿਧਾਨ ਸਭਾ ਦੁਆਰਾ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਗਿਆ ਸੀ। ਮੋਰਚੇ ਮੁਤਾਬਕ 26 ਨਵੰਬਰ ਨੂੰ ਪਿਛਲੇ ਸਾਲ ਮਜ਼ਦੂਰ ਵਰਗ ਦੁਆਰਾ ਕੀਤੀ ਗਈ ਆਲ ਇੰਡੀਆ ਹੜਤਾਲ ਦਾ ਇੱਕ ਸਾਲ ਵੀ ਹੈ। 29 ਨਵੰਬਰ ਨੂੰ ਦਿੱਲੀ ਵਿੱਚ



ਸੰਸਦ ਦਾ ਸਰਦ ਰੁੱਤ ਸੈਸ਼ਨ ਸ਼ੁਰੂ ਹੋਵੇਗਾ ਤੇ ਇਸ ਸੰਸਦ ਸੈਸ਼ਨ ਦੀ ਸਮਾਪਤੀ ਤੱਕ 500 ਚੁਣੇ ਹੋਏ ਕਿਸਾਨ ਵਾਲੰਟੀਅਰ ਹਰ ਰੋਜ਼ ਟਰੈਕਟਰ ਟਰਾਲੀਆਂ ਵਿੱਚ ਸ਼ਾਂਤੀਪੂਰਵਕ ਤੇ ਪੂਰੇ ਅਨੁਸ਼ਾਸਨ ਨਾਲ ਸੰਸਦ ਵੱਲ ਜਾਣਗੇ ਤਾਂ ਜੋ ਇਸ ਅੜੀਅਲ, ਅਸੰਵੇਦਨਸ਼ੀਲ, ਵਿਰੋਧੀ ’ਤੇ ਦਬਾਅ ਵਧਾਇਆ ਜਾ ਸਕੇ।

ਮੋਰਚੇ ਅਨੁਸਾਰ 26 ਨਵੰਬਰ ਨੂੰ ਦਿੱਲੀ ਦੀਆਂ ਸਾਰੀਆਂ ਸਰਹੱਦਾਂ ’ਤੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਰਾਜਸਥਾਨ ਤੋਂ ਭਾਰੀ ਲਾਮਬੰਦੀ ਹੋਵੇਗੀ। ਉੱਥੇ ਵੱਡੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਕਿਸਾਨ-ਅੰਦੋਲਨ ਦੇ 650 ਦੇ ਕਰੀਬ ਸ਼ਹੀਦ ਹੋਏ ਕਿਸਾਨਾਂ ਸ਼ਰਧਾਂਜਲੀ ਦਿੱਤੀ ਜਾਵੇਗੀ। 26 ਨਵੰਬਰ ਨੂੰ ਭਾਰਤ ਦੇ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ, ਖੇਤ ਮਜ਼-ਦੂਰਾਂ, ਔਰਤਾਂ, ਨੌਜਵਾਨਾਂ ਤੇ ਵਿਦਿਆਰਥੀਆਂ ਦੁਆਰਾ ਵਿਸ਼ਾਲ ਸੰਯੁਕਤ ਰਾਜ ਵਿਆਪੀ ਐਕਸ਼ਨ ਦਾ ਸੱਦਾ ਦਿੱਤਾ ਹੈ, ਜੋ (ਉਕਤ ਰਾਜਾਂ ਨੂੰ ਛੱਡ ਕੇ) ਦਿੱਲੀ ਦੀਆਂ ਸਰਹੱਦਾਂ ’ਤੇ ਲਾਮਬੰਦ ਹੋਣਗੇ।

ਦੇਸ਼ ਦੁਆਬਾ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ



**Ronki Ram**
Shaheed Bhagat Singh Chair
Professor of Political Science
Panjab University, Chandigarh 160014, India
E-mail: ronkiram@yahoo.co.in
Visiting Professor, Centre for Sikh and Panjabi Studies
University of Wolverhampton (UK)

ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾ ਹੈ। ਬਾਬਾ ਨਾਨਕ ਦੇ ਜੀਵਨ ਕਾਲ (1469-1539) ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ-ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚੱਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ 'ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਨ ਕੀਤਾ।

ਰਾਜਾ ਦਾਹਰ ਤੋਂ 600 ਸਾਲ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਸਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲੀ ਸੋਨੇ ਦੀ ਕੇਵਲ ਇਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ-ਚੱਲਦੇ ਜੋ ਆਰਥਿਕ ਤੇ ਰਾਜਨੀਤਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲ ਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ ਤਾਂ ਦੂਸਰੇ ਪਾਸੇ ਸਮਾਜਿਕ ਤੌਰ 'ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜਾਂ ਡੂੰਘੀਆਂ ਹੁੰਦੀਆਂ ਗਈਆਂ। ਜਿੱਥੇ ਜਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉੱਥੇ ਪਾਖੰਡਵਾਦ ਨੇ ਨਵੇਂ-ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਸਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਸਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾ ਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਜ਼ਰੀਏ ਤੁੱਛ ਦੁਨਿਆਵੀ ਉਪਲੱਬਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ ਹੈ। ਇਹ ਸਾਰਾ ਸਮਾਂ ਤਕਰੀਬਨ ਡੇਢ ਹਜ਼ਾਰ ਸਾਲ ਬਣਦਾ ਹੈ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਬਾਬਾ ਨਾਨਕ ਜੀ ਨੇ ਆਪਣੀ ਬਾਣੀ ਤੇ ਆਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾ ਕੇ ਇਕੋ ਏਕਮ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿੱਤ ਆਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਤ ਨਹੀਂ ਸੀ। ਉਨ੍ਹਾਂ ਨੇ ਦੂਰ-ਦੁਰਾਡੇ ਦੇਸ਼ ਵਿਦੇਸ਼ ਵਿਚ ਆਪਣੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਉਨ੍ਹਾਂ ਦੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਉਨ੍ਹਾਂ ਨੇ ਅਨੇਕ ਵਿਦਵਾਨਾਂ, ਵੱਖ-ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੱਚੇ ਮਾਰਗ 'ਤੇ ਪਹਿਰਾ ਦਿੱਤਾ। ਦੇਸ਼-ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ 'ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਆਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਸਦੀ ਸੂਝ ਤੇ ਸੇਧ ਮਿਲਦੀ ਹੈ। ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ- ਜਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।



ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜਾਤਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜਾਤਪਾਤ ਆਪਣੀ ਹੋਂਦ ਤੋਂ ਮੁਨਕਰ ਹੋਣ ਦਾ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜਾਤਪਾਤ ਵਾਲੀ ਮਨੁੱਖੀ ਵੰਡ ਨੂੰ ਸਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਨ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜਾਤਪਾਤੀ ਵੰਡ 'ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ-ਭਰਪੂਰ ਸਮਾਜ ਅਧਿਆਤਮਕ ਪੱਧਰ 'ਤੇ ਉਸ ਇਕ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਸ ਨਾਲ ਜੋ ਵਸੇਵਾ ਕਰੇਗਾ; ਉੱਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਉਨ੍ਹਾਂ ਨੇ ਭਾਈ ਲਾਲੋ ਦੀ ਰੁੱਖੀ-ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਸਨੂੰ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇਕੋ ਲੜੀ ਵਿਚ ਪਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ - ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ - ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਸਨੂੰ ਨੀਵਾਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ 'ਤੇ ਨਿੱਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇੱਥੇ ਜਾਤ ਸਿੱਧੇ ਤੌਰ 'ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਸਨੂੰ ਨੀਵੀਂ ਜਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਆਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ-ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਦੇ ਆਧਾਰ 'ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜਾਤ ਦੇ ਵਿਤਕਰੇ ਤੋਂ ਉੱਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਗੁਰੂਆਂ ਨੇ ਜਿਸ ਸੁਚੱਜੇ ਢੰਗ ਨਾਲ ਜਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਸਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਜੇ ਅੱਜ ਦੇ ਸਮਾਜ ਵਿਚ ਜਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਆਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਕਾਰਨ ਇਸ ਸਮਾਜਿਕ ਬੁਰਾਈ ਨੂੰ ਪੂਰਨ ਤੌਰ 'ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜਾਤ ਨਾਮ 'ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜਾਤਪਾਤ ਵਾਲੇ ਸਮਾਜ ਤੋਂ ਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀ ਹੈ।

ਬਾਬੇ ਨਾਨਕ ਦੇ ਸਮਾਜਿਕ ਸੁਧਾਰ ਤੇ ਅਰਥ-ਭਰਪੂਰ ਜੀਵਨ ਜਿਉਣ ਦਾ ਜਾਚ ਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਸਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਇਸਤਰੀ ਹੀ ਭਾਈਚਾਰੇ ਤੇ ਸੱਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਸਨੂੰ ਅੱਗੇ ਵਧਾਉਂਦੀ ਹੈ। ਉਹ ਇਸਤਰੀ ਦੇ ਸਨਮਾਨ ਦੀ ਗੱਲ ਤੋਰਦੇ ਫਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ: ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਉਨ੍ਹਾਂ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹਉਂਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਆਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜਾਤਪਾਤ ਦੇ ਆਧਾਰ 'ਤੇ ਨੀਵੀਂਆਂ ਜਾਤਾਂ ਨਾਲ ਸਬੰਧਿਤ ਇਨਸਾਨਾਂ ਨਾਲ ਮਤਭੇਦਾਂ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ-ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂ ਦੇ ਆਰੰਭੇ ਸਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ।

ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਸਦਾ ਮਾਰਗ ਨਿਰਧਾਰਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁਖ ਨਾ ਹੁੰਦੇ ਹੋਏ ਉਸਨੂੰ ਅਧਿਆਤਮਵਾਦ ਦੇ ਨਾਲ-ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ। ਭਗਤੀ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ-ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲਦਾ; ਗ੍ਰਹਿਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚੱਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਸਦੀ ਲੋਕ ਤੇ ਪਰਲੋਕ ਦੋਵਾਂ 'ਚ ਉਸਤਤ ਹੁੰਦੀ ਹੈ।

ਬਾਬਾ ਨਾਨਕ ਸੌੜੀ ਰਾਜਨੀਤੀ 'ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ 'ਰਾਜੇ ਸੀਹ ਮੁਕਦਮ ਕੁਤੇ' ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ। ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂ ਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।

**

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਵਿਧਾਨ ਸਭਾ ਇਜਲਾਸ- ਪਹਿਲੇ ਦਿਨ ਲਖੀਮਪੁਰ ਦੇ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ

## ਚੰਨੀ ਸਰਕਾਰ ਕਰ ਰਹੀ ਹੈ ਧੜਾਧੜ ਰਿਆਇਤਾਂ ਦੇ ਐਲਾਨ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਦੇ ਦੋ ਰੋਜ਼ਾ ਵਿਸ਼ੇਸ਼ ਇਜਲਾਸ ਨੂੰ ਸ਼ੁਰੂਆਤੀ ਦਿਨ ’ਚ ਵਿੱਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੇ ਜਾਣ ਮਗਰੋਂ ਹੀ ਮੁਲਤਵੀ ਕਰ ਦਿੱਤਾ ਗਿਆ। ਅੱਜ ਸਦਨ ’ਚ ਲਖੀਮਪੁਰ ਖੀਰੀ ’ਚ ਸ਼ਹੀਦ ਹੋਏ ਚਾਰ ਕਿਸਾਨਾਂ ’ਤੇ ਇੱਕ ਪੱਤਰਕਾਰ ਤੋਂ ਇਲਾਵਾ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਮਜ਼ਦੂਰਾਂ ਨੂੰ ਵੀ ਸ਼ਰਧਾ ਭੇਟ ਕੀਤੀ ਗਈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ।ਪੀ। ਸਿੰਘ ਵੱਲੋਂ ਸ਼ੋਕ ਮਤੇ ਪੜ੍ਹੇ ਗਏ ਅਤੇ ਸਦਨ ਨੇ ਦੋ ਮਿੰਟ ਮੌਨ ਧਾਰ ਕੇ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਭੇਟ ਕੀਤੀ। ਸਦਨ ਦੇ ਪਹਿਲੇ ਦਿਨ ਸਿਰਫ਼ ਅੱਠ ਮਿੰਟ ਹੀ ਕਾਰਵਾਈ ਚੱਲੀ। ਸਦਨ ਹੁਣ ਮੁੜ 11 ਨਵੰਬਰ ਨੂੰ ਜੁੜੇਗਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਸਦਨ ਦੇ ਨੇਤਾ ਦੇ ਤੌਰ ’ਤੇ ਇਹ ਪਹਿਲਾ ਸੈਸ਼ਨ ਹੈ ਅਤੇ ਅੱਜ ਚੰਨੀ ਮੱਥਾ ਟੇਕ ਕੇ ਸਦਨ ਵਿਚ ਦਾਖਲ ਹੋਏ। ਆਗਾਮੀ ਚੋਣਾਂ ਤੋਂ ਪਹਿਲਾਂ ਹੋ ਰਹੇ ਇਸ ਸੈਸ਼ਨ ਵਿਚ ਸਰਕਾਰ ਕਈ ਅਹਿਮ ਬਿੱਲ ਵੀ ਲਿਆ ਰਹੀ ਹੈ। ਇਸੇ ਦੌਰਾਨ ਅੱਜ ਬਿਜਨੈੱਸ ਐਡਵਾਈਜ਼ਰੀ ਕੌਂਸਲ ਦੀ ਮੀਟਿੰਗ ਵੀ ਰੱਦ ਕਰ ਦਿੱਤੀ ਗਈ। ਅੱਜ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਗੈਰਹਾਜ਼ਰ ਰਹੇ। ਵਿਸ਼ੇਸ਼ ਇਜਲਾਸ ਦੌਰਾਨ 11 ਨਵੰਬਰ ਨੂੰ ਕੇਂਦਰ ਸਰਕਾਰ ਵੱਲੋਂ ਬੀ।ਐਸ।ਐਫ ਦਾ ਪੰਜਾਬ ’ਚ ਅਧਿਕਾਰ ਖੇਤਰ 15 ਕਿਲੋਮੀਟਰ ਤੋਂ 50 ਕਿਲੋਮੀਟਰ ਕਰਨ ਦੇ ਫੈਸਲੇ ਖ਼ਿਲਾਫ਼ ਮਤਾ ਪਾਸ ਕੀਤਾ ਜਾਵੇਗਾ।

**ਪੰਜਾਬ ਵਿਚ ਤੇਲ ਹੋਇਆ ਸਸਤਾ**

ਪੰਜਾਬ ਸਰਕਾਰ ਨੇ ਪੰਜਾਬ ਵਾਸੀਆਂ ਨੂੰ ਦੀਵਾਲੀ



ਦਾ ਤੋਹਫ਼ਾ ਦਿੰਦੇ ਹੋਏ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ‘ਚ ਵੱਡੀ ਰਾਹਤ ਦਿੱਤੀ ਹੈ। ਐਤਵਾਰ ਨੂੰ ਹੋਈ ਕੈਬਨਿਟ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਚੰਨੀ ਨੇ ਪ੍ਰੈੱਸ ਕਾਨਫਰੰਸ ਕਰ ਕੇ ਵੱਡਾ ਐਲਾਨ ਕੀਤਾ। ਉਨ੍ਹਾਂ ਪੈਟਰੋਲ 10 ਰੁਪਏ ਤੇ ਡੀਜ਼ਲ 5 ਰੁਪਏ ਸਸਤਾ ਹੋਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉੱਤਰੀ ਭਾਰਤ ਵਿਚ ਪੰਜਾਬ ‘ਚ ਸਭ ਤੋਂ ਸਸਤਾ ਹੋਵੇਗਾ ਪੈਟਰੋਲ। ਉਨ੍ਹਾਂ ਕਿਹਾ ਕਿ ਜਦੋਂ ਦੀ ਪੰਜਾਬ ਸਰਕਾਰ ਬਣੀ ਹੈ, ਉਦੋਂ ਤੋਂ ਲੈ ਕੇ ਹੁਣ ਤਕ ਉਨ੍ਹਾਂ ਨੇ ਅਜਿਹਾ ਵੱਡਾ ਫ਼ੈਸਲਾ ਲੈਂਦੇ ਹੋਏ ਨਹੀਂ ਦੇਖਿਆ। ਉਨ੍ਹਾਂ ਕਿਹਾ ਕਿ ਅਜਿਹੀ ਕਟੌਤੀ 20 ਸਾਲਾਂ ਵਿਚ ਪਹਿਲੀ ਵਾਰ ਦੇਖੀ ਹੈ। ਉਨ੍ਹਾਂ ਕਿਹਾ ਕਿ ਬੀਜੇਪੀ ਨੇ ਲੋਕਾਂ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ 18 ਮਹੀਨਿਆਂ ਵਿਚ ਡੀਜ਼ਲ ਦਾ ਰੇਟ 61 ਰੁਪਏ ਤੋਂ 98।50 ਰੁਪਏ ਹੋ ਗਿਆ ਹੈ। ਇਸ ਤਰ੍ਹਾਂ ਬੀਜੇਪੀ ਵੱਲੋਂ ਪੰਜਾਬ ਦੇ ਲੋਕਾਂ ਦੀ ਲੁੱਟ ਕੀਤੀ ਗਈ ਹੈ ਜਿਹੜੀ ਪਹਿਲਾਂ ਕਦੇ ਨਹੀਂ ਹੋਈ। ਤੇਲ ਕੀਮਤਾਂ ਉਪਰ ਬੀਜੇਪੀ ਸਰਕਾਰ ਦਾ ਕੋਈ ਕੰਟਰੋਲ ਨਹੀਂ ਰਿਹਾ ਤੇ ਇਸ ਨੇ ਪੂਰੇ ਦੇਸ਼ ਦੀ ਜਨਤਾ ਨੂੰ ਲੁੱਟਿਆ। ਰੇਟ ਪਹਿਲਾਂ 30-30 ਰੁਪਏ ਵਧਾ ਕੇ 5 ਰੁਪਏ ਘਟਾ ਦਿੱਤੇ ਤੇ ਵਾਹ-ਵਾਹ ਖੱਟਣੀ ਚਾਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਰੇਟ ਨਹੀਂ ਐਕਸਾਈਜ਼ ਡਿਊਟੀ ਘਟਾਈ ਹੈ। ਉਨ੍ਹਾਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਵੀ ਧੰਨਵਾਦ ਕੀਤਾ।

ਉਨ੍ਹਾਂ ਦੱਸਿਆ ਕਿ ਕੈਬਨਿਟ ਮੀਟਿੰਗ ‘ਚ ਹੋਰ ਵੀ ਕਈ ਵੱਡੇ ਫ਼ੈਸਲੇ ਲਏ ਗਏ ਹਨ ਪਰ ਬਾਕੀਆਂ ਬਾਰੇ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਵਿਚ ਦੱਸਿਆ ਜਾਵੇਗਾ।ਉਨ੍ਹਾਂ ਕਿਹਾ ਕਿ ਨਵੰਬਰ 1986 ‘ਚ ਜ਼ਿਮੀਦਾਰਾਂ ਫਿਲਿੰਗ ਸਟੇਸ਼ਨ ‘ਤੇ ਕੰਮ ਕੀਤਾ ਤੇ ਅੱਜ ਤਕ ਉਨ੍ਹਾਂ ਨੇ ਪੈਟਰੋਲ ‘ਚ ਏਨੀ ਵੱਡੀ ਕਟੌਤੀ ਨਹੀਂ ਦੇਖੀ। ਉਨ੍ਹਾਂ ਪੰਜਾਬ ਵਾਸੀਆਂ ਨੂੰ ਕਿਹਾ ਕਿ ਉਹ ਇਸ ਨੂੰ ਦੀਵਾਲੀ ਦਾ ਤੋਹਫ਼ਾ ਸਮਝਣ ਤੇ ਅੱਗੇ ਹੋਰ ਵੀ ਤੋਹਫ਼ੇ ਮਿਲਣਗੇ। ਉਨ੍ਹਾਂ ਕਿਹਾ ਕਿ ਬਿਜਲੀ-ਪਾਣੀ ਸਸਤੇ ਕਰਨ ਤੋਂ ਬਾਅਦ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ‘ਚ ਵੀ ਕਟੌਤੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰੇਕ ਪਾਰਟੀ ਦੇ ਲੋਕ ਪੰਜਾਬ ਦੇ ਬਾਸ਼ਿੰਦੇ ਹਨ।

ਕੈਬਨਿਟ ਮੀਟਿੰਗ ਤੋਂ ਇਕ ਦਿਨ ਪਹਿਲਾਂ ਅਕਾਲੀ ਦਲ ਵੱਲੋਂ ਚੰਨੀ ਦੀ ਕੋਠੀ ਘੇਰਨ ਨੂੰ ਉਨ੍ਹਾਂ ਨੇ ਸਿਆਸੀ ਡਰਾਮਾ ਕਰਾਰ ਦਿੱਤਾ। 20 ਸਾਲਾਂ ‘ਚ ਪਹਿਲੀ ਵਾਰ ਹੋਇਆ ਹੈ ਕਿ ਹਰਿਆਣੇ ਨਾਲੋਂ ਪੰਜਾਬ ‘ਚ ਤੇਲ ਸਸਤਾ ਹੋਵੇਗਾ। ਹਰਿਆਣਾ ਨਾਲੋਂ ਪੰਜਾਬ ‘ਚ ਪੈਟਰੋਲ 3 ਰੁਪਏ ਤੇ ਦਿੱਲੀ ਨਾਲੋਂ ਪੰਜਾਬ ‘ਚ ਪੈਟਰੋਲ 9 ਰੁਪਏ ਸਸਤਾ ਹੋ ਗਿਆ ਹੈ।

# 10ਵੀਂ ਤੱਕ ਸਾਰੇ ਸਕੂਲਾਂ ਵਿਚ ਪੰਜਾਬੀ ਲਾਜ਼ਮੀ

**ਚੰਡੀਗੜ੍ਹ** -ਸੂਬੇ ਦੇ ਸਕੂਲਾਂ 'ਚ ਪਹਿਲੀ ਤੋਂ 10ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਸਖ਼ਤੀ ਨਾਲ ਲਾਗੂ ਕਰਨ ਲਈ ਪੰਜਾਬ ਮੰਤਰੀ ਮੰਡਲ ਨੇ 'ਪੰਜਾਬੀ ਤੇ ਹੋਰ ਭਾਸ਼ਾਵਾਂ ਸਿੱਖਿਆ ਬਾਰੇ ਪੰਜਾਬ ਐਕਟ-2008' ਵਿਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਕਦਮ ਨਾਲ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਨ 'ਤੇ ਜੁਰਮਾਨਾ ਰਾਸ਼ੀ 25,000, 50,000 ਤੇ 1 ਲੱਖ ਤੋਂ ਵਧਾ ਕੇ ਕ੍ਰਮਵਾਰ 50,000, 1 ਲੱਖ ਰੁਪਏ ਤੇ 2 ਲੱਖ ਰੁਪਏ ਹੋ ਜਾਵੇਗੀ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਮੁਤਾਬਕ ਕੋਈ ਵੀ ਸਕੂਲ ਜਿਹੜਾ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਨਿਯਮਾਂ ਦੀ ਇਕ ਮਹੀਨੇ ਤੋਂ ਵੱਧ ਸਮੇਂ ਲਈ ਪਹਿਲੀ ਵਾਰ ਉਲੰਘਣਾ ਕਰੇਗਾ, ਉਹ 50 ਹਜ਼ਾਰ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ। ਜੇਕਰ ਅਜਿਹਾ ਸਕੂਲ ਐਕਟ ਦੇ ਉਪਬੰਧਾਂ ਤੇ ਇਸ ਅਧੀਨ ਬਣਾਏ ਨਿਯਮਾਂ ਦੀ ਇਕ ਮਹੀਨੇ ਤੋਂ ਵੱਧ ਸਮੇਂ ਲਈ ਦੂਜੀ ਵਾਰ ਉਲੰਘਣਾ ਕਰੇਗਾ ਤਾਂ ਉਹ 1 ਲੱਖ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ ਤੇ ਜੇਕਰ ਅਜਿਹਾ ਸਕੂਲ ਐਕਟ ਦੇ ਉਪਬੰਧਾਂ ਤੇ ਇਸ ਅਧੀਨ ਬਣਾਏ ਨਿਯਮਾਂ ਦੀ 1 ਮਹੀਨੇ ਤੋਂ ਵੱਧ ਸਮੇਂ ਲਈ ਤੀਜੀ ਵਾਰ ਉਲੰਘਣਾ ਕਰੇਗਾ ਤਾਂ ਉਹ 2 ਲੱਖ ਰੁਪਏ ਜੁਰਮਾਨੇ ਦਾ ਭਾਗੀ ਹੋਵੇਗਾ।

ਮੰਤਰੀ ਮੰਡਲ ਵਲੋਂ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ-2008 ਦੀ ਧਾਰਾ 8 (ਡੀ) ਅਧੀਨ ਧਾਰਾ 8 (3) ਨੂੰ ਸ਼ਾਮਿਲ ਕਰਕੇ ਐਕਟ 'ਚ ਸੋਧ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ, ਜਿਸ ਤਹਿਤ ਦਫਤਰੀ ਕੰਮਕਾਜ ਪੰਜਾਬੀ ਭਾਸ਼ਾ ਵਿਚ ਨਾ ਕਰਨ ਵਾਲੇ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ ਸਜ਼ਾ ਤੋਂ ਇਲਾਵਾ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਪੰਜਾਬ ਰਾਜ ਭਾਸ਼ਾ ਐਕਟ 1967 ਤੇ ਤਰਮੀਮ ਐਕਟ-2008 ਦੀਆਂ ਧਾਰਾਵਾਂ ਤੇ ਇਸ ਤਹਿਤ ਕੀਤੀਆਂ ਵੱਖ-ਵੱਖ ਅਧਿਸੂਚਨਾਵਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਜੁਰਮਾਨੇ ਦਾ ਉਪਬੰਧ ਕੀਤਾ ਗਿਆ ਹੈ। ਇਸ ਉਪਬੰਧ ਅਨੁਸਾਰ ਪਹਿਲੀ ਵਾਰ ਉਲੰਘਣਾ ਕਰਨ ਵਾਲੇ ਕਰਮਚਾਰੀ ਨੂੰ ਸਮਰੱਥ ਅਥਾਰਟੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੀਆਂ ਸਿਫਾਰਸਾਂ ਅਨੁਸਾਰ 5 ਸੌ ਰੁਪਏ ਜੁਰਮਾਨਾ ਕੀਤਾ ਜਾ ਸਕਦਾ ਹੈ। ਦੂਜੀ ਵਾਰ ਉਲੰਘਣਾ ਕਰਨ 'ਤੇ ਅਜਿਹਾ ਜੁਰਮਾਨਾ 2 ਹਜਾਰ ਰੁਪਏ ਤੇ ਤੀਜੀ ਵਾਰ ਅਜਿਹਾ ਕਰਨ 'ਤੇ ਜੁਰਮਾਨਾ 5 ਹਜ਼ਾਰ ਰੁਪਏ ਤੱਕ ਕੀਤਾ ਜਾ ਸਕਦਾ ਹੈ।


RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834




Chicago's Pizza with a Twist
Call: 1-209-398-2221





Parvinder Dhesi
Kulwant Sandhu
1471 B St., Unit B, Livingston, CA 95334

# ਚੰਡੀਗੜ੍ਹ ਯੂਨੀਵਰਸਿਟੀ ਵਿਖੇ ਚੱਲ ਰਹੀ ਨੈਸ਼ਨਲ ਜੂਡੋ ਚੈਂਪੀਅਨਸ਼ਿਪ ਦੇ ਦੂਜੇ ਦਿਨ ਹੋਏ ਫਸਵੇਂ ਮੁਕਾਬਲੇ

**ਚੰਡੀਗੜ–** ਜੂਡੋ ਫੈਡਰੇਸ਼ਨ ਆਫ਼ ਇੰਡੀਆ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਵਾਈ ਜਾ ਰਹੀ 5 ਰੋਜ਼ਾ ਨੈਸ਼ਨਲ ਕੈਡਿਟ ਅਤੇ ਸਬ-ਜੂਨੀਅਰ ਜੂਡੋ ਚੈਂਪੀਅਨਸ਼ਿਪ 2021-22 ਦੇ ਅੱਜ ਦੂਜੇ ਦਿਨ ਖਿਡਾਰੀਆਂ ਦਾ ਜ਼ਬਰਦਸਤ ਖੇਡ ਮੁਕਾਬਲੇ ਵੇਖਣ ਨੂੰ ਮਿਲੇ। ਮਹਿਲਾ ਅਤੇ ਪੁਰਸ਼ ਵਰਗਾਂ ਦੇ ਕੈਡਿਟ ਸ਼੍ਰੇਣੀ ਅਧੀਨ ਵੱਖ-ਵੱਖ ਭਾਰ ਵਰਗਾਂ ਅਧੀਨ ਮੁਕਾਬਲੇ ਖੇਡੇ ਗਏ।ਚੈਂਪੀਅਨਸ਼ਿਪ ਦੇ ਦੂਜੇ ਦਿਨ ਮਹਿਲਾ ਵਰਗਾਂ ਦੇ -44, -48, -52, -57, -63, -70 ਅਤੇ +70 ਕਿਲੋਗ੍ਰਾਮ ਭਾਗ ਵਰਗਾਂ ਅਧੀਨ ਫਸਵੇਂ ਮੁਕਾਬਲੇ ਹੋਏ। ਇਸੇ ਤਰ੍ਹਾਂ ਪੁਰਸ਼ ਵਰਗਾਂ ਦੇ -55, -60, -66, -73, -81, -90 ਅਤੇ +90 ਕਿਲੋਗ੍ਰਾਮ ਅਧੀਨ ਸ਼ਾਨਦਾਰ ਮੈਚ ਖੇਡੇ ਗਏ। ਜ਼ਿਕਰਯੋਗ ਹੈ ਕਿ ਪੰਜ ਦਿਨ ਚੱਲਣ ਵਾਲੀ ਚੈਂਪੀਅਨਸ਼ਿਪ 'ਚ ਦੇਸ਼ ਦੇ 28 ਰਾਜਾਂ ਅਤੇ 9 ਕੇਂਦਰਸ਼ਾਸਿਤ ਪ੍ਰਦੇਸ਼ਾਂ ਤੋਂ 460 ਤੋਂ ਵੱਧ ਖਿਡਾਰੀ ਸ਼ਮੂਲੀਅਤ ਕਰ ਰਹੇ ਹਨ।

ਕੈਡਿਟ ਸ਼੍ਰੇਣੀ ਅਧੀਨ ਦੂਜੇ ਦਿਨ ਹੋਏ ਖੇਡ ਮੁਕਾਬਲਿਆਂ ਤੱਕ ਮਹਿਲਾ ਅਤੇ ਪੁਰਸ਼ ਵਰਗਾਂ ਅਧੀਨ ਦਿੱਲੀ ਦੀ ਟੀਮ ਨੇ 6 ਗੋਲਡ ਅਤੇ 2 ਸਿਲਵਰ ਮੈਡਲ ਆਪਣੇ ਨਾਮ ਕਰਕੇ ਚੈਂਪੀਅਨਸ਼ਿਪ 'ਚ ਲੀਡ ਦਰਜ ਕਰਵਾਉਣ 'ਚ ਕਾਮਯਾਬ ਰਹੀ ਹੈ। ਹੁਣ ਤੱਕ ਦੇ ਮੁਕਾਬਲਿਆਂ 'ਚ ਹਰਿਆਣਾ ਦੀ ਟੀਮ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ। ਹਰਿਆਣਾ ਦੀ ਟੀਮ ਨੇ 4 ਗੋਲਡ, 3 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਆਪਣੇ ਨਾਮ ਕਰਦਿਆਂ ਦੂਜੇ ਸਥਾਨ 'ਤੇ ਲੀਡ ਬਣਾਈ ਹੋਈ ਹੈ ਜਦਕਿ ਮਨੀਪੁਰ ਦੀ ਟੀਮ 3 ਗੋਲਡ, 1 ਸਿਲਵਰ ਅਤੇ 2 ਬ੍ਰਾਂਜ਼ ਮੈਡਲ ਹਾਸਲ ਕਰਕੇ ਤੀਜੇ ਸਥਾਨ 'ਤੇ ਲੀਡ ਦਰਜ ਕਰਵਾਈ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ ਦੀ ਟੀਮ ਨੇ 1 ਗੋਲਡ, 3 ਸਿਲਵਰ ਅਤੇ 2 ਬ੍ਰਾਂਜ਼ ਮੈਡਲ ਆਪਣੇ ਨਾਮ ਕੀਤੇ ਹਨ ਜਦਕਿ ਪੰਜਾਬ ਦੀ ਟੀਮ ਹੁਣ ਤੱਕ ਦੇ ਮੁਕਾਬਲਿਆਂ 'ਚ 1 ਗੋਲਡ ਅਤੇ 2 ਸਿਲਵਰ ਮੈਡਲ ਸੂਬੇ ਦੀ ਝੋਲੀ ਪਾਉਣ 'ਚ ਸਫ਼ਲ ਰਹੀ ਹੈ।

ਪੁਰਸ਼ ਵਰਗਾਂ ਦੇ ਕੈਡਿਟ ਜੂਡੋ ਮੁਕਾਬਲਿਆਂ ਦੌਰਾਨ -55 ਕਿਲੋਗ੍ਰਾਮ ਭਾਗ ਵਰਗ ਅਧੀਨ ਫਾਈਨਲ ਮੈਚ 'ਚ ਹਰਿਆਣਾ ਦੇ ਜਤਿਨ ਨੇ ਗੋਲਡ ਮੈਡਲ, ਉੱਤਰਾਖੰਡ ਦੇ ਪ੍ਰਾਮੋਦ ਬਿਸਟ ਨੇ ਸਿਲਵਰ ਜਦਕਿ ਚੰਡੀਗੜ੍ਹ ਦੇ ਹਿਮਾਂਸ਼ੂ ਨੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤਾ। -60 ਕਿਲੋਗ੍ਰਾਮ ਭਾਰ ਵਰਗ ਤਹਿਤ ਸ਼ਾਨਦਾਰ ਖੇਡ ਪ੍ਰਦਰਸ਼ਨ ਕਰਦਿਆਂ ਉਤਰਾਖੰਡ ਦੇ ਸਿਧਾਰਥ ਰਾਵਤ ਨੇ ਗੋਲਡ, ਮਿਜ਼ੂਰਮ ਦੇ ਲਾਲਚੰਦਮਾ ਨੇ ਸਿਲਵਰ ਅਤੇ ਗੁਜਰਾਤ ਦੇ ਰੋਹਿਤ ਮਜਗੁਲ ਨੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤਾ। -66 ਕਿਲੋਗ੍ਰਾਮ ਭਾਰ ਵਰਗ ਅਧੀਨ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਦਿੱਲੀ ਦੇ ਤਾਨਿਸ਼ ਬਲਹਾਰਾ ਨੇ ਗੋਲਡ ਮੈਡਲ ਹਾਸਲ ਕੀਤਾ ਜਦਕਿ ਮਨੀਪੁਰ ਦੇ ਕੇ. ਬਿਸਲ ਅਤੇ ਰਾਜਸਥਾਨ ਦੇ ਆਕਾਸ਼ ਨੇ ਕ੍ਰਮਵਾਰ ਸਿਲਵਰ ਅਤੇ ਬ੍ਰਾਂਜ਼ ਮੈਡਲਾਂ 'ਤੇ ਕਬਜ਼ਾ ਕੀਤਾ।

ਇਸੇ ਤਰ੍ਹਾਂ -73 ਕਿਲੋਗ੍ਰਾਮ ਅਧੀਨ ਖੇਡਦਿਆਂ ਮਨੀਪੁਰ ਦੇ ਲੈਸ਼ਰਨ ਮੈਕਸ ਨੇ ਗੋਲਡ ਮੈਡਲ ਅਤੇ ਪੰਜਾਬ ਦੇ ਚਿਰਾਗ ਸ਼ਰਮਾ ਨੇ ਸਿਲਵਰ ਜਦਕਿ ਚੰਡੀਗੜ੍ਹ ਦੇ ਫਰਦੀਨ ਨੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤਾ। -81 ਕਿਲੋਗ੍ਰਾਮ ਭਾਗ ਵਰਗ ਅਧੀਨ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰਦਿਆਂ ਮਨੀਪੁਰ ਦੇ ਸ਼ਾਈਤਲ ਐਨ ਨੇ ਸੋਨੇ ਦਾ ਤਮਗ਼ਾ ਹਾਸਲ ਕੀਤਾ ਜਦਕਿ ਜੰਮੂ-ਕਸ਼ਮੀਰ ਦੇ ਰਾਵਤ ਸਿੰਘ ਛਿੱਬ ਨੇ ਚਾਂਦੀ ਅਤੇ ਹਰਿਆਣਾ ਦੇ ਰਵੀ ਨੇ ਕਾਂਸੇ ਦਾ ਤਮਗ਼ਾ ਆਪਣੇ ਨਾਮ ਕੀਤਾ। ਇਸੇ ਤਰ੍ਹਾਂ -90 ਕਿਲੋਗ੍ਰਾਮ ਭਾਰ ਵਰਗ ਅਧੀਨ ਫਾਈਨਲ ਮੈਚ ਖੇਡਦਿਆਂ ਹਰਿਆਣਾ ਦੇ ਅਨਿਲ ਨੇ ਸੋਨੇ ਦਾ ਤਮਗ਼ਾ ਜਿੱਤ ਦੇ ਖੇਡ ਕਲਾ ਦਾ ਸਬੂਤ ਦਿੱਤਾ ਜਦਕਿ ਪੰਜਾਬ ਦਾ ਰਾਕੇਸ਼ ਗਿੱਲ ਨੇ ਚਾਂਦੀ ਅਤੇ ਯੂਪੀ ਦਾ ਪਰਾਖਰ ਕੁਮਾਰ ਸਿੰਘ ਕਾਂਸੀ ਦਾ ਤਮਗ਼ਾ ਜਿੱਤਣ 'ਚ ਸਫ਼ਲ ਰਿਹਾ। +90 ਕਿਲੋਗ੍ਰਾਮ ਅਧੀਨ ਹੋਏ ਫਾਈਨਲ ਮੈਚ ਵਿੱਚ ਹਰਿਆਣਾ ਦੇ ਮਨਵਿੰਦਰ ਨੇ ਗੋਲਡ ਮੈਡਲ ਹਾਸਲ ਕੀਤਾ ਜਦਕਿ ਦਿੱਲੀ ਦੇ ਯਸ਼ ਵਿਜੇਰਨ ਨੇ ਦੂਜੇ ਸਥਾਨ 'ਤੇ ਰਹਿੰਦਿਆਂ ਚਾਂਦੀ ਦਾ ਤਮਗ਼ਾ ਅਤੇ ਮਹਾਂਰਾਸ਼ਟਰ ਦੇ ਅਦਿਤਿਆ ਪਾਰਬ ਨੇ ਕਾਂਸੀ ਦਾ ਤਮਗ਼ਾ ਆਪਣੇ ਨਾਮ ਕੀਤਾ।

ਮਹਿਲਾ ਕੈਡਿਟ ਜੂਡੋ ਮੁਕਾਬਲਿਆਂ ਦੌਰਾਨ -40 ਕਿਲੋਗ੍ਰਾਮ ਭਾਰ ਵਰਗ ਅਧੀਨ ਫਾਈਨਲ ਮੈਚ 'ਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਮਹਾਂਰਾਸ਼ਟਰ ਦੀ ਸ਼ਰਧਾ ਚੌਪਾਧੇ ਨੇ ਸੋਨ ਤਮਗ਼ਾ ਜਿੱਤਿਆ ਜਦਕਿ ਦਿੱਲੀ ਦੀ ਜਾਨਵੀ ਯਾਦਵ ਅਤੇ ਗੁਜਰਾਤ ਦੀ ਅੰਕਿਤਾ ਨੇ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਮਗ਼ੇ ਆਪਣੇ ਨਾਮ ਕੀਤਾ।-48 ਕਿਲੋਗ੍ਰਾਮ ਭਾਰ ਵਰਗ ਤਹਿਤ ਫਾਈਨਲ ਖੇਡਦਿਆਂ ਦਿੱਲੀ ਦੀ ਤਨੂੰ ਮਾਨ ਨੇ ਗੋਲਡ ਮੈਡਲ ਅਤੇ ਹਰਿਆਣਾ ਦੀ ਅਨੂੰ ਨੇ ਸਿਲਵਰ ਮੈਡਲ ਜਦਕਿ ਮਨੀਪੁਰ ਦੀ ਨਾਲੋਟੀ ਟੀ.ਐਚ ਨੇ ਬ੍ਰਾਂਜ਼ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ -52 ਕਿਲੋਗ੍ਰਾਮ ਵਰਗ ਅਧੀਨ ਖੇਡਦਿਆਂ ਦਿੱਲੀ ਦੀ ਤਾਨਿਸ਼ਠਾ ਨੇ ਸੋਨ ਤਮਗ਼ਾ ਹਾਸਲ ਕੀਤਾ ਅਤੇ ਹਰਿਆਣਾ ਦੀ ਅਸ਼ੂ ਦੇਵੀ ਅਤੇ ਮੱਧ ਪ੍ਰਦੇਸ਼ ਦੀ ਭੂਮਿਕਾ ਨੇ ਕ੍ਰਮਵਾਰ ਸਿਲਵਰ ਅਤੇ ਬ੍ਰਾਂਜ ਮੈਡਲ ਆਪਣੇ ਨਾਮ ਕੀਤੇ।

-57 ਕਿਲੋਗ੍ਰਾਮ ਭਾਰ ਵਰਗ ਅਧੀਨ ਫਾਈਨਲ ਮੈਚ 'ਚ ਖੇਡ ਕਲਾ ਦਾ ਪ੍ਰਦਰਸ਼ਨ ਕਰਦਿਆਂ ਮਨੀਪੁਰ ਦੀ ਲਿਨਥੋਹੀ ਸੀ.ਐਚ ਨੇ ਗੋਲਡ ਮੈਡਲ ਅਤੇ ਮਹਾਂਰਾਸ਼ਟਰ ਦੀ ਸ਼ਾਇਨਾ ਦੇਸ਼ਪਾਂਡੇ ਨੇ ਸਿਲਵਰ ਜਦਕਿ ਗੁਜਰਾਤ ਦੀ ਸ਼ਾਹਿਨ ਦਾਰਜਾਦਾ ਨੇ ਤੀਜੇ ਸਥਾਨ 'ਤੇ ਰਹਿੰਦਿਆਂ ਬ੍ਰਾਂਜ਼ ਮੈਡਲ ਪ੍ਰਾਪਤ ਕੀਤਾ। -63 ਕਿਲੋਗ੍ਰਾਮ ਅਧੀਨ ਹੋਏ ਫਾਈਨਲ ਮੈਚ 'ਚ ਦਿੱਲੀ ਦੀ ਹਿਮਾਸ਼ੀ ਟੋਕਾਸ ਨੇ ਗੋਲਡ ਮੈਡਲ ਆਪਣੇ ਨਾਮ ਕੀਤਾ ਜਦਕਿ ਮਹਾਂਰਾਸ਼ਟਰ ਦੀ ਗੋਤਾਮੀ ਕੰਚਨ ਅਤੇ ਮਨੀਪੁਰ ਦੀ ਕਲਪਨਾ ਨੇ ਕ੍ਰਮਵਾਰ ਸਿਲਵਰ ਅਤੇ ਬ੍ਰਾਂਜ ਮੈਡਲ 'ਤੇ ਕਬਜ਼ਾ ਕੀਤਾ। ਇਸੇ ਤਰ੍ਹਾਂ -70 ਕਿਲੋਗ੍ਰਾਮ ਤਹਿਤ ਬਿਹਤਰੀਨ ਮੁਕਾਬਲਾ ਲੜਦਿਆਂ ਦਿੱਲੀ ਦੀ ਨੰਦਿਨੀ ਨੇ ਗੋਲਡ, ਮਹਾਂਰਾਸ਼ਟਰ ਦੀ ਸਾਮਿਕਸ਼ਾ ਸ਼ੀਲਰ ਨੇ ਸਿਲਵਰ ਅਤੇ ਗੁਜਰਾਤ ਦੀ ਸੰਦਾਯਬਾ ਰਾਠੌਰ ਨੇ ਬ੍ਰਾਂਜ਼ ਮੈਡਲ ਆਪਣੇ ਨਾਮ ਕੀਤਾ। +70 ਕਿਲੋਗ੍ਰਾਮ ਤਹਿਤ ਫਾਈਨਲ ਮੈਚ ਖੇਡਦਿਆਂ ਪੰਜਾਬ ਦੀ ਇਸ਼ਰੂਪ ਨਾਰੰਗ ਨੇ ਪਹਿਲੇ ਸਥਾਨ 'ਤੇ ਰਹਿੰਦਿਆਂ ਗੋਲਡ ਮੈਡਲ ਜਦਕਿ ਮੱਧ ਪ੍ਰਦੇਸ਼ ਦੀ ਪਾਵਿੱਤਰਾ ਨੇ ਸਿਲਵਰ ਅਤੇ ਮਹਾਂਰਾਸ਼ਟਰ ਦੀ ਸ਼ਿਵਾਨੀ ਕਾਪਸੇ ਨੇ ਬ੍ਰਾਂਜ਼ ਮੈਡਲ 'ਤੇ ਕਬਜ਼ਾ ਕੀਤਾ।

ਜ਼ਿਕਰਯੋਗ ਹੈ ਚੈਂਪੀਅਨਸ਼ਿਪ ਦੇ ਤੀਜੇ ਦਿਨ ਸਬ-ਜੂਨੀਅਰ ਸ਼੍ਰੇਣੀ ਅਧੀਨ ਮਹਿਲਾ ਅਤੇ ਪੁਰਸ਼ਾਂ ਦੇ ਵੱਖ-ਵੱਖ ਭਾਰ ਵਰਗਾਂ ਅਧੀਨ ਮੁਕਾਬਲੇ ਕਰਵਾਏ ਜਾਣਗੇ।







'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA' (LUKE 9:2)

THE SAVIOR'S CHURCH

HINDI, PUNJABI, URDU

You are invited to be our guest

Sunday Service

12:00 PM

913 FLOYD AVE. MODESTO, CA 95350

FOR FURTHER INFORMATION CONTACT: +1 (209) 300-9483

ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।

209 687 6548, 209 300 9483

ਸਾਡੀ ਵੈਬ ਸਾਈਟ www.thesaviorschurch.net

A & S

Auto Repair & Services

Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 14 ਨਵੰਬਰ ਨੂੰ ਮਨਾਇਆ ਜਾਵੇਗਾ



ਵਲੇਹੋ ਅਤੇ ਬੇ ਏਰੀਆ ਦੀ ਸੰਗਤ ਵਲੋਂ ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 14 ਨਵੰਬਰ 2021 ਦਿਨ ਐਤਵਾਰ ਨੂੰ ਵਲੈਹੋ 1461 N Camino Alto Vallejo CA 94589 ਵਿਖੇ ਮਨਾਇਆ ਜਾ ਰਿਹਾ ਹੈ ਆਪ ਸਭ ਨੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਤੁਹਾਡਾ ਧੰਨਵਾਦ ਜੀ।

ਧੰਨਵਾਦ ਸਹਿਤ
ਬੇ ਏਰੀਆ ਸੰਗਤ

707-704-5216 (sodhi Nahar )
707-704-3869 (Kewal Singh Sidhu)
916-873-0311 (Gurpal Singh)
916-613-3311 (Bhupinder Bhinda )
408-394-6729 (Baljiwan Das)

# ਅਮਰੀਕਾ ਦੁਆਰਾ ਤਕਰੀਬਨ 20 ਮਹੀਨਿਆਂ ਬਾਅਦ ਯਾਤਰਾ ਲਈ ਖੋਲ੍ਹੀਆਂ ਜਾ ਰਹੀਆਂ ਹਨ ਸਰਹੱਦਾਂ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਲਗਾਈਆਂ ਗਈਆਂ ਯਾਤਰਾ ਪਾਬੰਦੀਆਂ ਨੂੰ ਤਕਰੀਬਨ 20 ਮਹੀ–ਨਿਆਂ ਬਾਅਦ ਹਟਾਇਆ ਜਾ ਰਿਹਾ ਹੈ। ਜਿਸ ਤਹਿਤ ਅਮਰੀਕਾ ਸੋਮਵਾਰ (8 ਨਵੰਬਰ) ਤੋਂ ਆਪਣੀਆਂ ਜ਼ਮੀਨੀ ਅਤੇ ਹਵਾਈ ਸਰਹੱਦਾਂ ਨੂੰ ਪੂਰੀ ਤਰ੍ਹਾਂ ਕੋਵਿਡ ਵੈਕਸੀਨ ਲੱਗੇ ਵਿਦੇਸ਼ੀ ਸੈਲਾਨੀਆਂ ਲਈ ਖੋਲ੍ਹ ਰਿਹਾ ਹੈ। ਇਸ ਲਈ ਦੁਨੀਆ ਭਰ ਦੀਆਂ ਯਾਤਰਾਵਾਂ 'ਤੇ 20 ਮਹੀਨਿਆਂ ਦੀਆਂ ਪਾਬੰਦੀਆਂ ਨੂੰ ਖਤਮ ਕਰਦਿਆਂ, ਪਰਿਵਾਰਾਂ ਦੀ ਦੁਬਾਰਾ ਮਿਲਣੀ ਅਤੇ ਸੈਰ-ਸਪਾਟੇ ਨੂੰ ਫਿਰ ਤੋਂ ਚਾਲੂ ਕੀਤਾ ਜਾ ਰਿਹਾ ਹੈ। ਕੋਰੋਨਾ ਮਹਾਂਮਾਰੀ ਸ਼ੁਰੂ ਹੋਣ ਵੇਲੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ 2020 ਦੇ ਸ਼ੁਰੂ ਵਿੱਚ ਲਗਾਈ ਗਈ ਪਾਬੰਦੀ ਨੂੰ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਬਰਕਰਾਰ ਰੱਖੀ ਗਈ ਸੀ। ਜਦਕਿ ਇਸ ਯਾਤਰਾ ਪਾਬੰਦੀ ਦੀ ਵਿਆਪਕ ਤੌਰ 'ਤੇ ਅਲੋਚਨਾ ਵੀ ਕੀਤੀ ਗਈ ਸੀ। ਯਾਤਰਾ ਸਬੰਧੀ ਪਾਬੰਦੀਆਂ ਨੂੰ ਖਾਸ ਤੌਰ 'ਤੇ ਯੂਰਪ ਅਤੇ ਅਮਰੀਕਾ ਦੇ ਗੁਆਂਢੀ ਕੈਨੇਡਾ ਅਤੇ ਮੈਕਸੀਕੋ ਵਿੱਚ ਨਾਪਸੰਦ ਕੀਤਾ ਗਿਆ। ਜਿਕਰਯੋਗ ਹੈ ਕਿ ਕੋਰੋਨਾ ਵਾਇਰਸ ਦੇ ਫੈਲਣ ਨੂੰ ਹੌਲੀ ਕਰਨ ਦੀ ਕੋਸ਼ਿਸ਼ ਵਿੱਚ ਅਮਰੀਕਾ ਦੀਆਂ ਸਰਹੱਦਾਂ ਮਾਰਚ 2020 ਤੋਂ ਬਾਅਦ ਯੂਰਪੀਅਨ ਯੂਨੀਅਨ, ਬ੍ਰਿਟੇਨ, ਚੀਨ, ਭਾਰਤ ਅਤੇ ਬ੍ਰਾਜ਼ੀਲ ਸਮੇਤ ਦੁਨੀਆ ਦੇ ਵੱਡੇ ਹਿੱਸਿਆਂ ਦੇ ਯਾਤਰੀਆਂ ਲਈ ਬੰਦ ਕਰ ਦਿੱਤੀਆਂ ਗਈਆਂ ਸਨ। ਮੈਕਸੀਕੋ ਅਤੇ ਕੈਨੇਡਾ ਦੇ ਓਵਰਲੈਂਡ ਸੈਲਾਨੀਆਂ 'ਤੇ ਵੀ ਪਾਬੰਦੀ ਲਗਾਈ ਗਈ ਸੀ। ਇਸ ਦੌਰਾਨ ਮੈਕਸੀਕੋ ਦੀ ਸਰਹੱਦ ਦੇ ਨਾਲ, ਅਮਰੀਕਾ ਦੇ ਟੈਕਸਾਸ ਅਤੇ ਕੈਲੀਫੋਰਨੀਆ ਰਾਜਾਂ ਦੇ ਕਈ ਸ਼ਹਿਰਾਂ ਨੂੰ ਕੋਵਿਡ ਵਿਰੋਧੀ ਵਪਾਰ ਪਾਬੰਦੀਆਂ ਕਾਰਨ ਆਰਥਿਕ ਸੰਘਰਸ਼ ਦਾ ਵੀ ਸਾਹਮਣਾ ਕਰਨਾ ਪਿਆ ਹੈ। ਨਵੇਂ ਨਿਯਮਾਂ ਤਹਿਤ ਸੋਮਵਾਰ ਤੋਂ, ਹਵਾਈ ਯਾਤਰੀਆਂ ਨੂੰ ਯਾਤਰਾ ਤੋਂ ਪਹਿਲਾਂ ਤਿੰਨ ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਟੀਕਾਕਰਨ ਅਤੇ ਨੈਗੇਟਿਵ ਟੈਸਟ ਕੀਤੇ ਜਾਣ ਦੀ ਜ਼ਰੂਰਤ ਹੋਵੇਗੀ ਅਤੇ ਇਸਦੇ ਨਾਲ ਹੀ ਏਅਰਲਾਈਨਾਂ ਨੂੰ ਵੀ ਸੰਪਰਕ ਟਰੇਸਿੰਗ ਸਿਸਟਮ ਲਗਾਉਣ ਦੀ ਲੋੜ ਹੋਵੇਗੀ। ਇਸਦੇ ਨਾਲ ਹੀ ਜ਼ਮੀਨੀ ਸਰਹੱਦ ਵੀ ਨੂੰ ਦੋ ਪੜਾਵਾਂ ਵਿੱਚ ਖੋਲ੍ਹਿਆ ਜਾਵੇਗਾ। ਸੋਮਵਾਰ ਤੋਂ ਸ਼ੁਰੂ ਹੋ ਕੇ, "ਗੈਰ-ਜ਼ਰੂਰੀ" ਯਾਤਰਾਵਾਂ–ਜਿਵੇਂ ਕਿ ਪਰਿਵਾਰਕ ਮੁਲਾਕਾਤਾਂ ਜਾਂ ਸੈਰ-ਸਪਾਟਾ ਲਈ ਵੈਕਸੀਨ ਦੀ ਲੋੜ ਹੋਵੇਗੀ।



ਇੱਕ ਦੂਜਾ ਪੜਾਅ, ਜਨਵਰੀ ਦੇ ਸ਼ੁਰੂ ਵਿੱਚ ਸ਼ੁਰੂ ਹੋਵੇਗਾ ਤਹਿਤ, ਸਾਰੇ ਸੈਲਾਨੀਆਂ ਨੂੰ ਜ਼ਮੀਨ ਰਾਹੀਂ ਅਮਰੀਕਾ ਵਿੱਚ ਦਾਖਲ ਹੋਣ ਲਈ ਪੂਰੀ ਤਰ੍ਹਾਂ ਟੀਕਾਕਰਨ ਦੀ ਲੋੜ ਹੋਵੇਗੀ, ਭਾਵੇਂ ਉਹਨਾਂ ਦੀ ਯਾਤਰਾ ਦਾ ਕਾਰਨ ਕੋਈ ਵੀ ਹੋਵੇ।

## ਸ਼ੋਕ ਸਮਾਚਾਰ

# ਕਰਮਨ ਨਿਵਾਸੀ ਮਾਤਾ ਪ੍ਰੀਤਮ ਕੌਰ ਸਰ੍ਹਾਂ ਦੇ ਅਕਾਲ ਚਲਾਣੇ 'ਤੇ ਸਰ੍ਹਾਂ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ 5 ਨਵੰਬਰ ਨੂੰ ਕਰਮਨ ਨਿਵਾਸੀ ਮਾਤਾ ਪ੍ਰੀਤਮ ਕੌਰ (ਸਪਤਨੀ ਸਵਰਗਵਾਸੀ ਸ। ਬਲਵੰਤ ਸਿੰਘ ਸਰ੍ਹਾਂ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ ਇਸ ਸਮੇਂ 89 ਸਾਲ ਸੀ। ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਫਤਿਹਗੜ ਕੋਰੋਟਾਣਾ ਸੀ। ਜੋ ਮੋਗਾ ਨੇੜੇ ਸਥਿਤ ਹੈ। ਸਵ: ਸਵਰਗਵਾਸੀ ਮਾਤਾ ਪ੍ਰੀਤਮ ਕੌਰ ਜੀ ਬਹੁਤ ਲੰਮੇ ਸਮੇਂ ਤੋਂ ਆਪਣੇ ਪਰਿਵਾਰ ਸਮੇਂ ਕੈਲੀਫੋਰਨੀਆ ਦੇ ਸ਼ਹਿਰ ਕਰਮਨ ਵਿਖੇ ਰਹਿ ਰਹੇ ਸਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 14 ਨਵੰਬਰ, 2021, ਦਿਨ ਐਤਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ" ਕਰਮਨ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 3:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 680 S Vineland Ave, Kerman, CA 93630 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾ ਦੇ ਸਪੁੱਤਰਾਂ ਵਿੱਚ–



ਜਗਦੇਵ ਸਿੰਘ ਸਰ੍ਹਾਂ (559) 241-9739,
ਜਗਸੇਵ ਸਿੰਘ ਸਰ੍ਹਾਂ (559) 575-2912,
ਜਸਵੀਰ ਸਿੰਘ ਸਰ੍ਹਾਂ (559) 457-8281 ਜਾਂ
ਗੁਲਜ਼ਾਰ ਸਿੰਘ ਸਰ੍ਹਾਂ (559) 250-4289 ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।







# ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਫਗਵਾੜਾ ਦੇ ਵਿਸ਼ਵਕਰਮਾ ਮੰਦਿਰ ਵਿਖੇ ਹੋਏ ਨਤਮਸਤਕ, ਮੰਦਰ ਲਈ 2 ਕਰੋੜ ਦੀ ਗ੍ਰਾਂਟ ਦਾ ਕੀਤਾ ਐਲਾਨ

**ਫਗਵਾੜਾ** – ਪੰਜਾਬ ਦੇ ਮੁੱਖ ਮੰਤਰੀ ਸ।ਚਰਨਜੀਤ ਸਿੰਘ ਚੰਨੀ ਨੇ ਸੂਬੇ ਦੀ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਹੈ ਕਿ ਪੰਜਾਬ ਨੂੰ "ਦੇਸ਼ ਦੀ ਸੋਨੇ ਦੀ ਚਿੜੀ" ਵਜੋਂ ਵਿਕਸਿਤ ਕੀਤਾ ਜਾਵੇਗਾ।

ਇੱਥੇ ਵਿਸ਼ਵਕਰਮਾ ਮੰਦਿਰ ਵਿਖੇ 111ਵੇਂ ਵਿਸ਼ਵਕਰਮਾ ਪੂਜਾ ਉਤਸਵ ਮੌਕੇ ਸੰਬੋਧਨ ਕਰਦਿਆਂ ਉਨਾਂ ਜਿੱਥੇ ਵਿਸ਼ਵਕਰਮਾ ਦਿਵਸ ਮੌਕੇ ਸ਼ਿਲਪਕਾਰਾਂ, ਕਾਮਿਆਂ, ਕਿਰਤੀਆਂ ਨੂੰ ਮੁਬਾਰਕਬਾਦ ਦਿੱਤੀ, ਉਥੇ ਹੀ ਉਨਾਂ ਕਿਹਾ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਭਗਵਾਨ ਵਿਸ਼ਵਕਰਮਾ ਦੇ ਆਸ਼ੀਰਵਾਦ ਨਾਲ ਸੂਬਾ ਤਰੱਕੀ ਦੀ ਰਾਹ 'ਤੇ ਪੈ ਗਿਆ ਹੈ ਅਤੇ ਵਿਆਪਕ ਯੋਜਨਾਬੰਦੀ ਰਹੀਂ ਇਸਦਾ ਚਹੁੰਮੁਖੀ ਵਿਕਾਸ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੂੰ ਆਮ ਲੋਕਾਂ ਦੀ ਸਰਕਾਰ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 'ਉਨਾਂ ਦਾ ਪਹਿਲੇ ਦਿਨ ਤੋਂ ਹੀ ਇਕਲੌਤਾ ਮੰਤਵ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕ ਪੱਖੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਸੀ, ਜਿਸਦੇ ਮੱਦੇਨਜ਼ਰ ਦੇਸ਼ ਵਿਚ ਸਭ ਤੋਂ ਸਸਤੀ ਬਿਜਲੀ,ਬਸੇਰਾ ਯੋਜਨਾ ਤਹਿਤ ਗਰੀਬਾਂ ਨੂੰ ਪਲਾਟ ਦੇਣ ਵਰਗੇ ਭਲਾਈ ਵਾਲੇ ਫੈਸਲੇ ਲਾਗੂ ਕੀਤੇ ਗਏ ਹਨ। ਉਨਾਂ ਕਿਹਾ ਕਿ ਅਗਲੇ ਦਿਨਾਂ ਦੌਰਾਨ ਲੋਕਾਂ ਦੀ ਭਲਾਈ ਲਈ ਹੋਰ ਵੀ ਕਦਮ ਚੁੱਕੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਉਹ ਦਿਨ ਬੀਤ ਗਏ ਹਨ ਜਦ ਆਮ ਲੋਕਾਂ, ਕਿਸਾਨਾਂ, ਦੁਕਾਨਦਾਰਾਂ,



ਕਰਮਚਾਰੀਆਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਤੱਕ ਪਹੁੰਚ ਕਰਨਾ ਵੀ ਲਗਭਗ ਅਸੰਭਵ ਸੀ। ਉਨਾਂ ਕਿਹਾ ਕਿ ਬਤੌਰ ਮੁੱਖ ਮੰਤਰੀ ਉਹ ਸੂਬੇ ਦੇ ਲੋਕਾਂ ਦੀ ਸੱਚੀ ਭਾਵਨਾ ਨਾਲ ਸੇਵਾ ਕਰਨਾ ਆਪਣਾ ਧਰਮ ਸਮਝਦੇ ਹਨ।

ਦੇਸ਼ ਵਿਦੇਸ਼ ਵਿਚ ਵਸਦੇ ਪੰਜਾਬੀਆਂ ਨੂੰ ਮੁਖਾਤਿਬ ਹੁੰਦਿਆਂ ਉਨਾਂ ਕਿਹਾ ਕਿ ਭਗਵਾਨ ਵਿਸ਼ਵਕਰਮਾ ਵਲੋਂ ਸਮਾਜ ਦੀ ਤਰੱਕੀ ਦੀ ਨੀਂਹ ਰੱਖੀ ਗਈ ਅਤੇ ਉਨਾਂ ਤੋਂ ਸੇਧ ਲੈ ਕੇ ਸਮੂਹ ਕਾਮਿਆਂ, ਸ਼ਿਲਪਕਾਰਾਂ ਨੂੰ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਆਪਣਾ ਯੋਗਦਾਨ ਵੱਧ ਚੜਕੇ ਪਾਉਣਾ ਚਾਹੀਦਾ ਹੈ ਜੋ ਕਿ ਭਗਵਾਨ ਵਿਸ਼ਵਕਰਮਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਨਾਂ ਨੌ-ਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਤਕਨੀਕੀ ਹੁਨਰ ਨੂੰ ਵੱਧ ਤੋਂ ਵੱਧ ਵਿਕਸਤ ਕਰਨ ਤਾਂ ਜੋ ਪੇਸ਼ੇਵਰ ਰੁਜ਼ਗਾਰ ਦੇ ਮੌਕਿਆਂ ਦਾ ਵੱਧ ਤੋਂ ਵੱਧ ਲਾਹਾ ਲਿਆ ਜਾ ਸਕੇ।

ਮੁੱਖ ਮੰਤਰੀ ਵਲੋਂ ਇਸ ਮੌਕੇ ਵਿਸ਼ਵਕਰਮਾ ਮੰਦਰ ਲਈ 2 ਕਰੋੜ ਰੁਪਏ ਦੀ ਗ੍ਰਾਂਟ ਦਾ ਵੀ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ ਉਨਾਂ ਮੰਦਿਰ ਕਮੇਟੀ ਵਲੋਂ ਚਲਾਏ ਜਾ ਰਹੇ ਚੈਰੀਟੇਬਲ ਹਸਪਤਾਲ ਲਈ 1 ਅਤਿ ਆਧਨਿਕ ਐਂਬੂਲੇਂਸ ਦੇਣ ਦਾ ਵੀ ਐਲਾਨ ਕੀਤਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਵਿਸ਼ਵਕਰਮਾ ਮੰਦਰ ਵਿਖੇ ਨਤਮਸਤਕ ਹੋਏ ਜਿੱਥੇ ਉਨਾਂ ਨੂੰ ਪ੍ਰਬੰਧਕੀ ਕਮੇਟੀ ਵੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਨਾਂ ਪ੍ਰਬੰਧਕੀ ਕਮੇਟੀ ਵਲੋਂ ਚਲਾਏ ਜਾਂਦੇ ਚੈਰੀਟੇਬਲ ਹਸਪਤਾਲ ਦਾ ਵੀ ਦੌਰਾ ਕੀਤਾ। ਇਸ ਮੌਕੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਨਵਤੇਜ ਸਿੰਘ ਚੀਮਾ, ਡਾ ਰਾਜ ਕੁਮਾਰ ਚੱਬੇਵਾਲ, ਅੰਗਦ ਸਿੰਘ,ਹਰਦੇਵ ਸਿੰਘ ਲਾਡੀ, ਸਾਬਕਾ ਮੰਤਰੀ ਅਤੇ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੇ ਚੇਅਰਮੈਨ ਜੋਗਿੰਦਰ ਸਿੰਘ ਮਾਨ, ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਚੌਧਰੀ, ਸਾਬਕਾ ਵਿਧਾਇਕ ਤਰਲੋਚਨ ਸੂੰਢ , ਸਹਿਕਾਰੀ ਬੈਂਕ ਦੇ ਚੇਅਰਮੈਨ ਹਰਜੀਤ ਸਿੰਘ ਪਰਮਾਰ, ਸੀਨੀਅਰ ਕਾਂਗਰਸੀ ਆਗੂ ਬਲਬੀਰ ਰਾਣੀ ਸੋਢੀ, ਕਾਂਗਰਸ ਦੇ ਜ਼ਿਲਾ ਕੋਆਰਡੀਨੇਟਰ ਦਲਜੀਤ ਰਾਜੂ, ਜ਼ਿਲਾ ਯੂਥ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਹਰਨੂਰ ਸਿੰਘ ਹਰਜੀਮਾਨ, ਅਮਨਦੀਪ ਸਿੰਘ ਗੋਰਾ ਗਿੱਲ ਤੇ ਹੋਰ ਹਾਜ਼ਰ ਸਨ। ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ, ਸੁਰਿੰਦਰਪਾਲ ਧੀਮਾਨ, ਗੁਰਨਾਮ ਸਿੰਘ, ਪਰਦੀਪ ਧੀਮਾਨ, ਇੰਦਰਜੀਤ ਸਿੰਘ ਮਠਾੜੂ,ਪ੍ਰਸ਼ਾਂਤ ਧੀਮਾਨ ਤੇ ਹੋਰਾਂ ਵਲੋਂ ਮੁੱਖ ਮੰਤਰੀ ਪੰਜਾਬ ਨੂੰ ਸਨਮਾਨਿਤ ਵੀ ਕੀਤਾ ਗਿਆ। – **ਬੀ ਕੇ ਰੱਤੂ**

# ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਲਈ ਸਰਗਰਮੀਆਂ ਜੋਰਾਂ 'ਤੇ

**ਅੰਮ੍ਰਿਤਸਰ** –ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸਮਝੀ ਜਾਂਦੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ 2021-22 ਲਈ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਰਸਮੀ ਚੋਣ ਲਈ ਹੋਣ ਵਾਲੇ ਜਨਰਲ ਇਜਲਾਸ ਦੀ ਤਰੀਕ ਨਿਰਧਾਰਤ ਕੀਤੇ ਜਾਣ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਅਗਲੇ 44ਵੇਂ ਪ੍ਰਧਾਨ ਦੇ ਨਾਂਅ ਨੂੰ ਲੈ ਕੇ ਪੰਥਕ ਗਲਿਆਰਿਆਂ 'ਚ ਕਿਆਸ ਅਰਾਈਆਂ ਸ਼ੁਰੂ ਹੋ ਗਈਆਂ ਹਨ । ਇਹ ਜਨਰਲ ਇਜਲਾਸ ਅਗਾਮੀ 29 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬਾਅਦ ਦੁਪਹਿਰ ਸ਼ੁਰੂ ਹੋਵੇਗਾ । ਪਿਛਲੇ ਵਰ੍ਹੇ 27 ਨਵੰਬਰ ਨੂੰ ਹੋਏ ਜਨਰਲ ਇਜਲਾਸ ਦੌਰਾਨ ਹਾਜ਼ਰ 143 ਮੈਂਬਰਾਂ ਵਲੋਂ ਬੀਬੀ ਜਗੀਰ ਕੌਰ ਨੂੰ ਵੋਟਾਂ ਪਾ ਕੇ ਪ੍ਰਧਾਨ ਚੁਣਿਆ ਸੀ । ਇਸ ਇਜਲਾਸ ਵਿਚ ਵਿਰੋਧੀ ਧਿਰ ਦੇ ਉਮੀਦਵਾਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਕੇਵਲ 20 ਵੋਟਾਂ ਤੇ ਬੀਬੀ ਜਗੀਰ ਕੌਰ ਨੂੰ 122 ਵੋਟਾਂ ਪ੍ਰਾਪਤ ਹੋਈਆਂ ਸਨ । ਇਸ ਵਾਰ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਾਰਣ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਅਕਾਲੀ ਦਲ ਬਾਦਲ ਲਈ ਕਾਫੀ ਅਹਿਮੀਅਤ ਰੱਖਦੀ ਹੈ । ਮੌਜੂਦਾ ਵਰ੍ਹੇ ਦੌਰਾਨ ਬੀਬੀ ਜਗੀਰ ਕੌਰ 328 ਲਾਪਤਾ ਪਾਵਨ ਸਰੂਪ ਮਾਮਲੇ ਸਮੇਤ, ਕੋਰੋਨਾ ਕਾਰਣ ਪੈਦਾ ਹੋਏ ਆਰਥਿਕ ਹਾਲਾਤ, ਸਿੱਖ ਪੰਥ ਨੂੰ ਦਰਪੇਸ਼ ਕਈ ਚੁਣੌ-ਤੀਆਂ ਦਾ ਸਾਹਮਣਾ ਕਰਨ ਅਤੇ ਨਾਰਾਜ਼ ਚੱਲ ਰਹੇ ਮੈਂਬਰਾਂ ਦੀਆਂ ਨਾਰਾਜ਼ਗੀਆਂ ਦੂਰ ਕਰਨ ਵਿਚ ਕਾਫੀ ਹੱਦ ਤੱਕ ਸਫ਼ਲ ਰਹੇ ਸਮਝੇ ਜਾਂਦੇ ਹਨ । ਪਰ ਇਸ ਵਾਰ ਬੀਬੀ ਜਗੀਰ ਕੌਰ ਨੂੰ ਜ਼ਿਲ੍ਹਾ ਕਪੂਰਥਲਾ ਦੇ ਹਲਕੇ ਭੁਲੱਥ ਤੋਂ ਅਕਾਲੀ ਦਲ ਵਲੋਂ ਚੋਣ ਮੈਦਾਨ ਵਿਚ ਉਤਾਰਨ ਦੀ ਚੱਲ ਰਹੀ ਚਰਚਾ ਕਾਰਨ ਇਸ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਗੁਣਾ ਕਿਸੇ ਹੋਰ ਸ਼੍ਰੋਮਣੀ ਕਮੇਟੀ ਮੈਂਬਰ 'ਤੇ ਵੀ ਪੈ ਸਕਦਾ ਹੈ । ਅਕਾਲੀ ਦਲ ਵਿਰੋਧੀ ਸਿੱਖ ਆਗੂਆਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਤਾਂ ਉਹ ਹੀ ਹੋਵੇਗਾ ਜੋ ਅਕਾਲੀ ਦਲ ਬਾਦਲ ਦੀ ਸਿਆਸੀ ਰਣਨੀਤੀ ਅਨੁਸਾਰ ਫਿੱਟ ਬੈਠਦਾ ਹੋਵੇਗਾ ।

ਵਰਨਣਯੋਗ ਹੈ ਕਿ ਬੀਬੀ ਜਗੀਰ ਕੌਰ ਦੀ ਅਗਵਾਈ 'ਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਇਹ ਫ਼ੈਸਲਾ ਲਿਆ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਦੀ ਸਾਲਾਨਾ ਚੋਣ 29 ਨਵੰਬਰ ਨੂੰ ਕੀਤੀ ਜਾਵੇਗੀ । ਇਸ ਸਬੰਧ ਵਿਚ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਸ੍ਰੀ ਅੰਮ੍ਰਿਤਸਰ ਵਿਖੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਦੁਪਹਿਰ 1 ਵਜੇ ਹੋਵੇਗਾ । ਅੰਤ੍ਰਿੰਗ ਕਮੇਟੀ ਵਲੋਂ ਲਏ ਹੋਰ ਅਹਿਮ ਫ਼ੈਸਲਿਆਂ ਬਾਰੇ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਰਨ ਤਾਰਨ ਵਿਖੇ 200 ਲੜਕੀਆਂ ਨੂੰ ਮੁਫ਼ਤ ਵਿਦਿਆ ਦੇਣ ਲਈ ਕੇਂਦਰ ਖੋਲ੍ਹਿਆ ਜਾਵੇਗਾ । ਇਸੇ ਤਰ੍ਹਾਂ ਹੀ ਦੁਆਬਾ ਖੇਤਰ ਵਿਚ ਮਾਤਾ ਗੁਜਰੀ ਜੀ ਕਾਲਜ ਕਰਤਾਰਪੁਰ ਵਿਖੇ 200 ਬੱਚੀਆਂ ਨੂੰ ਮੁਫ਼ਤ ਪੜ੍ਹਾਈ ਕਰਵਾਈ ਜਾਵੇਗੀ । ਉਨ੍ਹਾਂ ਨੇ ਦੱਸਿਆ ਕਿ ਸਿੱਖ ਸੰਸਥਾ ਵਲੋਂ ਕੈਨੇਡਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਲਈ ਪ੍ਰਿੰਟਿੰਗ ਪ੍ਰੈੱਸ ਜਲਦ ਸਥਾਪਤ ਕੀਤੀ ਜਾਵੇਗੀ ।

# ਫਿਲੌਰ ਤੋਂ ਹਲਕਾ ਵਿਧਾਇਕ ਖਹਿਰਾ ਦਾ ਕਿਸਾਨਾਂ ਵਲੋਂ ਕੀਤਾ ਸਖਤ ਵਿਰੋਧ

**ਲਸਾੜਾ/ਉੜਾਪੜ (ਬਿਊਰੋ)**– ਕੇਂਦਰ ਸਰਕਾਰ ਵਲੋਂ ਆਪਣੀ ਮਰਜੀ ਨਾਲ ਕਿਸਾਨਾ ਖਿ਼ਲਾਫ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਦਾ ਰੇੜਕਾ ਅਜੇ ਵੀ ਬਰਕਰਾਰ ਹੈ ਕਿਉਕਿ ਕਿਸਾਨ ਤੇ ਮਜਦੂਰ ਪਿਛਲੇ ਕਈ ਮਹੀਂਨਿਆਂ ਤੋਂ ਤਿੰਨ ਕਾਲੇ ਕਾਨੂੰਨਾਂ ਨੂੰ ਮੁਢੋਂ ਰੱਦ ਕਰਵਾਉਣ ਲਈ ਦਿਲੀ ਬਾਡਰ ਤੇ ਧਰਨਾ ਲਗਾਕੇ ਬੈਠੇ ਹਨ ਤੇ ਇਸ ਕਿਸਾਨੀ ਅੰਦੋਲਨ ਕਾਰਨ ਸ਼ੰਘਰਸ਼ ਕਰ ਰਹੇ ਸੈਕੜੇ ਕਿਸਾਨ ਸ਼ਹੀਦ ਹੋ ਗਏ ਪਰ ਕੇਂਦਰ ਸਰਕਾਰ ਅਜੇ ਵੀ ਆਪਣੀ ਜਿੱਦ ਤੇ ਅੜੀ ਹੋਈ ਹੈ ਤੇ ਕਿਸਾਨਾ ਵਲੋਂ ਲੀਡਰਾਂ ਨੂੰ ਆਪਣੇ ਪਿੰਡਾਂ ਵੜਨ ਤੋਂ ਰੋਕ ਲਗਾ ਦਿਤੀ ਸੀ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਉਸ ਸਮੇਂ ਤੱਕ ਪਿੰਡ ਚ ਸੰਸਦ ਜਾਂ ਵਿਧਾਇਕ ਪਿੰਡ ਚ ਵੜਨ ਨਹੀਂ ਦਿਤਾ ਜਾਵੇਗਾ ਤੇ ਬੀਤੇ ਕੱਲ ਸ਼੍ਰੋ.ਅ.ਦਲ ਦੇ ਫਿਲੌਰ ਤੋਂ ਵਿਧਾਇਕ ਬਲਦੇਵ ਸਿੰਘ ਖੈਹਰਾ ਜੋ ਆਪਣੀ ਰਿਸ਼ਤੇਦਾਰੀ ਚ ਮਿਲਣ ਆਏ ਸਨ ਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਵਲੋਂ ਪਿੰਡ ਦਿਆਲ ਪੁਰ ਕਿਸਾਨਾਂ ਵਲੋਂ ਸ਼੍ਰੋ.ਅ.ਦਲ ਦੇ ਖਿਲਾਫ ਹਲਕਾ ਵਿਧਾਇਕ ਖੈਹਰਾ ਦੇ ਵਿਰੂੱਧ ਮੁਰਦਾਬਾਦ ਦੇ ਨਾਅਰੇ ਲਗਾਕੇ ਸਖਤ ਵਿਰੋਧ ਕਰਨ ਦਾ



ਸਮਾਚਾਰ ਪ੍ਰਾਪਤ ਹੋਇਆ ਇਸ ਮੋਕੇ ਦੋਆਬਾ ਕਿਸਾਨਾ ਯੂਨ-ਇਅਨ ਦੇ ਆਗੂਆਂ ਨੇ ਕਿਹਾ ਕਿ ਜਿਸ ਟਾਇਮ ਇਹ ਕਾਲੇ ਕਾਨੂੰਨ



ਪਾਸ ਹੋਏ ਉਸ ਟਾਇਮ ਸ਼੍ਰੋ. ਅ. ਦਲ ਦੀ ਭਾਜਪਾ ਨਾਲ ਭਾਈਵਾਲ ਸੀ ਉਸ ਟਾਇਮ ਇਨਾਂ ਲੀਡਰਾਂ ਨੇ ਇਨਾਂ ਕਾਲੇ ਕਾਨੂੰਨਾਂ ਦਾ ਵਿਰੋਧ ਨਹੀਂ ਕੀਤਾ ਤੇ ਇਹ ਲੀਡਰ ਉਨਾਂ ਬਿੱਲਾਂ ਦੀ ਪ੍ਰਸ਼ੰਸਾ ਕਰ ਰਹੇ ਸਨ ਤੇ ਹੁਣ ਇਹ ਸ਼੍ਰੋ.ਅ.ਦਲ ਵਾਲੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦੇ ਨਾਟਕ ਕਰ ਰਹੇ ਹਨ ਤੇ ਕਿਸਾਨਾ ਨੂੰ ਗੁਮਰਾਹ ਕਰ ਰਹੇ ਹਨ ਤੇ ਜਿਸ ਵਕਤ ਇਨਾਂ ਅਕਾਲੀ ਦਲ ਵਾਲਿਆਂ ਦੇ ਖਿਲਾਫ ਪੂਰੇ ਪੰਜਾਬ ਚ ਨਾਅਰੇਬਾਜੀ ਹੋਣ ਲੱਗੀ ਤਾਂ ਸੰਸਦ ਬੀਬਾ ਹਰਸਿਮਰਤ ਕੋਰ ਬਾਦਲ ਨੇ ਵੀ ਅਸਤੀਫਾ ਦੇਕੇ ਡਰਾਮਾ ਕੀਤਾ ਉਨਾਂ ਕਿਹਾ ਜਦੋਂ ਤੱਕ ਤਿੰਨੇ ਕਾਲੇ ਕਾਨੂੰਨ ਰੱਦ ਨਹੀਂ ਹੁੰਦੇ ਉਸ ਟਾਇਮ ਤੱਕ ਇਨਾਂ ਲੀਡਰਾਂ ਖਾਸ ਕਰ ਅਕਾਲੀ ਦਲ ਵਾਲਿਆਂ ਦਾ ਵਿਰੋਧ ਹੁੰਦਾ ਰਹੇਗਾ ਉਨਾਂ ਕਿਹਾ ਕਿ ਇਹ ਲੀਡਰ ਆਪਣੀਆਂ ਮੀਟਿੰਗਾਂ ਵੀ ਪਿੰਡਾਂ ਚ ਨਾਂ ਕਰਨ ਤਾਂ ਬੇਹਤਰ ਰਹੇਗਾ ਜੇਕਰ ਮੀਟੰਗ ਕਰਨਗੇ ਤਾਂ ਵਿਰੋਧ ਵੀ ਹੁੰਦਾ ਰਹੇਗਾ ਤੇ ਕਿਸਾਨ ਜਥੇਬੰਦੀਆਂ ਵਲੋ ਇਹ ਕਿਸਾਨੀ ਸ਼ੰਘਰਸ਼ ਚੱਲਦਾ ਰਹੇਗਾ ਇਸ ਮੋਕੇ ਕੁਲਦੀਪ ਸਿੰਘ ਦੀਪਾ ਸਿੰਘ, ਗੁਦਾਵਰ ਸਿੰਘ, ਜੱਸਾ ਸਿੰਘ, ਸਤਨਾਮ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਚ ਨੋਜਵਾਨ ਤੇ ਮਹਿਲਾਵਾਂ ਹਾਜਰ ਸਨ।

**(ਬੱਗਾ ਸੇਲਕੀਆਣਾ)**

# ਪੰਜਾਬ ਦੇ ਬਿਜਲੀ ਖ਼ਰੀਦ ਸਮਝੌਤਿਆਂ ਨੂੰ ਰੱਦ ਕਰਨ ਦੀ ਕਾਰਵਾਈ 'ਤੇ ਬਰੇਕਾਂ

ਚੰਡੀਗੜ੍ਹ – ਸਿਆਸੀ ਹਲਕਿਆਂ 'ਚ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣੇ ਬਿਜਲੀ ਖ਼ਰੀਦ ਸਮਝੌਤਿਆਂ ਨੂੰ ਰੱਦ ਕਰਨ ਦਾ ਮਾਮਲਾ ਇਕ ਵਾਰ ਫਿਰ ਚਰਚਾ 'ਚ ਆ ਗਿਆ ਹੈ ਕਿਉਂਕਿ ਸਰਕਾਰ ਵਲੋਂ 4 ਬਿਜਲੀ ਖ਼ਰੀਦ ਸਮਝੌਤਿਆਂ ਨੂੰ ਰੱਦ ਕਰਨ ਲਈ ਜਿਹੜੇ ਨੋਟਿਸ ਜਾਰੀ ਕੀਤੇ ਸਨ, ਉਨ੍ਹਾਂ 'ਤੇ ਸੁਣਵਾਈ ਕਰਦੇ ਹੋਏ ਅਪੀਲੀਏਟ ਟ੍ਰਿਬਿਊਨਲ ਫ਼ਾਰ ਇਲੈਕਟ੍ਰੀਸਿਟੀ ਨੇ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ । ਪਾਵਰਕਾਮ ਨੇ 5 ਅਕਤੂਬਰ ਨੂੰ ਡੀ ਵੀਸੀ ਤੇ ਮੇਜਾ ਊਰਜਾ ਨਿਗਮ ਪਾਵਰ ਲਿਮਟਿਡ ਦੇ ਤਿੰਨ ਬਿਜਲੀ ਥਰਮਲ ਪਲਾਂਟ ਦੇ ਬਿਜਲੀ ਖ਼ਰੀਦ ਸਮਝੌਤਿਆਂ 'ਤੇ ਇਹ ਕਹਿ ਕੇ ਖ਼ਤਮ ਕਰਨ ਦੇ ਨੋਟਿਸ ਜਾਰੀ ਕੀਤੇ ਸਨ ਕਿ ਪਾਵਰਕਾਮ 31 ਅਕਤੂਬਰ ਤੋਂ ਬਾਅਦ ਇਨ੍ਹਾਂ ਬਿਜਲੀ ਪਲਾਂਟਾਂ ਤੋਂ ਬਿਜਲੀ ਦੀ ਖ਼ਰੀਦ ਨਹੀਂ ਕਰੇਗਾ । ਸਰਕਾਰ ਵਲੋਂ ਕੰਪਨੀਆਂ ਦੇ ਕੰਮਕਾਜ 'ਤੇ ਸਵਾਲ ਚੁੱਕੇ ਗਏ ਸੀ, ਜਿਸ ਕਰਕੇ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ, ਇਸ ਤੋਂ ਬਾਅਦ ਕੰਪਨੀਆਂ ਟ੍ਰਿਬਿਊਨਲ ਕੋਲ ਪੁੱਜ



ਗਈਆਂ ਸਨ । ਜਿਨਾਂ ਥਰਮਲ ਪਲਾਂਟਾਂ ਨੂੰ ਨੋਟਿਸ ਦਿੱਤਾ ਗਿਆ ਸੀ, ਉਨ੍ਹਾਂ 'ਚ ਦਮੋਦਰ ਘਾਟੀ ਨਿਗਮ ਦੇ ਦੁਰਗਾਪੁਰ 200 ਮੈਗਾਵਾਟ ਹਿੱਸਾ, ਰਘੁਨਾਥਪੁਰ ਦੇ 300 ਮੈਗਾਵਾਟ ਹਿੱਸਾ, ਬੋਕਾਰੋ 200 ਮੈਗਾਵਾਟ ਹਿੱਸਾ ਤੇ ਮੇਜਾ ਊਰਜਾ ਪਾਵਰ ਪ੍ਰਾਜੈਕਟ ਦਾ 85 ਮੈਗਾਵਾਟ ਹਿੱਸਾ ਸ਼ਾਮਿਲ ਸੀ । ਇਸ ਮਾਮਲੇ 'ਚ ਕਿਹਾ ਗਿਆ ਸੀ ਕਿ 3 ਰੁਪਏ ਪ੍ਰਤੀ ਯੂਨਿਟ ਤੋਂ ਜ਼ਿਆਦਾ ਬਿਜਲੀ ਦੀ ਲਾਗਤ ਵਧ ਰਹੀ ਹੈ ਜਦਕਿ ਨੋਟਿਸ ਦੇਣ ਤੋਂ ਬਾਅਦ ਕੰਪ-ਨੀਆਂ ਟ੍ਰਿਬਿਊਨਲ 'ਚ ਚਲੀਆਂ ਗਈਆਂ ਜਿੱਥੇ ਇਹ ਕਿਹਾ ਗਿਆ ਸੀ ਕਿ ਦੂਜੀ ਧਿਰ ਦਾ ਪੱਖ ਸੁਣੇ ਬਿਨਾਂ ਇਹ ਸਮਝੌਤੇ ਰੱਦ ਕਰਨ ਦੀ ਕਾਰਵਾਈ ਨਹੀਂ ਕੀਤੀ ਜਾ ਸਕਦੀ ਹੈ । ਇਸ ਨਾਲ ਕੰਪਨੀਆਂ ਨੇ ਨੁਕਸਾਨ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਸੀ । ਇਕ ਜਾਣਕਾਰੀ ਮੁਤਾਬਿਕ ਟ੍ਰਿਬਿਊਨਲ ਨੇ 5 ਅਕਤੂਬਰ 2021 ਦੇ ਰੱਦ ਕਰਨ ਦੀ ਜਾਰੀ ਕਾਰਵਾਈ 'ਤੇ ਵੀ ਰੋਕ ਲਗਾਈ ਹੈ। ਪਾਵਰਕਾਮ ਨੂੰ ਇਨ੍ਹਾਂ ਕੰਪਨੀਆਂ ਤੋਂ ਬਿਜਲੀ ਖ਼ਰੀਦ ਕਰਨ ਦਾ ਕੰਮ ਜਾਰੀ ਰੱਖਣਾ ਪਏਗਾ ਜਦਕਿ ਇਸ ਮਾਮਲੇ ਵਿਚ ਹੁਣ ਅਗਲੀ ਸੁਣਵਾਈ 11 ਜਨਵਰੀ 2022 ਵਿਚ ਹੋਏਗੀ ।

ਇਕ ਪਾਸੇ ਜਿੱਥੇ ਚਾਰ ਬਿਜਲੀ ਖ਼ਰੀਦ ਸਮਝੌਤਿਆਂ ਨੂੰ ਰੱਦ ਕਰਨ ਦੀ ਕਾਰਵਾਈ 'ਤੇ ਰੋਕ ਲੱਗ ਗਈ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਸ ਦੇ ਬਾਵਜੂਦ ਸਿਆਸੀ ਹਲਕਿਆਂ ਵਿਚ ਇਨ੍ਹਾਂ ਮੁੱਦਿਆਂ ਦੀ ਚਰਚਾ ਹੋਰ ਵਧਣ ਦੀ ਸੰਭਾਵਨਾ ਹੈ।

# ਕਰੋਨਾ ਮਹਾਂਮਾਰੀ ਦੌਰਾਨ ਲੋਕ ਸੇਵਾ ਲਈ ਸੀਤਾ ਰਾਮ ਬਾਂਸਲ ਸਨਮਾਨਿਤ



**ਹੁਸ਼ਿਆਰਪੁਰ–** ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਬਤੌਰ ਅਧਿਆਪਕ ਕੰਮ ਕਰੇ ਸੀਤਾ ਰਾਮ ਬਾਂਸਲ ਨੂੰ ਸ਼੍ਰੀ ਘਣਸ਼ਿਆਮ ਥੋਰੀ ਡਿਪਟੀ ਕਮਿਸ਼ਨਰ ਜਲੰਧਰ ਨੇ ਕਰੋਨਾ ਮਹਾਂਮਾਰੀ ਦੌਰਾਨ ਵਧੀਆ ਸੇਵਾਵਾਂ ਨਿਭਾਉਣ ਲਈ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਜ਼ਿਲ੍ਹਾ ਜਲੰਧਰ ਦੇ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਨੌਕਰੀ ਦੌਰਾਨ ਸੀਤਾ ਰਾਮ ਬਾਂਸਲ ਨੇ ਮੈਰੀਟੋਰੀਅਸ ਸਕੂਲ ਜਲੰਧਰ ਦੇ ਕੋਵਿਡ ਕੇਅਰ ਸੈਂਟਰ, ਸਿਵਲ ਹਸਪਤਾਲ ਜਲੰਧਰ ਵਿੱਚ ਬਤੌਰ ਵਲੰਟੀਅਰ ਸੇਵਾਵਾਂ ਦਿੱਤੀਆਂ। ਗਰਮੀਆਂ ਅਤੇ ਪਤਝੜ ਦੀਆਂ ਛੁੱਟੀਆਂ ਦੌਰਾਨ 46 ਦਿਨ ਸੇਵਾ ਕਰਕੇ ਇੱਕ ਮਿਸਾਲ ਪੈਦਾ ਕੀਤੀ। ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਵਿਦੇਸ਼ਾਂ ਤੋਂ ਆਉਣ ਵਾਲਿਆਂ ਲਈ ਤਹਿਸੀਲ ਸ਼ਾਹਕੋਟ ਦੇ ਕੁਅਰੰਟਾਈਨ ਸੈਂਟਰ ਜੇ ਐਨ ਵੀ ਤਲਵੰਡੀ ਮਾਧੋ ਵਿੱਚ ਸਹਾਇਕ ਨੋਡਲ ਅਫ਼ਸਰ ਦੇ ਫਰਜ਼ ਨਿਭਾਏ ਜਿਸ ਦੌਰਾਨ ਕਰੋਨਾ ਵਾਇਰਸ ਦੀ ਲਪੇਟ ਵਿਚ ਆ ਗਿਆ। ਠੀਕ ਹੋਣ ਤੋਂ ਬਾਅਦ ਸਿਵਲ ਹਸਪਤਾਲ ਜਲੰਧਰ ਵਿੱਚ ਆਕਸੀਜਨ ਦੀ ਸਪਲਾਈ ਦੀ ਮਾਨੀਟ੍ਰਿੰਗ ਲਈ ਦੁਬਾਰਾ ਵਲੰਟੀਅਰ ਸੇਵਾ ਕੀਤੀ।

ਦੇਸ਼ ਦੀ ਆਜ਼ਾਦੀ ਦੀਆਂ ਇਨਕਲਾਬੀ ਲਹਿਰਾਂ ਦੇ ਖੋਜੀ ਬਾਂਸਲ ਦਾ ਕਹਿਣਾ ਹੈ ਕਿ ਜਦੋਂ ਦੇਸ਼ ਵਾਸੀ ਕਿਸੇ ਮੁਸੀਬਤ ਵਿੱਚ ਹੋਣ ਤਾਂ ਉਨ੍ਹਾਂ ਦੀ ਸੇਵਾ ਕਰਨਾ ਹੀ ਸੱਚੀ ਦੇਸ਼ ਭਗਤੀ ਅਤੇ ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਹੈ।


# ਵਾਇਰਸ ਵਿਰੋਧੀ ਨਵੀਂ ਗੋਲੀ 90% ਤੱਕ ਕਰੋਨਾ ਮਰੀਜ਼ਾਂ ਨੂੰ ਹਸਪਤਾਲ ਤੋਂ ਬਚਾਏਗੀ-ਯੂਕੇ ਨੇ ਦਿੱਤੀ ਹਰੀ ਝੰਡੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਫਾਈਜ਼ਰ ਕੰਪਨੀ ਨੇ ਇਕ ਕਰੋਨਾ ਰੋਕਥਾਮ ਦੀ ਸਮੁੱਚੀ ਖੇਡ ਬਦਲਣ ਵਾਲੀ ਇਕ ਨਵੀਂ ਵਾਇਰਸ ਵਿਰੋਧੀ ਗੋਲੀ ਤਿਆਰ ਕਰ ਲਈ ਹੈ। ਇਹ ਗੋਲੀ ਸਹੀ ਕੰਮ ਕਰੇਗੀ ਜਾਂ ਨਹੀਂ? ਅੰਤਰਰਾਸ਼ਟਰੀ ਪੱਧਰ ਦੀਆਂ ਜਾਂਚ ਏਜੰਸੀਆਂ ਇਸ ਉਤੇ ਆਪਣੀ ਆਖਰੀ ਮੋਹਰ ਲਗਾਉਣ ਦੀ ਕਾਰਵਾਈ ਵਿਚ ਹਨ। ਪਰ ਕੰਪਨੀ ਨੇ ਕਿਹਾ ਹੈ ਕਿ 90% ਤੱਕ ਕਰੋਨਾ ਮਰੀਜ਼ ਇਹ ਗੋਲੀ ਖਾਣ ਬਾਅਦ ਹਸਪਤਾਲ ਜਾਣ ਤੋਂ ਅਤੇ ਮੌਤ ਤੋਂ ਬਚ ਸਕਦੇ ਹਨ। ਬਾਲਗ ਲੋਕਾਂ ਦੇ ਲਈ ਇਹ ਗੋਲੀ ਬਹੁਤ ਅਸਰਦਾਰ ਸਾਬਿਤ ਹੋ ਸਕਦੀ ਹੈ। ਇਸ ਵੇਲੇ ਕਰੋਨਾ ਦਾ ਜਿੰਨਾ ਵੀ ਇਲਾਜ ਹੋ ਰਿਹਾ ਹੈ ਉਹ ਆਈ ਵੀ ਜਾਂ ਇੰਜੈਕਸ਼ਨ ਰਾਹੀਂ ਹੋ ਰਿਹਾ ਸੀ ਅਤੇ ਹੁਣ ਬਿਨਾਂ ਕਿਸੀ ਸੂਈ ਦੀ ਵਰਤੋਂ ਦੇ ਲਈ ਸਾਧਾਰਨ ਗੋਲੀ ਬਣਾਈ ਜਾ ਰਹੀ ਹੈ। ਇਹ ਗੋਲੀ ਮਰਕ ਕੰਪਨੀ ਅਤੇ ਫਾਈਜ਼ਰ ਕੰਪਨੀ ਬਣਾ ਰਹੀ ਹੈ। ਇੰਗਲੈਂਡ ਨੇ ਇਸ ਕਰੋਨਾ ਗੋਲੀ ਨੂੰ ਮੰਜ਼ੂਰੀ ਦੇ ਦਿੱਤੀ ਹੈ ਅਤੇ ਕੈਨੇਡਾ ਸਰਕਾਰ ਵੀ ਇਸ ਦੀ ਮੰਜ਼ੂਰੀ ਲਈ ਆਪਣੀ ਜਾਂਚ-ਪੜ੍ਹਤਾਲ ਕਰ ਰਹੀ ਹੈ। ਫੂਡ ਐਂਡ ਡਰੱਗ ਅਤੇ ਅੰਤਰ-ਰਾਸ਼ਟਰੀ ਕਾਨੂੰਨੀ ਮਾਨਤਾ ਇਸ ਗੋਲੀ ਉਤੇ ਆਪਣਾ ਪ੍ਰਤੀਕਰਮ ਜਲਦੀ ਦੇ ਸਕਦੇ ਹਨ।




# ਨਿਊਜ਼ੀਲੈਂਡ ਹਾਸਪਿਟੈਲਿਟੀ ਨੇ ਆਖਿਆ ਬਿਜ਼ਨਸ ਖੋਲ੍ਹੋ ਜਾਂ ਸਾਡੇ ਲਈ ਡ੍ਰਿਪ ਅਤੇ ਸਾਹ ਵਾਲੀ ਮਸ਼ੀਨ ਤਿਆਰ ਰੱਖੋ


**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦਾ ਪ੍ਰਾਹੁਣਚਾਰੀ ਉਦਯੋਗ (ਹਾਸਪਿਟੈਲਿਟੀ ਬਿਜ਼ਨਸ) ਇਸ ਵੇਲੇ ਆਪਣੇ ਬੰਦ ਵਪਾਰ ਦੇ ਦਰਦ ਤੋਂ ਅੱਕ ਕੇ, ਸਰਕਾਰ ਦੇ ਨਾਲ ਖੁੱਲ੍ਹੀ ਬਹਿਸ 'ਚ ਅੱਗੇ ਆ ਰਿਹਾ ਹੈ ਅਤੇ ਸਾਫ ਕਹਿ ਦਿੱਤਾ ਹੈ ਕਿ ਉਹ ਆਪਣੇ ਔਕਲੈਂਡ ਖੇਤਰ ਦੇ ਅਦਾਰੇ 01 ਦਸੰਬਰ 2021 ਤੋਂ ਖੋਲ੍ਹ ਲੈਣਗੇ। ਇਸ ਖੇਤਰ ਵਿਚ ਕੰਮ ਕਰਨ ਵਾਲੀ ਲਾਬੀ ਇਕੱਤਰ ਹੋ ਰਹੀ ਹੈ ਅਤੇ ਇਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਸਾਰੇ ਬਿਜ਼ਨਸ ਨਾ ਖੋਲ੍ਹੇ ਗਏ ਤਾਂ ਸਾਡੇ ਲਈ ਆਈ। ਸੀ। ਯੂ ਦੇ ਵਿਚ ਜਗ੍ਹਾ ਬਣਾ ਕੇ ਰੱਖੋ, ਸਾਡੇ ਲਈ ਹਸਪਤਾਲ ਦੇ ਬੈਡ ਉਤੇ ਡ੍ਰਿਪ ਦਾ ਪ੍ਰਬੰਧ ਕਰੋ ਅਤੇ ਸਾਡੇ ਲਈ ਰੈਸਕਿਉਟੇਟਰ (ਸਾਹ ਪ੍ਰਣਾਲੀ ਚਲਦੀ ਰੱਖਣ ਵਾਲੀ ਮਸ਼ੀਨ) ਤਿਆਰ ਰੱਖੋ। ਅਦਾਰਿਆਂ ਦੇ ਮਾਲਕ ਹੁਣ ਕਹਿੰਦੇ ਹਨ ਕਿ ਉਨ੍ਹਾਂ ਨੂੰ ਹਰ ਰੋਜ਼ ਮੀਡੀਆ ਰਾਹੀਂ ਕੋਵਿਡ-19 ਬਾਰੇ ਅੰਕੜਿਆਂ ਨਾਲ ਉਨ੍ਹਾਂ ਨੂੰ ਭਰਮਾਇਆ ਜਾ ਰਿਹਾ ਹੈ ਕਿ ਕਿ ਕੌਣ ਕਰੋਨਾ ਪਾਜ਼ੇਟਿਵ ਹੈ? ਉਹ ਕਿਵੇਂ ਪਾਜ਼ੇਟਿਵ ਹੋਏ? ਅਤੇ ਉਨ੍ਹਾਂ ਨੂੰ ਕਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਇਨ੍ਹਾਂ ਸਾਰੇ ਫਿਕਰਮੰਦ ਅਦਾਰਿਆਂ ਨੇ ਕਿਹਾ ਕਿ ਪ੍ਰਾਹੁਣਚਾਰੀ ਉਦਯੋਗ ਸ਼ਹਿਰ ਦੇ ਦਿਲ ਦੀ ਧੜਕਣ ਹੈ ਅਤੇ ਇਹ ਧੜਕਣ 81 ਦਿਨਾਂ ਤੋਂ ਲਗਪਗ ਬੰਦ ਚੱਲ ਰਹੀ ਹੈ। ਇਨ੍ਹਾਂ ਅਦਾਰਿਆਂ ਨੇ ਮੰਗ ਕੀਤੀ ਹੈ ਕਿ ਸਰਕਾਰ 1 ਦਸੰਬਰ ਤੋਂ ਸਾਰੇ ਵਪਾਰਕ ਅਦਾਰੇ ਖੋਲ੍ਹਣ ਦਾ ਐਲਾਨ ਕਰੇ ਚਾਹੇ ਟੀਕਾਕਰਣ 90% ਪੂਰਾ ਹੁੰਦਾ ਹੈ ਜਾਂ ਨਹੀਂ। ਹੁਣ ਪੂਰਾ ਸੰਸਾਰ ਇਸ ਕਰੋਨਾ ਵਾਇਰਸ ਦੇ ਨਾਲ ਰਹਿਣ ਦਾ ਆਦੀ ਹੋ ਰਿਹਾ ਹੈ। ਕਰੋਨਾ ਸਾਡੇ ਰਹਿਣ-ਸਹਿਣ ਲਈ ਸਾਡੇ ਉਤੇ ਹਕੂਮਤ ਕਰਨ ਦਾ ਜ਼ਰੀਆ ਨਹੀਂ ਬਨਣਾ ਚਾਹੀਦਾ।




# ਸੁਖਮਿੰਦਰ ਰਾਮਪੁਰੀ ਅਤੇ ਪ੍ਰਿੰ ਜਗਦੀਸ਼ ਸਿੰਘ ਘਈ ਦਾ ਸਦੀਵੀ ਵਿਛੋੜਾ

**ਚੰਡੀਗੜ੍ਹ–**ਪੰਜਾਬੀ ਦੇ ਚਰਚਿਤ ਕਵੀ ਅਤੇ ਸੁਰੀਲੇ ਗੀਤਕਾਰ ਸੁਖਮਿੰਦਰ ਰਾਮਪੁਰੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸਾਹਿਤ ਸਭਾ ਰਾਮਪੁਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ।) ਦੇ ਉੱਘੇ ਕਾਰਕੁਨ ਅਤੇ ਆਗੂ ਸਨ। ਉਹ ਪਿਛਲੇ ਦਹਾਕੇ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਉਨ੍ਹਾਂ ਨੇ ਭਾਵੇਂ ਇੱਕ ਨਾਵਲ ਵੀ ਲਿਖਿਆ, ਪਰ ਉਨ੍ਹਾਂ ਦੀ ਪਛਾਣ ਇੱਕ ਮਧੁਰ ਗੀਤਕਾਰ ਤੇ ਪ੍ਰਤੀਬੱਧ ਕਵੀ ਵਜੋਂ ਸੀ। ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਸੁਖਮਿੰਦਰ ਰਾਮਪੁਰੀ ਨੇ ਪੰਜਾਬੀ ਸਾਹਿਤ ਨੂੰ 'ਯੁਗਾਂ ਯੁਗਾਂ ਦੀ ਪੀੜ', 'ਅਸੀਮਤ ਸਫ਼ਰ', 'ਮਿਹਰਬਾਨ ਹੱਥ', 'ਮੈਂ ਨਿਰੀ ਪਤਝੜ ਨਹੀਂ', 'ਧੀਆਂ', 'ਅੱਜ ਤੀਕ', 'ਇਹ ਸਫ਼ਰ ਜਾਰੀ ਰਹੇ', 'ਸਫ਼ਰ ਸਾਡੀ ਬੰਦਗੀ', 'ਤੁਹਾਨੂੰ ਕਿਵੇਂ ਲੱਗਦੀ ਹੈ' ਅਤੇ 'ਪੈਰੋਲ 'ਤੇ ਆਈ ਕਵਿਤਾ' ਆਦਿ ਕਾਵਿ ਸੰਗ੍ਰਹਿ ਦਿੱਤੇ। ਉਨ੍ਹਾਂ ਦਾ ਨਾਵਲ 'ਗੁਲਾਬੀ ਛਾਂ ਵਾਲੀ ਕੁੜੀ' ਪੰਜਾਬੀ ਹਲਕਿਆਂ 'ਚ ਖ਼ਾਸ ਚਰਚਿਤ ਰਿਹਾ। ਉਹ ਆਪਣੇ ਸਮੇਂ ਦੇ ਉੱਘੇ ਖਿਡਾਰੀ ਵੀ ਸਨ।





ਉੱਘੇ ਸਿੱਖਿਆ ਸ਼ਾਸਤਰੀ, ਸਮਾਜ ਸੇਵੀ ਅਤੇ ਸਾਹਿਤ ਪ੍ਰੇਮੀ ਪ੍ਰਿੰ। ਜਗਦੀਸ਼ ਸਿੰਘ ਘਈ ਬਠਿੰਡਾ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ 11-11-1941 ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਸੱਦਾ ਸਿੰਘ ਵਾਲਾ ਵਿਖੇ ਸੁਤੰਤਰਤਾ ਸੈਨਾਨੀ ਸ। ਬਿਸ਼ਨ ਸਿੰਘ ਦੇ ਗ੍ਰਹਿ ਵਿਖੇ ਮਾਤਾ ਲਾਜਵੰਤੀ ਦੀ ਕੁੱਖੋਂ ਹੋਇਆ। ਉਹ ਕੁਝ ਸਮਾਂ ਰੇਲਵੇ ਵਿਭਾਗ ਵਿੱਚ ਰਹੇ, ਜਿੱਥੇ ਰੇਲਵੇ ਮੁਲਾਜ਼ਮਾਂ ਦੇ ਸੰਘਰਸ਼ ਨੂੰ ਲਾਮਬੰਦ ਕਰਨ ਕਰਕੇ ਉਨ੍ਹਾਂ ਨੂੰ ਨੌਕਰੀ ਤੋਂ ਹੱਥ ਧੋਣਾ ਪਿਆ। ਉਨ੍ਹਾਂ ਨੇ ਬਠਿੰਡਾ ਵਿਖੇ ਫੁਲਵਾੜੀ ਕਾਲਜ ਦੀ ਸਥਾਪਨਾ ਕੀਤੀ, ਜੋ ਬਾਅਦ ਵਿੱਚ ਪੰਜਾਬੀ ਲੇਖਕਾਂ ਅਤੇ ਸਾਹਿਤਕ, ਸੱਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣਿਆ। ਫੁਲਵਾੜੀ ਕਾਲਜ ਬਠਿੰਡਾ ਜਿਸ ਦੇ ਉਹ ਪ੍ਰਿੰਸੀਪਲ ਸਨ, ਨੇ ਉੱਘੇ ਸਿੱਖਿਆ ਸ਼ਾਸਤਰੀ, ਚਿੰਤਕ, ਲੇਖਕ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਪੌਧ ਤਿਆਰ ਕੀਤੀ। ਉਹ ਨਗਰ ਕੌਂਸਲ ਬਠਿੰਡਾ ਦੇ ਮੀਤ ਪ੍ਰਧਾਨ ਰਹੇ। ਉਹ ਪਬਲਿਕ ਲਾਇਬਰੇਰੀ ਬਠਿੰਡਾ ਦੇ ਜਨਰਲ ਸਕੱਤਰ ਸਨ। ਆਪਣੀ ਹਯਾਤੀ ਦਾ ਲੰਮਾ ਹਿੱਸਾ ਉਨ੍ਹਾਂ ਨੇ ਸਮਾਜ ਸੇਵਾ, ਸਾਹਿਤਕ ਸਰਗਰਮੀਆਂ ਅਤੇ ਪਬਲਿਕ ਲਾਇਬਰੇਰੀ ਬਠਿੰਡਾ ਨੂੰ ਅਰਪਿਤ ਕੀਤਾ। ਉਹ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ।) ਦੇ ਕਈ ਅਹੁਦਿਆਂ 'ਤੇ ਪੂਰੀ ਤਨਦੇਹੀ ਨਾਲ ਸਰਗਰਮ ਰਹੇ।

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ।) ਦੇ ਪ੍ਰਧਾਨ ਸ੍ਰੀ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਸੁਖਮਿੰਦਰ ਰਾਮਪੁਰੀ ਅਤੇ ਪ੍ਰਿੰਸੀਪਲ ਜਗਦੀਸ਼ ਸਿੰਘ ਘਈ ਦੇ ਵਿਛੋੜੇ ਨਾਲ ਅਸੀਂ ਇੱਕ ਉੱਘੇ ਕਵੀ, ਚਿੰਤਕ ਅਤੇ ਇੱਕ ਸਮਰਪਿਤ ਸਮਾਜ ਸੇਵੀ ਅਤੇ ਸਾਹਿਤ ਨੂੰ ਪ੍ਰੋਤਸਾਹਨ ਦੇਣ ਵਾਲੀਆਂ ਸ਼ਖ਼ਸੀਅਤਾਂ ਤੋਂ ਵਾਂਝੇ ਹੋ ਗਏ ਹਾਂ। ਉਨ੍ਹਾਂ ਨੇ ਦੋਹਾਂ ਲੇਖਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com



for Insurance Call:
NIRMAL SINGH BADHAN
707-228-2020
Lic #0144676

NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

# ਅੰਮ੍ਰਿਤਸਰ (ਪੰਜਾਬ) ਵਿਖੇ 27ਵਾਂ ਅੰਤਰਰਾਸ਼ਟਰੀ ਮਿੰਨੀ ਕਹਾਣੀ ਸਮਾਗਮ

## ਤ੍ਰੈਮਾਸਿਕ ਸ਼ਬਦ ਤ੍ਰਿੰਜਣ, ਤ੍ਰੈਮਾਸਿਕ ਮਿੰਨੀ,ਕਈ ਹੋਰ ਮੈਗਜ਼ੀਨ ਅਤੇ ਪੁਸਤਕਾਂ ਰਿਲੀਜ਼

**ਸਿਆਟਲ (ਮੰਗਤ ਕੁਲਜਿੰਦ)–** ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਵੱਲੋਂ 27ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਇਸ ਵਾਰ ਭਾਰਤ ਗਿਆਨ ਵਿਗਿਆਨ ਸੰਮਤੀ (ਰਜਿ।) ਚੰਡੀਗੜ ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ।) ਅੰਮ੍ਰਿਤਸਰ ਦੇ ਸਹਿਯੋਗ ਨਾਲ ਕਿਸਾਨੀ ਅੰਦੋਲਨ ਨੂੰ ਸਮਰਪਿਤ ਮਿਤੀ 16-17 ਅਕਤੂਬਰ ਨੂੰ ਮਾਨਾਂਵਾਲਾ ਬ੍ਰਾਂਚ ਪਿੰਗਲਵਾੜਾ ਅੰਮ੍ਰਿਤਸਰ ਦੇ ਮਾਤਾ ਮਹਿਤਾਬ ਕੌਰ ਹਾਲ ਵਿਖੇ ਕਰਵਾਇਆ ਗਿਆ। ਇਹ ਪ੍ਰੋਗਰਾਮ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰੈਸ ਸਕੱਤਰ ਮੰਗਤ ਕੁਲਜਿੰਦ ਦੀ ਸਭਾ ਵੱਲੋਂ ਨੁਮਾਇੰਦੀ ਦੇ ਕਾਰਨ ਅੰਤਰ ਰਾਸ਼ਟਰੀ ਬਣ ਗਿਆ। ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਦੇ ਸਰਪ੍ਰਸਤ ਡਾ ਸ਼ਿਆਮ ਸੁੰਦਰ ਦੀਪਤੀ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਵਿਚ ਭਾਰਤ ਦੇ ਵੱਖ ਵੱਖ ਰਾਜਾਂ ਅਤੇ ਵਿਦੇਸ਼ ਤੋਂ ਮਿੰਨੀ ਕਹਾਣੀ ਲੇਖਕਾਂ,ਆਲੋਚਕਾਂ ਅਤੇ ਸਹਿਯੋਗੀਆਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਡਾ।ਭਵਾਨੀ ਸ਼ੰਕਰ ਗਰਗ ਨੇ ਸੁਰਜੀਤ ਪਾਤਰ ਹੁਰਾਂ ਦੀ ਮਕਬੂਲ ਕਵਿਤਾ 'ਉੱਠ ਜਗਾ ਦੇ ਮੋਮਬੱਤੀਆਂ' ਤਰੁੰਨਮ ਵਿਚ ਗਾ ਕੇ ਕੀਤੀ।ਇਸ ਤੋਂ ਬਾਅਦ ਪ੍ਰੋਗਰਾਮ ਦੇ ਸੰਯੋਜਕ ਜਗਦੀਸ਼ ਰਾਏ ਕੁਲਰੀਆਂ ਨੇ ਹਾਜ਼ਰੀਨ ਨੂੰ ਜੀ ਆਇਆਂ ਨੂੰ ਕਹਿੰਦੇ ਹੋਏ, ਪ੍ਰੋਗਰਾਮ ਦੀ ਰੂਪ ਰੇਖਾ ਬਾਰੇ ਜਾਣੂੰ ਕਰਵਾਇਆ। ਮੰਚ ਦੇ ਕਨਵੀਨਰ ਹਰਭਜਨ ਸਿੰਘ ਖੇਮਕਰਨੀ ਨੇ ਤ੍ਰੈਮਾਸਿਕ 'ਮਿੰਨੀ' ਦੇ 33 ਸਾਲਾਂ ਦੇ ਸਫ਼ਰ ਅਤੇ ਮੰਚ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਮਿੰਨੀ ਕਹਾਣੀ ਦੇ ਇਸ ਸਮਾਗਮ ਵਿੱਚ ਡਾ।ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਮੁੱਖ ਮਹਿਮਾਨ ਅਤੇ ਡਾ ਪੀ ਐਲ ਗਰਗ ਚੰਡੀਗੜ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਸਰੋਤਿਆਂ ਨੂੰ ਸੰਬੋਧਨ ਕਰਦਿਆਂ ਬੀਬੀ ਇੰਦਰਜੀਤ ਕੌਰ ਨੇ ਲੇਖਕਾਂ ਬੁਧੀਜੀਵੀਆਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਦੀ ਸਿਰਜਣਾ ਕਰਨ ਤਾਂ ਕਿ ਨਰੋਆ,ਸਿਹਤਮੰਦ ਤੇ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਵਾਲੇ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ। ਉਨ੍ਹਾਂ ਪਿੰਗਲਵਾੜਾ ਸੰਸਥਾ ਦੇ ਕਾਰਜਾਂ ਅਤੇ ਸਾਹਿਤਕ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਵਿਸਥਾਰ ਵਿੱਚ ਦੱਸਿਆ।ਕਿਸਾਨੀ ਅੰਦੋਲਨ ਦੇ ਵਿਸ਼ੇ ਨਾਲ ਜੁੜੀਆਂ ਮਿੰਨੀ ਕਹਾਣੀਆਂ ਪੜ੍ਹਨ ਦੇ ਦੌਰ ਵਿਚ ਸੀਮਾ ਵਰਮਾ ਨੇ 'ਹੱਕ ਦੀ ਲੜਾਈ', ਸੁਰਿੰਦਰ ਕੈਲੇ ਨੇ 'ਚੜ੍ਹਦੇ ਸੂਰਜ ਦੀ ਲਾਲੀ', ਕੁਲਵਿੰਦਰ ਕੌਸ਼ਲ ਨੇ 'ਪੁੱਠੇ ਦਿਮਾਗ ਦਾ ਬੰਦਾ', ਮਹਿੰਦਰਪਾਲ ਮਿੰਦਾ ਨੇ 'ਏਹੋ ਹਮਾਰਾ ਜੀਵੁਣਾ', ਜਗਦੀਸ਼ ਰਾਏ ਕੁਲਰੀਆਂ ਨੇ 'ਬਾਜ਼ੀ', ਦਰਸ਼ਨ ਸਿੰਘ ਬਰੇਟਾ ਨੇ 'ਬਰਕਤ', ਗੁਰਸੇਵਕ ਸਿੰਘ ਰੋੜਕੀ ਨੇ 'ਰਾਹ ਦਸੇਰਾ', ਰਣਜੀਤ ਆਜ਼ਾਦ ਕਾਂਝਲਾ ਨੇ 'ਕਿਸਾਨ ਅੰਦੋਲਨ', ਰਘਬੀਰ ਸਿੰਘ ਮਹਿਮੀ ਨੇ 'ਵਾਰਸ' ਨਾਮੀਂ ਮਿੰਨੀ ਕਹਾਣੀਆਂ ਦਾ ਪਾਠ ਕੀਤਾ।ਇਹਨਾਂ ਮਿੰਨੀ ਕਹਾਣੀਆਂ ਦੀ ਪੜਚੋਲ ਕਰਦੇ ਹੋਏ ਡਾ ਨਾਇਬ ਸਿੰਘ ਮੰਡੇਰ ਨੇ ਕਿਹਾ ਕਿ ਪੰਜਾਬੀ ਮਿੰਨੀ ਕਹਾਣੀ ਨੇ ਕਿਸਾਨੀ ਅੰਦੋਲਨ ਨੂੰ ਸਹੀ ਅਰਥਾਂ ਵਿਚ ਰੂਪਮਾਨ ਕੀਤਾ ਹੈ ਅਤੇ ਇਕ ਇਤਿਹਾਸ ਵਾਂਗੂੰ ਇਸ ਨੂੰ ਸਾਂਭ ਲਿਆ ਹੈ। ਗੁਰਮੇਲ ਸ਼ਾਮਨਗਰ ਦੀ ਨਿਰਦੇਸ਼ਨਾ ਹੇਠ 'ਲੋਕ ਕਲਾ ਮੰਚ ਮਜੀਠਾ' ਦੀ ਟੀਮ ਵੱਲੋਂ ਕਿਸਾਨੀ ਅੰਦੋਲਨ ਤੇ ਲਿਖੀਆਂ ਮਿੰਨੀ ਕਹਾਣੀਆਂ ਨੂੰ ਆਧਾਰ ਬਣਾ ਕੇ 'ਮਿੱਟੀ ਦੇ ਜਾਏ' ਨਾਟਕ ਖੇਡਿਆ ਗਿਆ ਜਿਸ ਨੂੰ ਭਰਪੂਰ ਸਲਾਹਿਆ ਗਿਆ। ਪੰਜਾਬੀ ਮਿੰਨੀ ਕਹਾਣੀ ਪਾਠ ਤੇ ਚਰਚਾ ਵਿਚ ਦਰਸ਼ਨ ਸਿੰਘ ਬਰੇਟਾ ਨੇ 'ਜ਼ਿੰਦਗੀ ਦੀ ਵਾਪਸੀ',ਬੀਰ ਇੰਦਰ ਬਨਭੌਰੀ ਨੇ 'ਧਰਮ', ਡਾ ਕਰਮਜੀਤ ਸਿੰਘ ਨਡਾਲਾ ਨੇ 'ਦੀਵੇ', ਸੁਖਦਰਸ਼ਨ ਗਰਗ ਨੇ 'ਅੱਧੀ ਹੀ ਸਹੀ',ਸੁਰਿੰਦਰ ਕੈਲੇ ਨੇ 'ਵਾਘੇ ਦੀ ਵਾੜ',ਰਣਜੀਤ ਆਜ਼ਾਦ ਕਾਂਝਲਾ ਨੇ 'ਸੁਆਲ',ਬੂਟਾ ਖਾਨ ਸੁੱਖੀ ਨੇ 'ਗੁਨਾਹ', ਗੁਰਮੀਤ ਰਾਮਪੁਰੀ ਨੇ 'ਭੇਤ', ਐਮ ਅਨਵਾਰ ਅੰਜੁਮ ਨੇ 'ਜ਼ਿੰਮੇਵਾਰੀ', ਪ੍ਰਗਟ ਸਿੰਘ ਜੰਬਰ ਨੇ 'ਮੌਲਾ ਬਲਦ', ਸੁਰਜੀਤ ਸਿੰਘ ਜੀਤ ਨੇ 'ਨਿਰਭੈ', ਹਰਪ੍ਰੀਤ ਸਿੰਘ ਰਾਣਾ ਨੇ 'ਪਾਗਲ', ਰਘਬੀਰ ਸਿੰਘ ਮਹਿਮੀ ਨੇ 'ਜੁਰਮਾਨਾ',ਵਿਵੇਕ ਨੇ 'ਦਬਕਾ', ਸਤਨਾਮ ਜੱਸੜ ਨੇ 'ਸਾਂਝ', ਹਰਭਜਨ ਖੇਮਕਰਨੀ ਨੇ 'ਭੁੱਬਲ ਦਾ ਸੇਕ', ਰਾਜਵੰਤ ਕੌਰ ਬਾਜਵਾ ਨੇ 'ਬਾਪੂ ਹਰਨਾਮ ਸਿੰਘ',ਹਰਜੀਤ ਸਿੰਘ ਨੇ 'ਸਵੇਰ', ਸੀਮਾ ਵਰਮਾ ਨੇ 'ਉਸ ਦੀ ਮਾਂ', ਗੁਰਪ੍ਰੀਤ ਕੌਰ ਨੇ 'ਝੰਡੇ ਵਾਲੀ ਬਾਂਹ',ਸੁਖਵਿੰਦਰ ਦਾਨਗੜ ਨੇ 'ਵੋਟ ਦਾ ਮੁੱਲ', ਮੰਗਤ ਕੁਲਜਿੰਦ ਸਿਆਟਲ ਨੇ 'ਵਾਸਤਾ', ਗੁਰਸੇਵਕ ਸਿੰਘ ਰੋੜਕੀ ਨੇ 'ਇਥੇ ਕੀ ਹੈ', ਰਾਜਦੇਵ ਕੌਰ ਸਿਧੂ ਨੇ 'ਕੁਦਰਤ ਦੇ ਰੰਗ', ਭੁਪਿੰਦਰ ਸਿੰਘ ਮਾਨ ਨੇ 'ਇਨਸਾਨ', ਸੋਮਾ ਕਲਸੀਆ ਨੇ 'ਪਾੜਾ',ਕੇ ਸਾਈਲੋਕ ਨੇ 'ਗੁੰਝਲਾਂ', ਅਮਰਜੀਤ ਕੌਰ ਹਰੜ ਨੇ 'ਕਿਰਦਾਰ', ਇੰਜ ਇਕਬਾਲ ਸਿੰਘ ਨੇ 'ਹੋਣੀ ਅਣਹੋਣੀ', ਜਗਦੀਸ਼ ਕੁਲਰੀਆਂ ਨੇ 'ਜ਼ਿੰਦਗੀ', ਮਹਿੰਦਰਪਾਲ ਮਿੰਦਾ ਨੇ 'ਆਸ', ਡਾ ਨਾਇਬ ਸਿੰਘ ਮੰਡੇਰ ਨੇ 'ਰੌਸ਼ਨੀ', ਕੁਲਵਿੰਦਰ ਕੌਸ਼ਲ ਨੇ 'ਵਿਰਾਸਤ', ਪਰਮਜੀਤ ਕੌਰ ਨੇ 'ਵੀਡਿਓ ਕਾਲ', ਸਤਪਾਲ ਖੁੱਲਰ ਨੇ 'ਸ਼ਿਸ਼' ਅਤੇ ਰਮਨਦੀਪ ਕੌਰ ਰੰਮੀ ਗਿਦੜਬਾਹਾ ਨੇ 'ਆਸ' ਨਾਮੀਂ ਮਿੰਨੀ ਕਹਾਣੀਆਂ ਦਾ ਪਾਠ ਕੀਤਾ, ਜਿੰਨ੍ਹਾਂ 'ਤੇ ਡਾ ਅਸ਼ੋਕ ਭਾਟੀਆ ਕਰਨਾਲ, ਡਾ।ਕੁਲਦੀਪ ਸਿੰਘ ਕੁਰੂਕਸ਼ੇਤਰਾ ਯੂਨੀਵਰਸਿਟੀ, ਨਿਰੰਜਣ ਬੋਹਾ, ਡਾ ਦੀਪਾ ਕੁਮਾਰ ਦਿੱਲੀ ਯੂਨੀਵਰਸਿਟੀ ਅਤੇ ਡਾ ਰਵਿੰਦਰ ਸਿੰਘ ਸੰਧੂ ਪੰਜਾਬੀ ਯੂਨੀਵਰਸਿਟੀ ਰੀਜ਼ਨਲ ਸੈਂਟਰ ਬਠਿੰਡਾ ਨੇ ਆਲੋਚਨਾਤਮਕ ਸਮੀਖਿਆ ਕਰਦੇ ਹੋਏ ਮਿੰਨੀ ਕਹਾਣੀ ਦੀਆਂ ਕਲਾਤਮਿਕ ਜੁਗਤਾਂ, ਸਮਾਜਿਕ ਸਰੋਕਾਰਾਂ, ਮਿੰਨੀ ਕਹਾਣੀ ਦੀ ਬਣਤਰ, ਬੁਣਤਰ ਅਤੇ ਵਿਧਾਨਕ ਢਾਂਚੇ ਬਾਰੇ ਗੱਲ ਕੀਤੀ। ਹਿੰਦੀ ਲਘੁਕਥਾ ਦੇ ਪਾਠ ਤੇ ਚਰਚਾ ਵਿਚ ਡਾ। ਅਸ਼ੋਕ ਵੈਰਾਗੀ ਨੇ 'ਬਰਫ਼ੀਲੀ ਆਗ', ਯੋਗਰਾਜ ਪ੍ਰਭਾਕਰ ਨੇ 'ਜੰਬੂ ਦੀਪੇ ਭਾਰਤ ਖੰਡੇ', ਬਲਰਾਮ ਅਗਰਵਾਲ ਨੇ 'ਵਿਸਾਖਾਨੰਦਨ', ਅਸ਼ੋਕ ਭਾਟੀਆ ਨੇ 'ਸੂਤਰਧਾਰ',ਅੰਜੂ ਖਰਬੰਦਾ ਨੇ 'ਸੌ ਵਟਾ ਸੌ', ਸੀਮਾ ਭਾਟੀਆ ਨੇ 'ਆਪਣੇ ਆਪਣੇ ਆਸਮਾਨ', ਕਾਂਤਾ ਰਾਏ ਨੇ 'ਪ੍ਰਕਾਸ਼ ਕੇ ਮੁਹਾਨੇ ਪਰ', ਡਾ।ਮੇਜਰ ਸ਼ਕਤੀ ਰਾਜ ਕੌਸ਼ਿਕ ਨੇ 'ਗੰਗਾ ਸ਼ਨਾਨ', ਡਾ ਸ਼ੀਲ ਕੌਸ਼ਿਕ ਨੇ 'ਬਦਲਤੀ ਪ੍ਰਸ਼ਨਾਵਲੀ', ਰਾਧੇ ਸ਼ਿਆਮ ਭਾਰਤੀਯ ਨੇ 'ਧਰਮ', ਪ੍ਰਦੂਮਣ ਭੱਲਾ ਨੇ 'ਬੜੇ ਸਾਬ੍ਹ' ਅਤੇ ਅਸ਼ੋਕ ਦਰਦ ਨੇ 'ਦੋ ਦ੍ਰਿਸ਼' ਨਾਮੀਂ ਲਘੁਕਥਾਵਾਂ ਦਾ ਪਾਠ ਕੀਤਾ ਜਿਹਨਾਂ ਉੱਤੇ ਡਾ ਕੁਲਦੀਪ ਸਿੰਘ ਦੀਪ ਅਤੇ ਪ੍ਰੋ ਗੁਰਦੀਪ ਢਿਲੋਂ ਨੇ ਚਰਚਾ ਕਰਦਿਆਂ ਹਿੰਦੀ ਲਘੁਕਥਾ ਦੇ ਵਿਭਿੰਨ ਪੱਖਾਂ ਨੂੰ ਉਭਾਰਿਆ। 'ਪੰਜਾਬੀ ਮਿੰਨੀ ਕਹਾਣੀ ਤੇ ਨਾਟਕੀ ਸੰਭਾਵਨਾਵਾਂ' ਵਿਸ਼ੇ ਉਪਰ ਡਾ ਪਿਆਰਾ ਲਾਲ ਗਰਗ, ਕਨਵੀਨਰ ਭਾਰਤ ਗਿਆਨ ਵਿਗਿਆਨ ਸੰਮਤੀ ਅਤੇ ਕੇਵਲ ਧਾਲੀਵਾਲ ਸ਼੍ਰੋਮਣੀ ਨਾਟਕਕਾਰ ਨੇ ਗੱਲਬਾਤ ਕਰਦੇ ਹੋਏ ਮਿੰਨੀ ਕਹਾਣੀ ਵਿਚ ਨਾਟਕੀ ਸੰਭਾਵਨਾਵਾਂ ਦੇ ਨਾਲ ਨਾਲ ਰੰਗਮੰਚ ਦਾ ਲੋਕ ਜਨ ਨਾਲ ਸੰਬੰਧ ਅਤੇ ਇਸ ਦੇ ਰੋਲ ਬਾਰੇ ਵੀ ਵਿਸਥਾਰ ਵਿਚ ਗੱਲ ਕੀਤੀ। ਡਾ।ਗਰਗ ਨੇ ਵਰਕਸ਼ਾਪਾਂ ਲਾਉਣ ਦੇ ਉਦੇਸ਼ ਅਤੇ ਕਾਰਜਪ੍ਰਣਾਲੀ ਬਾਰੇ ਵੀ ਚਾਨਣਾ ਪਾਇਆ।ਅਸ਼ੋਕ ਪੁਰੀ ਦੀ ਸੰਚਾਲਨਾ ਹੇਠ ਹੋਏ ਇਸ ਸ਼ੈਸ਼ਨ ਵਿਚ ਸੁਰਿੰਦਰ ਕੈਲੇ, ਡਾ।ਕੁਲਦੀਪ ਪੁਰੀ, ਭੁਪਿੰਦਰ ਸਿੰਘ ਮਾਨ, ਗੁਰਮੇਲ ਸ਼ਾਮਨਗਰ ਅਤੇ ਪ੍ਰਗਟ ਸਿੰਘ ਜੰਬਰ ਨੇ ਵੀ ਵਿਚਾਰ ਰੱਖੇ।

ਅਸ਼ੋਕ ਪੁਰੀ ਵੱਲੋਂ ਆਪਣੀ ਟੀਮ ਨਾਲ ਨਾਟਕ ਦੀ ਪੇਸ਼ਕਾਰੀ ਵੀ ਕੀਤੀ ਗਈ।ਪੁਸਤਕ ਰਿਲੀਜ ਦੇ ਵਿਚ ਤ੍ਰੈਮਾਸਿਕ 'ਸ਼ਬਦ ਤ੍ਰਿੰਜਣ' ਬਠਿੰਡਾ ਦਾ ਨਵਾਂ ਅੰਕ (ਸੰ: ਮੰਗਤ ਕੁਲ-ਜਿੰਦ), ਤ੍ਰੈਮਾਸਿਕ 'ਮਿੰਨੀ' ਦਾ ਅੰਕ ਨੰਬਰ 132, 'ਮਿੱਟੀ ਦੇ ਜਾਏ' (ਕਿਸਾਨੀ ਅੰਦੋਲਨ ਨਾਲ ਜੁੜੀਆਂ ਮਿੰਨੀ ਕਹਾਣੀਆਂ), ਗ਼ੌਰਤਲਬ ਮਿੰਨੀ ਕਹਾਣੀਆਂ-9 (ਜ਼ਿੰਦਗੀ ਦੀ ਵਾਪਸੀ-ਦਰਸ਼ਨ ਸਿੰਘ ਬਰੇਟਾ), ਗ਼ੌਰਤਲਬ ਮਿੰਨੀ ਕਹਾਣੀਆਂ-10 (ਬਦਲਦੀ ਹਵਾ-ਹਰਪ੍ਰੀਤ ਸਿੰਘ ਰਾਣਾ), ਕਾਗਜ਼ ਦਾ ਪਿੰਡ (ਕਾਂਤਾ ਰਾਏ, ਭੋਪਾਲ,

ਅਨੁਵਾਦਕ: ਵਿਵੇਕ), ਮੈਂ ਹਵਾੜ ਨਹੀਂ (ਮਿੰਨੀ ਕਹਾਣੀ ਸੰਗ੍ਰਹਿ-ਅਮਰਜੀਤ ਕੌਰ ਹਰੜ) , ਛੂਟਾ ਹੂਆ ਸਾਮਾਨ-ਲਘੂ ਕਥਾ ਸੰਗ੍ਰਹਿ (ਡਾ ਸ਼ੀਲ ਕੌਸ਼ਿਕ), ਤ੍ਰੈਮਾਸਿਕ 'ਅਣੂ' ਦਾ ਨਵਾਂ ਅੰਕ (ਸੰ: ਸੁਰਿੰਦਰ ਕੈਲੇ), ਅਨਿਲ ਸ਼ੂਰ ਆਜ਼ਾਦ ਦੀਆਂ ਚੌਣਵੀਆਂ ਮਿੰਨੀ ਕਹਾਣੀਆਂ (ਅਨੁ: ਯੋਗਰਾਜ ਪ੍ਰਭਾਕਰ), ਮਧੂਦੀਪ ਦੀਆਂ ਚੌਣਵੀਆਂ ਮਿੰਨੀ ਕਹਾਣੀਆਂ (ਅਨੁ: ਯੋਗਰਾਜ ਪ੍ਰਭਾਕਰ), ਚਿੜੀਆ ਲਘੂਕਥਾ ਸੰਗ੍ਰਹਿ ਹਿੰਦੀ (ਡਾ ਪ੍ਰਦੀਪ ਕੌੜਾ-ਅਨੁ: ਯੋਗਰਾਜ ਪ੍ਰਭਾਕਰ), ਪ੍ਰਤੀਰੋਧ (ਆਲੋਚਨਾ) ਡਾ। ਅਸ਼ੋਕ ਭਾਟੀਆ, ਖਿੜਕੀ ਕਾ ਦੁਖ - ਲਘੂਕਥਾ ਸੰਗ੍ਰਹਿ (ਰਾਧੇ ਸ਼ਿਆਮ ਭਾਰਤੀ), 'ਅਸਤਿਤਵ ਦੀ ਵਾਪਸੀ'-ਲਘੂਕਥਾ ਸੰਗ੍ਰਹਿ (ਕਾਂਤਾ ਰਾਏ), ਤਰਕਸ਼ੀਲਤਾ ਤੇ ਜੀਵਨ-ਡਾ ਸ਼ਿਆਮ ਸੁੰਦਰ ਦੀਪਤੀ, ਤ੍ਰੈਮਾਸਿਕ 'ਛਿਣ'' ਦਾ ਨਵਾਂ ਅੰਕ-ਸੰਪਾਦਕ ਤ੍ਰਿਪਤ ਭੱਟੀ, ਹਰਪ੍ਰੀਤ ਰਾਣਾ ਤੇ ਦਵਿੰਦਰ ਪਟਿਆਲਵੀ, ਪੰਖ, ਪੀਰ ਅਤੇ ਪਰਬਤ-ਲਘੂਕਥਾ ਸੰਗ੍ਰਹਿ (ਸ਼ੰਕੁਤਲਾ ਕਿਰਨ), ਸੂਲੀ ਉਪਰ ਸੇਜ-ਲਘੂਕਥਾ ਸੰਗ੍ਰਹਿ(ਬਲਰਾਮ ਅਗਰਵਾਲ), ਇਕ ਵਿਲੱਖਣ ਸ਼ਖਸ਼ੀਅਤ ਭਾਈ ਰਾਮ ਸਿੰਘ-ਹਰਪਾਲ ਸਿੰਘ ਪੰਨੂ ਮੈਗਜ਼ੀਨ ਅਤੇ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ।

ਪ੍ਰਧਾਨਗੀ ਮੰਡਲ ਵੱਲੋਂ ਸ੍ਰ। ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਪ੍ਰਤੀਬੱਧਤਾ ਪੁਰਸਕਾਰ 2020 -ਸੁਰਿੰਦਰ ਕੈਲੇ, ਸੰਪਾਦਕ 'ਅਣੂ' ਲੁਧਿਆਣਾ ਨੂੰ, ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਮਿੰਨੀ ਕਹਾਣੀ ਪੁਸਤਕ ਪੁਰਸਕਾਰ 2020 -ਨਿੱਕੇ ਨਿੱਕੇ ਈਸਾ-ਜਸਬੀਰ ਢੰਡ ਮਾਨਸਾ ਨੂੰ, ਅਮਰਜੀਤ ਸਿੰਘ ਸਰੀਂਹ ਏ ਐਸ ਆਈ। ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ 2020-ਡਾ ਰਾਵਿੰਦਰ ਸੰਧੂ ਬਠਿੰਡਾ ਨੂੰ, ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਮਿੰਨੀ ਕਹਾਣੀ ਲੇਖਿਕਾ ਪੁਰਸਕਾਰ 2020-ਸੀਮਾ ਵਰਮਾ ਬਹੁਭਾਸ਼ੀ ਮਿੰਨੀ ਕਹਾਣੀ ਲੇਖਿਕਾ ਲੁਧਿਆਣਾ ਨੂੰ, ਮਾਤਾ ਇੰਦਰਾ ਸਵੱਪਨ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ 2020 - ਯੋਗਰਾਜ ਪ੍ਰਭਾਕਰ ਸੰਪਾਦਕ 'ਲਘੂਕਥਾ ਕਲਸ਼' ਪਟਿਆਲਾ ਨੂੰ, ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ 2020-ਸੁਖਵਿੰਦਰ ਦਾਨਗੜ, ਯੁਵਾ ਲੇਖਕ ਬਰਨਾਲਾ ਨੂੰ, ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ 2020-ਇੰਜ ਦਲਜੀਤ ਕੋਹਲੀ ਅੰਮ੍ਰਿਤਸਰ ਨੂੰ ਪ੍ਰਦਾਨ ਕੀਤੇ ਗਏ। ਮੰਚ ਵੱਲੋਂ 31ਵੇਂ ਮਿੰਨੀ ਕਹਾਣੀ ਮੁਕਾਬਲੇ ਦੇ ਜੇਤੂਆਂ ਵਿਚ ਕਵਿਤਾ ਰਾਜਬੰਸ ਨੂੰ ਪਹਿਲਾ, ਪਰਦੀਪ ਮਹਿਤਾ ਨੂੰ ਦੂਜਾ, ਸੋਮਾ ਕਲਸੀਆਂ ਨੂੰ ਤੀਜਾ ਅਤੇ ਪਰਮਜੀਤ ਕੌਰ, ਬੁੱਧ ਸਿੰਘ ਨਡਾਲੋ, ਦੀਪ ਵਿਰਕ ਅਤੇ ਰਜ਼ਮੀਤ ਕੌਰ ਨੂੰ ਵਿਸ਼ੇਸ਼ ਇਨਾਮ ਨਾਲ ਸਨਮਾਨਿਤ ਕੀਤਾ ਗਿਆ।





ਦੋ ਦਿਨ ਚੱਲੇ ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ ਮੱਖਣ ਸਿੰਘ ਭੁਲੱਥ, ਡਾ ਭਵਾਨੀ ਸ਼ੰਕਰ ਗਰਗ, ਪ੍ਰਿੰ ਮੋਹਨ ਸਿੰਘ ਘੱਗ,ਅਸ਼ੋਕ ਟਾਂਡੀ, ਸੰਦੀਪ ਕੁਮਾਰ, ਸੁਖਜੀਵਨ, ਹੇਮ ਰਾਜ ਗਰਗ, ਵਰਿੰਦਰ ਆਜ਼ਾਦ, ਬਲਵਿੰਦਰ ਸਿੰਘ ਭੱਟੀ, ਜੋਗਾ ਸਿੰਘ ਧਨੌਲਾ, ਅਜੀਤ ਨਬੀਪੁਰੀ, ਡਾ ਹਰਜਿੰਦਰ ਕੌਰ ਕੰਗ, ਡਾ ਕਸ਼ਮੀਰ ਸਿੰਘ, ਡਾ ਪ੍ਰਸ਼ੋਤਮ ਲਾਲ, ਹਰਿੰਦਰ ਪਾਲ ਸਿੰਘ, ਹਰਜੀਤ ਸਿੰਘ ਅਰੋੜਾ, ਯੋਗੇਸ਼ ਕੁਮਾਰ, ਸੋਹਣ ਸਿੰਘ, ਕਸ਼ਮੀਰ ਸਿੰਘ ਤੇ ਮੋਹਣ ਸਿੰਘ ਆਦਿ ਵੀ ਹਾਜ਼ਰ ਸਨ। ਸਮਾਗਮ ਦਾ ਮੰਚ ਸੰਚਾਲਨ ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ।

ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਵੱਲੋਂ ਖਾਣੇ, ਰਹਿਣ ਅਤੇ ਸਮਾਗਮ ਦੇ ਸੰਚਾਲਨ ਦੇ ਪ੍ਰਬੰਧ ਕਾਬਿਲੇ-ਤਾਰੀਫ਼ ਸਨ।ਸਮਾਗਮ ਵਿਚ ਭਾਗ ਲੈਣ ਵਾਲੇ ਲੇਖਕਾਂ ਵੱਲੋਂ ਪਿੰਗਲਵਾੜਾ ਸੰਸਥਾ ਦੇ ਵਾਰਡਾਂ ਦਾ ਅਤੇ ਹੋਰ ਥਾਵਾਂ ਦਾ ਦੌਰਾ ਕੀਤਾ ਗਿਆ ਅਤੇ ਸੰਸਥਾ ਬਾਰੇ ਜਾਣਕਾਰੀ ਵੀ ਹਾਸਿਲ ਕੀਤੀ ਗਈ।

ਮੋ ਅਤੇ ਵੱਟਸ। +1 425 286 0163 ਸਿਆਟਲ, ਮੋ।+91 95018-77033 (ਭਾਰਤ)

# ਗਜ਼ਟਿਡ ਐਂਡ ਨਾਨ ਗਜ਼ਟਿਡ ਐਸਸੀ/ਬੀਸੀ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੀ ਸੂਬਾਈ ਮੀਟਿੰਗ

**ਜਲੰਧਰ–** ਗਜ਼ਟਿਡ ਐਂਡ ਨਾਨ ਗਜ਼ਟਿਡ ਐਸਸੀ/ਬੀਸੀ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੀ ਸੂਬਾਈ ਮੀਟਿੰਗ ਚੇਅਰਮੈਨ ਜਸਵੀਰ ਸਿੰਘ ਪਾਲ ਤੇ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਈ। ਮੀਟਿੰਗ 'ਚ ਸਮੂਹ ਬੁਲਾ-ਰਿਆਂ ਨੇ ਕਿਹਾ ਕਿ ਪੰਜਾਬ ਦੀ ਨਵੀਂ ਚੁਣੀ ਸਰਕਾਰ ਨੇ ਜਿੱਥੇ ਹੋਰ ਸਾਂਝੇ ਮੁੱਦਿਆਂ 'ਤੇ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਦੀ ਅਗਵਾਈ ਹੇਠ ਇਤਿਹਾਸਕ ਫ਼ੈਸਲੇ ਲੈ ਕੇ ਰਾਹਤ ਦਿੱਤੀ ਹੈ ਉਹ ਸਾਰਾ ਕੁਝ ਸ਼ਲਾਘਾਯੋਗ ਹੈ ਪਰ ਅਨੁਸੂਚਿਤ ਜਾਤੀ ਤੇ ਪੱਛੜੀਆਂ ਸ਼੍ਰੇਣੀਆਂ ਦੇ ਮੁਲਾਜ਼ਮਾਂ, ਅਧਿਕਾਰੀਆਂ, ਪੈਨਸ਼ਨਰਾਂ ਤੇ ਇਸੇ ਸਮਾਜ ਨਾਲ ਸਬੰਧਤ ਸੰਵਿਧਾਨਕ ਮੁੱਦੇ ਜੋ ਮੁੱਖ ਮੰਤਰੀ ਹੋਰਾਂ ਬਤੌਰ ਵਿਰੋਧੀ ਧਿਰ ਦੇ ਨੇਤਾ ਤੇ ਪੰਜਾਬ ਮੰਤਰੀ ਮੰਡਲ ਦੀਆਂ ਮੀਟਿੰਗਾਂ 'ਚ ਉਠਾਉਂਦੇ ਰਹੇ ਹਨ। ਇਨ੍ਹਾਂ ਮੁੱਦਿਆਂ ਦੇ ਹੱਲ ਲਈ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਕੋਈ ਹੱਲ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਲੰਬੇ ਸਮੇਂ ਤੋਂ ਹੋ ਰਹੀ ਬੇਇਨਸਾਫੀ ਦੂਰ ਕਰ ਕੇ ਕੈਟੇਗਰੀ ਏ,ਬੀ,ਸੀ 'ਚ 25 ਫ਼ੀਸਦੀ ਪਦਉਂਨਤੀਆਂ ਰਾਖਵਾਂਕਰਨ ਵਰਗ ਤੋਂ ਕੀਤੀਆਂ ਜਾਣ, ਐਸਸੀਬੀਸੀ ਬੈਕਲਾਗ ਪੂਰਾ ਕੀਤਾ ਜਾਵੇ। ਸੂਬਾ ਪ੍ਰੈਸ ਸਕੱਤਰ ਸਲਵਿੰਦਰ ਸਿੰਘ ਜੱਸੀ ਨੇ ਦੱਸਿਆ ਕਿ ਨਵੀਂ ਸਰਕਾਰ ਦੀ ਇਨ੍ਹਾਂ ਮੰਗਾਂ ਪ੍ਰਤੀ ਬੇਰੁਖ਼ੀ ਕਾਰਨ 13 ਤੋਂ 19 ਨਵੰਬਰ ਤਕ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਬਲਰਾਜ ਕੁਮਾਰ, ਮੱਖਣ ਰੱਤੂ, ਪ੍ਰਿੰਸੀਪਲ ਅਮਰਜੀਤ ਖਟਕੜ, ਡਾ। ਜਸਵੰਤ ਰਾਏ, ਸਤਵੰਤ ਸਿੰਘ ਟੂਰਾ, ਮਨੋਹਰ ਲਾਲ, ਪ੍ਰਿੰਸੀਪਲ ਸ਼ਿਵ ਸਿੰਘ ਬੰਗੜ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਬਲਦੇਵ ਸਿੰਘ ਧੁੱਗਾ, ਹਰਬੰਸ ਵਿਰਕ, ਪਰਮਜੀਤ ਜੌੜਾ, ਬਲਜੀਤ ਕੁਮਾਰ, ਜਰਨੈਲ ਸੀਕਰੀ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।



# ਪੱਛੜੀ ਸ਼੍ਰੇਣੀਆਂ ਲਈ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨਾ ਬਸਪਾ ਦੇ ਮੁੱਖ ਏਜੰਡੇ ਤੇ - ਬੈਨੀਪਾਲ

## ਹਜ਼ਾਰਾਂ ਸਾਲਾਂ ਤੋਂ ਓਬੀਸੀ ਜਮਾਤਾਂ ਨਾਲ ਚੱਲ ਰਿਹਾ ਧੱਕਾ ਅੱਜ ਵੀ ਜਾਰੀ - ਗੜ੍ਹੀ





**ਜਲੰਧਰ–** ਬਸਪਾ ਦੇ ਸੂਬਾ ਦਫ਼ਤਰ ਵਿੱਚ ਪੰਜਾਬ ਭਰ ਤੋਂ ਅੱਜ ਪੱਛੜੀਆਂ ਸ਼੍ਰੇਣੀਆਂ ਦੇ ਸੈਕੜੇ ਲੋਕਾਂ ਨੇ ਹਿੱਸਾ ਲਿਆ ਜਿੰਨਾ ਲਈ ਵਿਸ਼ੇਸ ਕੇਡਰ ਬਸਪਾ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਵੱਲੋ ਕੀਤਾ ਗਿਆ। ਕੇਡਰ ਦੇ ਮੁੱਖ ਮਹਿਮਾਨ ਪੰਜਾਬ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਪਾਲ ਸਨ।

ਬੈਨੀਪਾਲ ਤੇ ਗੜ੍ਹੀ ਨੇ ਸਾਂਝੇ ਤੌਰ ਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਤੇ ਬਾਅਦ ਤੱਕ ਵੀ ਹਮੇਸ਼ਾ ਓਬੀਸੀ ਜਮਾਤਾਂ ਨਾਲ ਧੱਕਾ ਹੋਇਆ ਹੈ। 1927 ਦੇ ਸਾਈਮਨ ਕਮਿਸ਼ਨ, 1930-32 ਦੀਆਂ ਗੋਲਮੇਲ ਕਾਨਫਰੰਸਾਂ ਵਿੱਚ ਕਾਂਗਰਸ ਨੇ ਧੋਖਾ ਕੀਤਾ। 1951 ਵਿੱਚ ਬਾਬਾ ਸਾਹਿਬ ਅੰਬੇਡਕਰ ਨੇ ਸਵਿਧਾਨ ਵਿੱਚ 340 ਧਾਰਾ ਓਬੀਸੀ ਸ਼੍ਰੇਣੀਆਂ ਲਈ ਦਿੱਤੀ ਲੇਕਿਨ ਕਾਂਗਰਸ ਸਰਕਾਰ ਵੱਲੋਂ ਲਾਗੂ ਨਾ ਕਰਨ ਕਰਕੇ ਕਾਨੂੰਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।



ਕਾਂਗਰਸ ਨੇ 1953 ਵਿੱਚ ਬਾਬਾ ਸਾਹਿਬ ਅੰ-ਬੇਡਕਰ ਦੇ ਦਬਾਅ ਵਿਚ ਓਬੀਸੀ ਜਮਾਤਾਂ ਲਈ ਕਾਲੇਕਲਰ ਕਮਿਸਨ ਬਣਾਇਆਂ ਜਿਸ ਦੀ ਰਿਪੋਰਟ ਨਹਿਰੂ ਸਰਕਾਰ ਨੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੀ। 1977 ਚ ਜਨਤਾ ਪਾਰਟੀ ਸਰਕਾਰ ਵਲੋਂ ਮੰਡਲ ਕਮਿਸਨ ਬਣਾਇਆਂ ਤੇ ਓਬੀਸੀ ਜਮਾਤਾਂ ਨਾਲ ਫਿਰ ਧੱਕਾ ਹੋ ਗਿਆ। 1980 ਤੋਂ ਇੰਦਰਾ ਸਰਕਾਰ ਨੇ ਮੰਡਲ ਕਮਿਸ਼ਨ ਰਿਪੋਰਟ ਵੀ ਰੱਦੀ ਵਿੱਚ ਸੁੱਟ ਦਿੱਤੀ। 1989 ਵਿੱਚ ਬਸਪਾ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਨੇ ਪੰਤਾਲੀ ਦਿਨ ਪਾਰਲੀਮੈਂਟ ਦਾ ਘਿਰਾਓ ਅੰਦੋਲਨ ਕੀਤਾ ਕਿ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ, ਵਰਨਾ ਕੁਰਸੀ ਖਾਲੀ ਕਰੋ ਅਤੇ ਬਸਪਾ ਦੇ ਤਿੰਨ ਸੰਸਦ ਮੈਂਬਰਾਂ ਦੇ ਦਬਾਓ ਵਿੱਚ ਵੀਪੀ ਸਿੰਘ ਦੇ ਸਰਕਾਰ ਨੇ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰ ਦਿੱਤੀ। ਜਿਸ ਤਹਿਤ ਓਬੀਸੀ ਜਮਾਤਾਂ ਦੀ 52% ਆਬਾਦੀ ਨੂੰ 27.5 % ਰਾਖਵਾਂਕਰਨ ਲਾਗੂ ਹੋਇਆ।

ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਚ ਕਾਂਗਰਸ ਹੋਰ ਸਰਕਾਰਾਂ ਨੇ ਹਮੇਸ਼ਾ ਓਬੀਸੀ ਜਮਾਤਾਂ ਨੂੰ ਅਣਗੌਲਿਆ ਕੀਤਾ ਹੈ।ਪੰਜਾਬ ਚ ਓਬੀਸੀ ਨੂੰ 1964 ਚ 2% , 1974 ਚ 5% ਤੇ 2017 ਚ 10% ਰਾਖਵਾਂਕਰਨ ਲਾਗੂ ਕੀਤਾ ਗਿਆ ਜਿਸ ਦਾ ਫਾਇਦਾ ਵੀ ਕਦੀ ਓਬੀਸੀ ਜਮਾਤਾਂ ਨੂੰ ਨਹੀਂ ਮਿਲਿਆ।

ਸਰਦਾਰ ਗੜ੍ਹੀ ਨੇ ਕਿਹਾ ਕਿ ਬਸਪਾ ਸੱਤਾ ਵਿੱਚ ਆਕੇ ਪੱਛੜੇ ਵਰਗਾਂ ਲਈ ਮੰਡਲ ਕਮਿਸ਼ਨ ਲਾਗੂ ਕਰੇਗੀ। ਇਸ ਮੌਕੇ ਸੂਬਾ ਉਪ ਪ੍ਰਧਾਨ ਹਰਜੀਤ ਸਿੰਘ ਲੌਂਗੀਆ , ਸੂਬਾ ਜਨਰਲ ਸਕੱਤਰ ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਰਾਜਿੰਦਰ ਸਿੰਘ ਰੀਹਲ, ਤਰਸੇਮ ਥਾਪਰ, ਦਵਿੰਦਰ ਸਿੰਘ ਢਪਈ ਆਦਿ ਸ਼ਾਮਿਲ ਸਨ।

# ਲੈਕਚਰਾਰ ਅਮਰਜੀਤ ਸਿੰਘ ਐਸਸੀਬੀਸੀ ਫੈਡਰੇਸ਼ਨ ਪੰਜਾਬ ਦੇ ਬਣੇ ਪ੍ਰੈਸ ਸਕੱਤਰ

**ਜਲੰਧਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀਬੀਸੀ ਇੰਪਲਾਈਜ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਚੇਅਰਮੈਨ ਸ ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ। ਕੁਲਵਿੰਦਰ ਸਿੰਘ ਬੋਦਲ ਦੀ ਪ੍ਰਧਾਨਗੀ ਹੇਠ ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿਚ ਦਲਿਤ ਸਮਾਜ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਸੰਵਿਧਾਨਕ ਮੰਗਾਂ ਤੇ ਨਿੱਠ ਕੇ ਚਰਚਾ ਕੀਤੀ ਗਈ।

ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਵਿੱਚ ਪੰਜਾਬ ਸਰਕਾਰ ਜਿਹੜੀ ਦਲਿਤ ਮੰਗਾਂ ਪ੍ਰਤੀ ਆਨਾ ਕਾਨੀ ਵਾਲਾ ਰਵੱਈਆ ਅਪਣਾ ਰਹੀ ਹੈ ਤੇ ਰੱਜ ਕੇ ਤਨਜ ਕੱਸਦਿਆਂ ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹਾ ਪੱਧਰੀ ਰੋਸ ਰੈਲੀਆਂ ਕਰਨ ਦਾ ਐਲਾਨ ਕੀਤਾ ਗਿਆ।ਜੇਕਰ ਫਿਰ ਵੀ ਸਰਕਾਰ ਦੇ ਕੰਨ ਤੇ ਜੂੰ ਨਾ ਸਰਕੀ ਤਾਂ ਆਉਣ ਵਾਲੇ ਵਿਧਾਨ ਸਭਾ ਇਲੈਕਸ਼ਨ ਵਿਚ



ਸਬਕ ਸਿਖਾਉਣ ਦਾ ਫ਼ਤਵਾ ਜਾਰੀ ਕੀਤਾ ਗਿਆ।ਇਸ ਮੌਕੇ ਲੈਕਚਰਾਰ ਅਮਰਜੀਤ ਸਿੰਘ ਨੂੰ ਸਰਵਸੰਮਤੀ ਨਾਲ ਸੂਬੇ ਦਾ ਪ੍ਰੈਸ ਸਕੱਤਰ ਚੁਣ ਕੇ ਨਿਯੁਕਤੀ ਪੱਤਰ ਦਿੱਤਾ ਗਿਆ। ਅਮਰਜੀਤ ਸਿੰਘ ਨੇ ਸੇਵਾਵਾਂ ਇਮਾਨਦਾਰੀ ਨਾਲ ਨਿਭਾਉਣ ਦਾ ਭਰੋਸਾ ਦਿਵਾਇਆ।ਇਸ ਮੌਕੇ ਸ੍ਰੀ ਬਲਰਾਜ ਕੁਮਾਰ, ਪ੍ਰਿੰਸੀਪਲ ਸ਼ਿਵ ਸਿੰਘ ਬੰਗੜ, ਡਾ ਜਸਵੰਤ ਰਾਏ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਮੱਖਣ ਰੱਤੂ ਪ੍ਰਧਾਨ ਜਲੰਧਰ, ਸਤਵੰਤ ਸਿੰਘ ਟੂਰਾ ਪ੍ਰਧਾਨ ਕਪੂਰਥਲਾ, ਪ੍ਰਿੰਸੀਪਲ ਅਮਰਜੀਤ ਖੱਟਕੜ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ , ਪ੍ਰਿੰਸੀਪਲ ਕਿਸ਼ਨ ਸਿੰਘ ਫਰੀਦਕੋਟ ਸਲਵਿੰਦਰ ਜੱਸੀ, ਲੈਕਚਰਾਰ ਬਲਦੇਵ ਸਿੰਘ ਧੁੱਗਾ, ਲੈਕਚਰਾਰ ਬਲਜੀਤ ਸਿੰਘ, ਸੰਦੀਪ ਸਿੰਘ ਸੈਨੇਟਰ, ਜਰਨੈਲ ਸਿੰਘ ਸੀਕਰੀ, ਰਿੰਕੂ ਭਾਟੀਆ, ਗੁਰਜਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਲੋਕ ਸਾਹਿਤ ਸੰਗਮ ਵਲੋਂ ਡਾ ਅਮਰਜੀਤ ਕੌਂਕੇ ਦੁਆਰਾ ਅਨੁਵਾਦ ਪੁਸਤਕ 'ਬਚਿਆ ਰਹੇਗਾ ਸਾਰਾ ਕੁੱਝ 'ਲੋਕ ਅਰਪਣ ਅਤੇ ਕਾਵਿ ਦਰਬਾਰ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਭਾਸ਼ਾ ਵਿਭਾਗ ਪੰਜਾਬ ਵਲੋਂ ਕਰਵਾਏ ਜਾਂਦੇ ਪੰਜਾਬੀ ਸਮਾਗਮਾਂ ਦੇ ਅੰਤਰਗਤ ਲੋਕ ਸਾਹਿਤ ਸੰਗਮ ਰਾਜਪੁਰਾ ਵਲੋਂ ਰੋਟਰੀ ਭਵਨ ਵਿਖੇ







ਪ੍ਰਸਿੱਧ ਸ਼ਾਇਰ ,ਸੰਪਾਦਕ ਅਤੇ ਅਨੁਵਾਦਕ ਡਾ ਅਮਰਜੀਤ ਕੌਂਕੇ ਦੁਆਰਾ ਅਨੁਵਾਦਤ ਕਾਵਿ ਪੁਸਤਕ 'ਬਚਿਆ ਰਹੇਗਾ ਸਾਰਾ ਕੁਝ 'ਦਾ ਲੋਕ ਅਰਪਣ ਡਾ ਗੁਰਵਿੰਦਰ ਅਮਨ ਅਤੇ ਜੋਗਿੰਦਰ ਬਾਂਸਲ ਪ੍ਰਧਾਨ ਰੋਟਰੀ ਕਲੱਬ ਵਲੋਂ ਕੀਤਾ ਗਿਆ। ਇਸ ਮੌਕੇ ਡਾ ਅਮਰਜੀਤ ਕੌਂਕੇ ਨੂੰ ਵਿਸ਼ੇਸ਼ ਸਨਮਾਨਤ ਵੀ ਕੀਤਾ ਗਿਆ। ਡਾ ਕੌਂਕੇ ਵਲੋਂ ਦੱਸਿਆ ਕਿ ਇਸ ਸੰਗ੍ਰਹਿ ਵਿਚ ਹਿੰਦੀ ਦੇ 21 ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਨੂੰ ਅਨੁ-ਵਾਦ ਕੀਤਾ ਹੈ ਟੀਨ ਪੀੜੀਆਂ ਦੀ ਸ਼ਾਇਰੀ ਨੂੰ ਪੇਸ਼ ਕਰਦੀ ਇਹ ਕਾਵਿ ਪੁਸਤਕ ਸਮਕਾਲੀਨ ਹਿੰਦੀ ਕਵਿਤਾ ਦਾ ਮਹੱਤਵ ਪੂਰਨ ਦਸਤਾਵੇਜ਼ ਹੈ ਇਸ ਪੁਸਤਕ ਬਾਰੇ ਡਾ ਪੁਸ਼ਪਿੰਦਰ ਕੌਰ ਦੁਆਰਾ ਲਿਖਿਆ ਪੇਪਰ ਦਲਜੀਤ ਸਿੰਘ ਸ਼ਾਂਤ ਵਲੋਂ ਪੜਿਆ ਗਿਆ ਜਿਸ ਵਿਚ ਕਿਹਾ ਕਿ ਇਹ ਕਵਿਤਾ ਹਿੰਦੀ ਸਮਕਾਲੀਨ ਸ਼ਾਇਰੀ ਦਾ ਇਕ ਦਸਤਾਵੇਜ਼ੀ ਮੁਹਾਂਦਰਾ ਪੇਸ਼ ਕਰਦੀ ਹੈ ਇਸ ਮੌਕੇ ਡਾ ਗੁਰਵਿੰਦਰ ਪ੍ਰਧਾਨ ਲੋਕ ਸਾਹਿਤ ਸੰਗਮ ਨੇ ਡਾ ਕੌਂਕੇ ਨੂੰ ਵਧਾਈ ਦੇਂਦੀਆਂ ਕਿਹਾ ਕਿ ਇਨਾ ਵਲੋਂ ਹਿੰਦੀ ਭਾਸ਼ਾ ਵਿਚ ਸਿਰਜੀਆਂ ਆਧੁਨਿਕ ਤੇ ਸਮਕਾਲੀ ਕਾਵਿ ਰਚਨਾਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਕੇ ਇਕ ਸਾਂਭਣ ਜੋਗਾ ਦਸਤਾਵੇਜ਼ ਪੇਸ਼ ਕੀਤਾ ਹੈ। ਇਸ ਮੌਕੇ ਕਾਵਿ ਦਰਬਾਰ ਵਿਚ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ 'ਸਾਡੇ ਪਿੰਡ ਭੁੱਖ ਵੱਸਦੀ 'ਗੀਤ ਸੁਣਾਕੇ ਸਭਾ ਦਾ ਆਗਾਜ਼ ਕੀਤਾ। ਅਵਤਾਰ ਸਿੰਘ ਪੁਆਰ ਦੀ ਗ਼ਜ਼ਲ 'ਫਿਜ਼ਾ ਵਿਚ ਮਹਿਕ ਘੋਲਦੇ ਪੰਛੀ ਸੁਣਾਕੇ ਮਹਿਫ਼ਿਲ ਲੁੱਟ ਲਈ। ਅੰਗਰੇਜ ਕਲੇਰ, ਪ੍ਰੋ ਸ਼ਤਰੂਘਨ ਗੁਪਤਾ, ਗੁਰਵਿੰਦਰ ਆਜ਼ਾਦ, ਕਰਮ ਸਿੰਘ ਹਕੀਰ, ਦਲਜੀਤ ਸਿੰਘ ਸ਼ਾਂਤ ,ਗਿਆਨੀ ਮਾਨ ਸਿੰਘ ਜੰਡੋਲੀ, ਅਮਰਜੀਤ ਸਿੰਘ ਲੁਬਾਣਾ, ਤਾਰਾ ਸਿੰਘ ਮਠਿਆੜਾ, ਭੀਮ ਸੈਣ ਝੂਲੇ ਲਾਲ, ਰਣਜੀਤ ਸਿੰਘ ਫਤਹਿਗੜ੍ਹ ਸਾਹਿਬ, ਥਾਣੇਦਾਰ ਰਵਿੰਦਰ ਕ੍ਰਿਸ਼ਨ, ਪ੍ਰੋ ਸੁਖਵਿੰਦਰ ਸਿੰਘ ਪਟਿਆਲਾ, ਬਲਦੇਵ ਸਿੰਘ ਖੁਰਾਣਾ, ਕੁਲਵੰਤ ਜੱਸਲ ਨੇ ਤੂੰਬੀ ਨਾਲ ਗੀਤ ਤੇ ਸੰਗਮ ਦੇ ਪ੍ਰਧਾਨ ਦਾ ਗੁਰਵਿੰਦਰ ਅਮਨ ਦਿਨੇ ਮਿੰਨੀ ਕਹਾਣੀ ਸੁਣਾਕੇ ਸਭਾ ਨੂੰ ਸ਼ਿਖਰਾਂ ਤੇ ਪਹੁੰਚਾ ਦਿੱਤਾ।

ਇਸ ਮੌਕੇ ਰਮੇਸ਼ ਗੁਪਤਾ, ਜਸਵਿੰਦਰ ਸਿੰਘ ਭਾਟੀਆ ਗਿਆਨ ਚੰਦ, ਸ਼ਤੀਸ਼ ਵਰਮਾ, ਬਲਦੇਵ ਸਿੰਘ ਖੁਰਾਣਾ ਨੇ ਜਿੱਥੇ ਅਪਨਾ ਗੀਤ ਸੁਣਾਇਆ ਉੱਥੇ ਸਭਾ ਦੀ ਕਾਰਵਾਈ ਬਾਖੂਬੀ ਚਲਾਈ।

# ਭਾਜਪਾ ਦਹਾਕਿਆਂ ਤੱਕ ਸੱਤਾ 'ਚ ਕਾਇਮ ਰਹੇਗੀ -ਪ੍ਰਸ਼ਾਂਤ ਕਿਸ਼ੋਰ

**ਪਣਜੀ–**ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ, ਜੋ ਆ ਰਹੀਆਂ ਗੋਆ ਵਿਧਾਨ ਸਭਾ ਚੋਣਾਂ ਲਈ ਤ੍ਰਿਣਮੂਲ ਕਾਂਗਰਸ ਦੇ ਗੋਆ ਮਿਸ਼ਨ ਨੂੰ ਮਜ਼ਬੂਤ ਕਰਨ ਦਾ ਜ਼ਿੰਮਾ ਸੰਭਾਲ ਰਹੇ ਹਨ, ਗੋਆ ਯਾਤਰਾ ਦੌਰਾਨ ਉਨ੍ਹਾਂ ਕਿਹਾ ਕਿ ਆਉਣ ਵਾਲੇ ਕਈ ਸਾਲਾਂ 'ਚ ਭਾਜਪਾ ਦਾ ਭਾਰਤੀ ਰਾਜਨੀਤੀ ਦੇ ਕੇਂਦਰ 'ਚ ਦਬਦਬਾ ਕਾਇਮ ਰਹੇਗਾ । ਉਨ੍ਹਾਂ ਦਾ ਮੰਨਣਾ ਹੈ ਕਿ ਸਿਆਸੀ ਪਾਰਟੀਆਂ ਨੂੰ ਭਾਜਪਾ ਨਾਲ ਅਜੇ ਕਈ ਦਹਾਕਿਆਂ ਤੱਕ ਲੜਾਈ ਲੜਨੀ ਹੋਵੇਗੀ । ਗੋਆ 'ਚ ਤ੍ਰਿਣਮੂਲ ਕਾਂਗਰਸ ਦੇ ਇਕ ਚੋਣ ਪ੍ਰੋਗਰਾਮ ਦੌਰਾਨ ਕਾਂਗਰਸੀ ਆਗੂ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਦਿਆਂ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਰਾਹੁਲ ਇਸ ਭਰਮ 'ਚ ਸਨ ਕਿ ਬਸ ਕੁਝ ਸਮੇਂ ਦੀ ਗੱਲ ਹੈ ਤੇ ਲੋਕ ਨਰਿੰਦਰ ਮੋਦੀ ਨੂੰ ਸੱਤਾ ਤੋਂ ਉਲਾਂਭੇ ਕਰ ਦੇਣਗੇ ।

'ਪੋਲ ਕੰਸਲਟੈਂਸੀ ਫਰਮ ਇੰਡੀਅਨ ਪਾਲੀਟਿਕਲ ਐਕਸ਼ਨ ਕਮੇਟੀ' ਦੇ ਪ੍ਰਮੁੱਖ ਨੇ ਕਿਹਾ ਕਿ ਸੱਤਾ ਤੋਂ ਹਟਾਉਣ ਲਈ ਪਹਿਲਾਂ ਤੁਹਾਨੂੰ ਨਰਿੰਦਰ ਮੋਦੀ ਦੀ ਤਾਕਤ ਦਾ ਅੰਦਾਜ਼ਾ ਲਗਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਭਰਮ 'ਚ ਨਾ ਰਹੋ ਕਿ ਲੋਕ ਮੋਦੀ ਤੋਂ ਨਾਰਾਜ਼ ਹਨ, ਹੋ ਸਕਦਾ ਹੈ ਲੋਕ ਮੋਦੀ ਨੂੰ ਸੱਤਾ ਤੋਂ ਬਾਹਰ ਵੀ ਕਰ ਦੇਣ, ਪਰ ਭਾਜਪਾ ਅਜੇ ਕਿਤੇ ਨਹੀਂ ਜਾ ਰਹੀ । ਦੂਜੇ ਪਾਸੇ ਤ੍ਰਿਣਮੂਲ ਕਾਂਗਰਸ ਨੇ ਕਿਹਾ ਹੈ ਕਿ ਪ੍ਰਸ਼ਾਂਤ ਪਾਰਟੀ ਦੇ ਮੈਂਬਰ ਨਹੀਂ ਹਨ ਤੇ ਇਹ ਉਨ੍ਹਾਂ (ਪ੍ਰਸ਼ਾਂਤ) ਦੀਆਂ ਨਿੰਜੀ ਟਿੱਪਣੀਆਂ ਹਨ ।

----

# ਬਾਬੇ ਨਾਨਕ ਦੇ ਗੁਰਪੁਰਬ 'ਤੇ

## ਸੰਤੋਖ ਸਿੰਘ ਧੀਰ

ਵੱਲੋਂ- ਐਸ. ਆਰ. ਲੱਧੜ ਆਈਏਐਸ (ਰਿਟਾ)

ਮਿਹਰਬਾਨੀ ਕਰੋ
ਮੇਰੀ ਸ਼ਕਲ ਨਾ ਵਿਗਾੜੋ
ਜਿਹੋ-ਜਿਹਾ ਹਾਂ
ਮੈਨੂੰ ਉਹੋ ਜਿਹਾ ਰਹਿਣ ਦਿਉ।

ਸਰਪ ਨੇ ਕੋਈ ਛਾਂ ਨਹੀਂ ਸੀ ਕੀਤੀ
ਸਰਪ ਨੂੰ ਕੀ ਪਤਾ ਸੀ
ਮੈਂ ਕੌਣ ਹਾਂ?
ਤੁਸੀਂ ਤਾਂ ਮੈਨੂੰ ਸਮਝ ਨਾ ਸਕੇ
ਸਰਪ ਕਿਵੇਂ ਸਮਝ ਗਿਆ ?
ਐਵੇਂ ਗਲਤ ਗੱਲਾਂ ਨਾ ਕਰੋ
ਜਿਹੋ-ਜਿਹਾ ਹਾਂ
ਮੈਨੂੰ ਉਹੋ ਜਿਹਾ ਰਹਿਣ ਦਿਉ

ਪਹਾੜ ਵੀ ਨਹੀਂ ਸੀ ਰੋਕਿਆ
ਨਾ ਪਹਾੜ ਕਿਸੇ ਸੁੱਟਿਆ ਸੀ
ਵਲੀ ਸਾਹਿਬ ਨਾਲ
ਥੋੜ੍ਹੀ ਗੱਲਬਾਤ ਹੋਈ ਸੀ
ਵਿਚਾਰਾਂ ਦਾ ਵਟਾਂਦਰਾ
ਥੋੜ੍ਹਾ ਜਿਹਾ ਵਾਦ-ਵਿਵਾਦ

ਉਹਨਾਂ ਸਵਾਲ ਕੀਤੇ
ਮੈਂ ਜਵਾਬ ਦਿੱਤੇ
ਸਵਾਲਾਂ ਦਾ ਪਹਾੜ ਸੀ
ਦਲੀਲ ਦਾ ਪੰਜਾ
ਇਉਂ ਦਲੀਲ ਦੇ ਪੰਜੇ ਨਾਲ
ਮੈਂ ਪਹਾੜ ਰੋਕਿਆ।

ਪਾਣੀ ਪੀਣ ਵੀ ਨਹੀਂ ਸੀ ਗਿਆ,
ਮਰਦਾਨਾ,
ਵਲੀ ਸਾਹਿਬ ਕੋਲ,
ਪਾਣੀ ਪੀਣ
ਤਿੰਨ ਮੀਲ
ਪਹਾੜ ਉੱਤੇ ਹੀ ਜਾਣਾ ਸੀ?
ਹੇਠਾਂ ਪਾਣੀ ਥੋੜ੍ਹਾ ਸੀ।
ਪਿੰਡ ਵਿਚ
ਹਸਨ ਅਬਦਾਲ?
ਪਿੰਡ ਵਾਲੇ
ਪਾਣੀ ਪੀਣ
ਪਹਾੜ ਉੱਤੇ ਹੀ ਜਾਂਦੇ ਸਨ?

ਉਹ ਵਲੀ ਸੀ
ਫ਼ਕੀਰ ਸੀ
ਫ਼ਕੀਰ ਕਿਸੇ ਨੂੰ ਪਾਣੀ ਪੀਣ ਤੋਂ
ਇਉਂ ਨਹੀਂ ਮੋੜਦੇ।

ਮੱਕਾ ਵੀ ਨਹੀਂ ਸੀ ਫੇਰਿਆ
ਮੱਕੇ ਦੇ ਮੌਲਾਣਿਆਂ ਦੀ
ਸੋਚ ਬਦਲ ਗਈ ਸੀ
ਮੇਰੀਆਂ ਦਲੀਲਾਂ ਨਾਲ,
ਉਨ੍ਹਾਂ ਨੂੰ ਖ਼ੁਦਾ
ਹਰ ਪਾਸੇ ਨਜ਼ਰ ਆ ਗਿਆ
ਇਉਂ ਮੱਕਾ ਫੇਰਿਆ।

ਨਾ ਦੁੱਧ ਸੀ
ਨਾ ਲਹੂ
ਇਹ ਤਾਂ ਮੇਰੀ ਅੱਖ ਸੀ
ਜਿਹੜੀ ਦੇਖ ਰਹੀ ਸੀ
ਦੁੱਧ ਅਤੇ ਲਹੂ।

ਮੇਰੇ ਲਈ ਮਹਾਨ ਸਨ
ਕਿਰਤੀ ਦੇ ਹੱਥ
ਕਿਰਤੀ ਦੇ ਹੱਥਾਂ ਵਿਚ
ਚੰਨ-ਸੂਰਜ ਚਮਕਦੇ
ਇਨ੍ਹਾਂ ਹੱਥਾਂ ਦੀ ਚਮਕ ਅੱਗੇ
ਤਾਜਾਂ ਅਤੇ ਕਲਗੀਆਂ ਦੇ ਹੀਰੇ
ਮਾਂਦ ਪੈ ਗਏ
ਪਾਤਸ਼ਾਹੀਆਂ ਛੋਟੀਆਂ
ਇਹ ਹੱਥ ਵੱਡੇ ,
ਇਸੇ ਲਈ ਮੈਂ ਕੋਧਰੇ ਦਾ

ਮਹਾਂਗੀਤ ਗਾਇਆ
ਸੁੱਚਾ ਦੁੱਧ ਪੀਤਾ।

ਹਿੰਦੂ -ਮੁਸਲਮਾਨ ਹੋਣਾ
ਨਿਰਾ ਝੂਠ ਬੋਲਣਾ
ਸ਼ੂਦਰਾਂ-ਬ੍ਰਾਹਮਣਾਂ ਦਾ
ਅਣਮਨੁੱਖੀ ਵੇਰਵਾ
ਕਿੱਥੇ ਮੱਧ ਕਾਲ ਸੀ
ਕਿੱਥੇ ਅੱਜ ਇੱਕੀਵੀਂ ਸਦੀ
ਗਈ ਨਾ ਤੁਹਾਡੀ ਪਰ ਇਹ
ਵਾਦੜੀ-ਸਜਾਦੜੀ।

ਧੂੜਾਂ ਪੁੱਟ ਕਾਬਲੋਂ ਸੀ
ਹਿੰਦ ਆਇਆ ਧਾੜਵੀ
ਹਿੰਦ ਦੀਆਂ ਗਲੀਆਂ 'ਚ
ਬਾਬਰ ਬਾਣੀ ਫਿਰ ਗਈ
ਕਤਲਾਮ, ਲੁੱਟਮਾਰ
ਮੱਚਿਆ ਕੁਹਰਾਮ ਸੀ
ਪਤ ਹਿੰਦੁਸਤਾਨ ਦੀ
ਗਲੀ-ਗਲੀ ਰੁਲ਼ ਗਈ।

ਬੱਦਲਾਂ ਦੀ ਘਟਾ ਵਾਂਗ
ਫੇਰ ਬਾਬਰ ਆ ਰਹੇ
ਪੂੰਜੀ ਦੀਆਂ ਫੌਜਾਂ ਨਾਲ

ਫੇਰ ਘੇਰਾ ਪਾ ਰਹੇ
ਘਿਰ ਗਏ ਪਹਾੜ ਸਾਡੇ
ਘਿਰ ਗਏ ਮੈਦਾਨ ਸਾਡੇ
ਘਿਰ ਗਏ ਭਵਿੱਖ ਸਾਡੇ
ਘਿਰੇ ਵਰਤਮਾਨ ਸਾਡੇ
ਦੈਂਤ ਸੋਨੇ-ਚਾਂਦੀ ਵਾਲਾ
ਚੀਖਦਾ, ਚਿੰਘਾੜਦਾ
ਧਰਤ ਮਹੱਤ ਸਾਡੀ
ਮਿੱਧਦਾ, ਲਤਾੜਦਾ।

ਸੁਣ ਲਉ ਆਵਾਜ਼ ਮੇਰੀ
ਮੇਰੇ ਸ਼ਿਸ਼ ਪਿਆਰਿਓ !

ਲਾਲੋਆਂ ਦੇ ਸਾਥੀਓ
ਕਾਮਿਓ ਤੇ ਯੋਧਿਓ
ਖਤਰੇ ਦੀ 'ਵਾਜ਼ ਸੁਣੋ
ਵੱਜ ਰਹੀਆਂ ਘੰਟੀਆਂ
ਅੱਜ ਦੀਆਂ ਸੁਸਤੀਆਂ ਨੂੰ
ਭੁਗਤਦੀਆਂ ਸਦੀਆਂ।

ਮਾਲ੍ਹਪੂੜਾ ਕੋਧਰੇ ਨੂੰ
ਮਾਤ ਦਿੰਦਾ ਜਾ ਰਿਹਾ
ਧਾੜਵੀ-ਲੁਟੇਰਾ ਚੜ੍ਹ
ਜਮ ਵਾਂਗ ਆ ਰਿਹਾ
ਕੋਧਰੇ ਦੀ ਪਤ ਉੱਚੀ

ਮਾਲ੍ਹਪੂੜੇ ਬੇਈਮਾਨ
ਮਾਲ੍ਹਪੂੜੇ ਮਹਾਂ ਨੀਚ
ਇਹ ਸ਼ੈਤਾਨਾਂ ਦੇ ਸ਼ੈਤਾਨ
ਇਨ੍ਹਾਂ ਦੇ ਪਲੀਤ ਮੂੰਹ
ਲਹੂ ਨਾਲ ਲਿੱਬੜੇ
ਐਵੇਂ ਨਹੀਂ ਕਿਹਾ ਸੀ ਮੈ
ਰਾਜਿਆਂ ਨੂੰ ਸ਼ੀਂਹ
ਮੁਕੱਦਮਾਂ ਨੂੰ ਕੁੱਤੇ।

ਮੈਨੂੰ ਮੇਰੇ ਸਮਿਆਂ ਨੇ
ਭੂਤਨਾਂ, ਬੇਤਾਲਾ ਕਿਹਾ
ਭੁੱਲੜ, ਕੁਰਾਹੀਆ ਕਿਹਾ
ਮੇਰੇ ਲਈ ਇਹ ਲਕਬ ਸੀ
ਮੇਰੇ ਲਈ ਇਹ ਸ਼ਾਨ ਸੀ
ਮੇਰੇ ਲਈ ਇਹ ਬਹੁਤ ਵੱਡਾ
ਮਾਨ-ਸਨਮਾਨ ਸੀ।

ਰਾਹੇ-ਰਾਹ ਤੁਰੇ ਜਾਣਾ
ਕੰਮ ਨਹੀਂ ਆਸ਼ਿਕਾਂ ਦਾ
ਕੰਮ ਨਹੀਂ ਸੂਰਿਆਂ ਦਾ
ਕੰਮ ਨਹੀਂ ਨਾਨਕਾਂ ਦਾ
ਰਾਹੇ ਰਾਹ ਤੁਰਨ ਨਾਲ
ਸਮੇਂ ਨਹੀਂ ਜਾਗਦੇ
ਰੋਗ ਨਹੀਂ ਟੁੱਟਦੇ

ਜੁੱਗ ਨਹੀਂ ਬਦਲਦੇ।

ਕੋਧਰੇ ਦੇ ਪੁੱਤਰੋ!
ਯੁੱਗ ਦੇ ਸ਼ਹਿਜ਼ਾਦਿਓ!
ਸੀਸ ਧਰੋ ਤਲੀ ਉੱਤੇ
ਪਿਆਰ ਵਾਲੀ ਗਲੀ ਆਓ
ਆਪ ਲੜੋ, ਆਪ ਜੂਝੋ
ਆਪ ਫੜੋ ਵਾਗ ਹੱਥ
ਖੋਹ ਲਉ ਇਨ੍ਹਾਂ ਭਾਗੋਆਂ ਤੋਂ
ਆਪਣਾ ਪਿਆਰਾ ਹਿੰਦੋਸਤਾਨ
ਖੋਹ ਲਉ ਇਨ੍ਹਾਂ ਜਮਾਂ ਕੋਲੋਂ
ਕਬਜ਼ੇ 'ਚ ਕੀਤਾ ਹੋਇਆ
ਆਪਣਾ ਜਹਾਨ -
ਆਪਣਾ ਅਤੀਤ
ਆਪਣਾ ਭਵਿੱਖ
ਆਪਣਾ ਵਰਤਮਾਨ।

# ਨਵ ਗਠਿਤ 'ਸਾਊਥ ਏਸ਼ੀਆ ਪੀਸ ਕੌਂਸਲ' ਦੀ ਸਾਜਿਦ ਤਰਾਰ ਤੇ ਜਸਦੀਪ ਜੱਸੀ ਦੀ ਅਗਵਾਈ 'ਚ ਹੋਈ ਪਹਿਲੀ ਇਕੱਤਰਤਾ





















**ਵਰਜ਼ੀਨੀਆਂ, 9 ਨਵੰਬਰ (ਰਾਜ ਗੋਗਨਾ ):** ਸਾਊਥ ਏਸ਼ੀਆ ਖਿੱਤੇ 'ਚ ਸ਼ਾਂਤੀ ਦੇ ਹਿਤ 'ਚ ਕੰਮ ਕਰਨ ਦੀ ਸੋਚ ਨਾਲ ਗਠਿਤ ਕੀਤੀ ਗਈ 'ਸਾਊਥ ਏਸ਼ੀਆ ਪੀਸ ਕੌਂਸਲ' ਦੀ ਪਹਿਲੀ ਇਕੱਤਰਤਾ ਸਾਜਿਦ ਤਰਾਰ ਅਤੇ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਅੱਜ ਵਰਜ਼ੀਨੀਆਂ 'ਚ ਹੋਈ। ਵੱਡੀ ਗਿਣਤੀ 'ਚ ਵੱਖ-ਵੱਖ ਦੇਸ਼ਾਂ ਦੇ ਨੁਮਾਇੰਦਿਆਂ ਨੇ ਇਸ ਇਕੱਤਰਤਾ ਵਿਚ ਭਾਗ ਲੈ ਕੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ।

ਇਕੱਤਰਤਾ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਫਾਊਂਡਰ ਤੇ ਚੇਅਰਮੈਨ ਸਾਜਿਦ ਤਰਾਰ ਨੇ ਕਿਹਾ ਕਿ ਅਮਰੀਕਾ ਦੇ ਅਫਗਾਨਿਸਤਾਨ ਵਿਚੋਂ ਨਿਕਲਣ ਕਾਰਨ ਉੱਥੋਂ ਦੇ ਸ਼ਾਂਤੀ ਪਸੰਦ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਇਸ ਲਈ ਸਮੁੱਚੇ ਸਾਊਥ ਏਸ਼ੀਆ ਦੇ ਸ਼ਾਂਤੀ ਪਸੰਦ ਲੋਕਾਂ ਦੀ ਬਾਂਹ ਫੜਨ ਅਤੇ ਅਸ਼ਾਂਤੀ ਪੈਦਾ ਕਰਨ ਵਾਲੇ ਲੋਕਾਂ ਦਾ ਵਿਰੋਧ ਕਰਨ ਲਈ 'ਸਾਊਥ ਏਸ਼ੀਆ ਪੀਸ ਕੌਂਸਲ' ਮੋਹਰੀ ਰੋਲ ਅਦਾ ਕਰੇਗੀ। ਜਸਦੀਪ ਸਿੰਘ ਜੱਸੀ ਨੇ ਆਪਣੇ ਸੰਬੋਧਨੀ ਭਾਸ਼ਣ ਵਿਚ ਕਿਹਾ ਕਿ ਅਸਲ ਵਿਚ ਇਹ ਸੰਸਥਾ ਏਸ਼ੀਆ ਖਿੱਤੇ ਵਿਚ ਇਨਸਾਨੀਅਤ ਦਾ ਝੰਡਾ ਬੁਲੰਦ ਕਰਨ ਦੀ ਸੋਚ ਰੱਖਦੀ ਹੈ ਅਤੇ ਸਿੱਧੇ ਸ਼ਬਦਾਂ 'ਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਜਥੇਬੰਦੀ ਸਾਊਥ ਏਸ਼ੀਆ ਵਿਚ ਸ਼ਾਂਤੀ ਅਤੇ ਸਥਿਰਤਾ ਦੀ ਵਕਾਲਤ ਕਰਨ ਦੀ ਜ਼ਿੰਮੇਵਾਰੀ ਨਿਭਾਏਗੀ।

ਉਹਨਾਂ ਦੱਸਿਆ ਕਿ ਇਸ ਜਥੇਬੰਦੀ ਦੀਆਂ ਸਾਲ ਵਿਚ ਚਾਰ ਇਕੱਤਰਤਾਵਾਂ ਹੋਇਆ ਕਰਨਗੀਆਂ। ਉਹਨਾਂ ਇਹ ਵੀ ਐਲਾਨ ਕੀਤਾ ਕਿ ਅਗਲੀ ਇਕੱਤਰਤਾ ਵਿਚ ਕਮੇਟੀਆਂ ਬਣਾਈਆਂ ਜਾਣਗੀਆਂ ਜਿਸ ਦੌਰਾਨ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨੂੰ ਨੁਮਾਇੰਦਗੀਆਂ ਦਿੱਤੀਆਂ ਜਾਣਗੀਆਂ। ਮੀਟਿੰਗ ਵਿਚ ਇੰਡੀਆ, ਪਾਕਿਸਤਾਨ, ਨੇਪਾਲ ਤੇ ਬੰਗਲਾ ਦੇਸ਼ ਦੇ ਵੱਡੀ ਗਿਣਤੀ ਵਿਚ ਆਏ ਨੁਮਾਇੰਦਿਆਂ ਨੇ ਵਾਰੋ ਵਾਰੀ ਆਪੋ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਭ ਨੇ ਇਕਸੁਰ ਹੁੰਦੇ ਹੋਏ ਕਿਹਾ ਕਿ ਇਹੋ ਜਿਹੀ ਜਥੇਬੰਦੀ ਦੀ ਸਖਤ ਲੋੜ ਸੀ ਕਿਉਂਕਿ ਸਾਊਥ ਏਸ਼ੀਆ ਵਿਚ ਸ਼ਾਂਤੀ ਕਾਇਮ ਰੱਖਣ ਲਈ ਅਮਰੀਕਾ ਦੇ ਦਖਲ ਦੀ ਲੋੜ ਹੈ ਅਤੇ ਇਹ ਜਥੇਬੰਦੀ ਸਾਊਥ ਏਸ਼ੀਆ ਖਿੱਤੇ ਵਿਚ ਸ਼ਾਂਤੀ ਲਈ ਰਾਹ ਦਸੇਰੀ ਬਣੇਗੀ। ਐਨ।ਸੀ।ਏ।ਆਈ।ਏ (ਨੈਸ਼ਨਲ ਕੌਂਸਲ ਆਫ ਏਸ਼ੀਅਨ ਇੰਡੀਅਨ ਐਸੋਸੀਏਸ਼ਨ) ਦੇ ਪ੍ਰਧਾਨ ਸ੍ਰ। ਬਲਜਿੰਦਰ ਸ਼ੰਮੀ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਜਿਦ ਤਰਾਰ ਅਤੇ ਜਸਦੀਪ ਸਿੰਘ ਜੱਸੀ ਵਲੋਂ 'ਸਾਊਥ ਏਸ਼ੀਆ ਪੀਸ ਕੌਂਸਲ' ਦੇ ਗਠਨ ਦਾ ਉਹ ਸਮਰਥਨ ਕਰਦੇ ਹਨ ਅਤੇ ਉਹਨਾਂ ਦੀ ਸੰਸਥਾ ਐਨ।ਸੀ।ਏ।ਆਈ।ਏ। ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਹਨਾਂ ਕਿਹਾ ਕਿ ਸਾਊਥ ਏਸ਼ੀਆ ਵਿਚ ਸ਼ਾਂਤੀ ਬਣਾਈ ਰੱਖਣ ਲਈ ਇਹੋ ਜਿਹੀ ਸੰਸਥਾ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਇਸ ਇਕੱਤਰਤਾ ਵਿਚ ਸਾਜਿਦ ਤਰਾਰ, ਜਸਦੀਪ ਸਿੰਘ ਜੱਸੀ ਤੇ ਬਲਜਿੰਦਰ ਸ਼ੰਮੀ ਸਿੰਘ ਤੋਂ ਇਲਾਵਾ ਖੁਰਮ ਸ਼ਹਿਜਾਦ, ਯੂਸਫ ਚੌਧਰੀ, ਜਫਰ ਇਕਬਾਲ, ਮਨੀਸ਼ਾ ਸਿੰਘ, ਨੁਜਰੀਆ ਆਜ਼ਮ, ਪਵਨ ਬੇਜਵਾੜਾ, ਅਲਪਨਾ ਬਰੂਆ, ਕੀਰਤੀ ਸਵਾਮੀ, ਅੰਜਨਾ ਬੋਰਦੋਲੋਈ, ਰਮਾ ਸ਼ਰਮਾ, ਪ੍ਰਿਤਪਾਲ ਸਿੰਘ ਲੱਕੀ, ਰੂਪੀ ਸੂਰੀ, ਰਾਜ ਸੈਣੀ, ਅਨੀਸ ਅਹਿਮਦ, ਨੌਰਮਲ ਪਹਾੜੀ, ਮੋਹਨ ਗਰੋਵਰ ਨੇ ਵੀ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ।

# ਅਮਰੀਕਾ ਅਤੇ ਕੈਨੇਡਾ ਦੀ ਹਾਕੀ ਵਿੱਚ ਪੰਜਾਬੀ ਖਿਡਾਰੀਆਂ ਦੀ ਬੱਲੇ ਬੱਲੇ

## ਜੂਨੀਅਰ ਵਿਸ਼ਵ ਕੱਪ ਹਾਕੀ 2021 - ਲਈ ਅਮਰੀਕਾ ਅਤੇ ਕੈਨੇਡਾ ਦੀਆਂ ਟੀਮਾਂ ਵਾਸਤੇ 13 ਪੰਜਾਬੀਆਂ ਦੀ ਹੋਈ ਚੋਣ


ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ


98143-00722



ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ ਜੋ ਭਾਰਤ ਦੀ ਹਾਕੀ ਰਾਜਧਾਨੀ ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਖੇ 24 ਨਵੰਬਰ ਤੋਂ 5ਦਸੰਬਰ ਤਕ ਹੋ ਰਿਹਾ ਹੈ। ਵਿਸ਼ਵ ਕੱਪ ਹਾਕੀ ਲਈ ਦੁਨੀਆਂ ਦੀਆਂ 16 ਦਿੱਗਜ ਟੀਮਾਂ ਹਿੱਸਾ ਲੈ ਰਹੀਆਂ




ਹਨ । ਜੂਨੀਅਰ ਵਿਸ਼ਵ ਕੱਪ ਹਾਕੀ ਚੁਣੀਆਂ ਗਈਆਂ ਅਮਰੀਕਾ ਅਤੇ ਕੈਨੇਡਾ ਦੀਆਂ ਟੀਮਾਂ ਵਿੱਚ ਪੰਜਾਬੀ ਖਿਡਾਰੀ ਦੀ ਬੱਲੇ ਬੱਲੇ ਹੋਈ ਹੈ। ਕੈਨੇਡਾ ਦੀ ਚੁਣੀ ਗਈ 16 ਮੈਬਰੀ ਕੌਮੀ ਹਾਕੀ ਟੀਮ ਲਈ 8 ਪੰਜਾਬੀ ਖਿਡਾਰੀ ਚੁਣੇ ਗਏ ਹਨ। ਜਦਕਿ ਅਮਰੀਕਾ ਦੀ ਚੁਣੀ ਗਈ ਟੀਮ ਲਈ 5 ਪੰਜਾਬੀ ਖਿਡਾਰੀਆਂ ਦੀ ਚੋਣ ਹੋਈ ਹੈ।

ਜੂਨੀਅਰ ਵਿਸ਼ਵ ਕੱਪ ਹਾਕੀ ਲਈ ਜੋ ਕੈਨੇਡਾ ਦੀ 16 ਮੈਂਬਰੀ ਟੀਮ ਚੁਣੀ ਗਈ ਹੈ ਉਸ ਵਿਚ ਪੰਜਾਬੀ ਖਿਡਾਰੀਆਂ ਵਿੱਚ ਮਨਵੀਰ ਸਿੰਘ ਝੱਮਟ ਵੈਨਕੂਵਰ, ਅਭਿਜੋਤ ਸਿੰਘ ਬੁੱਟਰ ਬੀਸੀ ,ਨਮਨ ਸ਼ਰਮਾ ਬੀਸੀ, ਤਨਵੀਰ ਸਿੰਘ ਕੰਗ ਅਲਬਰਟਾ ,ਭਵਦੀਪ ਸਿੰਘ ਧਾਲੀਵਾਲ ਬੀਸੀ ,ਗੰਗਾ ਸਿੰਘ ਜੂਨੀਅਰ ਓਂਟਾਰੀਓ ,ਜੋਤ ਸਿੱਧੂ ਬੀਸੀ, ਰੂਪ ਕੰਵਰ ਸਿੰਘ ਢਿੱਲੋਂ ਚੁਣੇ ਗਏ ਹਨ ਜਦ ਕਿ ਮਨਕੀਰਤ ਰਾਏ ਓਂਟਾਰੀਓ ਨੂੰ ਰਾਖਵੇਂ ਖਿਡਾਰੀਆਂ ਵਿੱਚ ਰੱਖਿਆ ਗਿਆ ਹੈ ਇਸ ਤੋਂ ਇਲਾਵਾ ਕੈਨੇਡਾ ਟੀਮ ਦੇ ਕੋਚ ਵੀ ਇੰਡੀ ਸੈਂਹਬੀ ਵੀ ਪੰਜਾਬੀ ਹੀ ਹਨ।

ਇਸ ਤੋਂ ਇਲਾਵਾ ਅਮਰੀਕਾ ਦੀ ਜੋ ਵਿਸ਼ਵ ਕੱਪ ਹਾਕੀ ਵਾਸਤੇ ਟੀਮ ਚੁਣੀ ਗਈ ਹੈ। ਉਸ ਵਾਸਤੇ ਮਹਿਤਾਬ ਸਿੰਘ ਗਰੇਵਾਲ ਕੈਲੇਫੋਰਨੀਆ, ਗੁਰਚਰਨ ਸਿੰਘ ਜੌਹਲ ਫੀ-ਨਿਕਸ, ਅਮਰਿੰਦਰਪਾਲ ਸਿੰਘ ਕੈਲੇਫੋਰਨੀਆਂ, ਜਤਿਨ ਸ਼ਰਮਾ ਸਨਫਰਾਂਸਿਸਕੋ, ਸੋਮਿਕ ਚੱਕਰਵਰਤੀ ਵਾਸ਼ਿੰਗਟਨ ਚੁਣੇ ਗਏ ਹਨ ਇਸ ਤੋਂ ਇਲਾਵਾ ਰਾਖਵੇਂ ਖਿਡਾਰੀਆਂ ਵਿੱਚ ਅਮਰ ਸਿੰਘ ਕੈਲੇਫੋਰਨੀਆ, ਸਿਵਨ ਪਟੇਲ ਕੈਲੀਫੋਰਨੀਆ ਚੁਣੇ ਗਏ ਹਨ । ਯਾਦ ਰਹੇ ਅਮ-ਰੀਕਾ ਜੋ 2028 ਓਲੰਪਿਕ ਖੇਡਾਂ ਜੋ ਅਮ-ਰੀਕਾ ਦੇ ਸ਼ਹਿਰ ਲਾਸ ਏਂਜਲਸ ਨੂੰ ਅਲਾਟ ਹੋਈਆਂ ਹਨ ਨੂੰ ਮੁੱਖ ਰੱਖ ਕੇ ਹਾਕੀ ਟੀਮ ਤਿਆਰ ਕਰ ਰਿਹਾ ਹੈ। ਜਿਸ ਵਾਸਤੇ ਉਨ੍ਹਾਂ ਨੇ ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਹਰਿੰਦਰ ਸਿੰਘ ਨੂੰ ਟੀਮ ਦੀ ਕੋਚਿੰਗ ਦਾ ਜ਼ਿੰਮਾ ਦਿੱਤਾ ਹੈ । ਅਮਰੀਕਾ ਅਤੇ ਕੈਨੇਡਾ ਦੀਆਂ ਹਾਕੀ ਟੀਮਾਂ ਨੂੰ ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਵਾਈਲਡ ਕਾਰਡ ਰਾਹੀਂ ਐਂਟਰੀ ਮਿਲੀ ਹੈ ਕਿਉਂਕਿ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਨੇ ਕੋਰੋਨਾ ਮਾਹਾਂਮਾਰੀ ਕਾਰਨ ਵਿੱਚ ਵਿਸ਼ਵ ਕੱਪ ਹਾਕੀ ਵਿੱਚ ਭਾਗ ਲੈਣ ਤੋਂ ਅਸਮਰੱਥਾ ਪ੍ਰਗਟਾਈ ਸੀ। ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਕੈਨੇਡਾ ਦੀ ਟੀਮ ਨੂੰ ਭਾਰਤ ਵਾਲੇ ਪੂਲ ਬੀ ਵਿੱਚ ਰੱਖਿਆ ਗਿਆ ਹੈ। ਕੈਨੇਡਾ ਤੋਂ ਇਲਾਵਾ ਫਰਾਂਸ ਅਤੇ ਪੋਲੈਂਡ ਦੀਆਂ ਟੀਮਾਂ ਇਸ ਪੂਲ ਵਿੱਚ ਖੇਡਣਗੀਆਂ। ਕੈਨੇਡਾ ਦੀ ਟੀਮ ਆਪਣਾ ਪਹਿਲਾ ਮੈਚ 24 ਨਵੰਬਰ ਨੂੰ ਪੋਲੈਂਡ ਦੇ ਨਾਲ ਜਦਕਿ ਦੂਜਾ ਮੈਚ 25 ਨਵੰਬਰ ਨੂੰ ਭਾਰਤ ਨਾਲ ਅਤੇ ਪੂਲ ਦਾ ਆਖ਼ਰੀ ਮੈਚ 27 ਨਵੰਬਰ ਨੂੰ ਫਰਾਂਸ ਦੇ ਨਾਲ ਖੇਡੇਗੀ । ਇਸ ਤੋਂ ਇਲਾਵਾ ਅਮਰੀਕਾ ਦੀ ਟੀਮ ਨੂੰ ਪੂਲ ਸੀ ਵਿੱਚ ਰੱਖਿਆ ਗਿਆ ਹੈ । ਪੂਲ ਸੀ ਵਿੱਚ ਅਮਰੀਕਾ ਤੋਂ ਇਲਾਵਾ ਹਾਲੈਂਡ ਕੋਰੀਆ ਅਤੇ ਸਪੇਨ ਦੀਆਂ ਟੀਮਾਂ ਹਨ। ਅਮਰੀਕਾ ਦਾ ਪਹਿਲਾ ਮੁਕਾਬਲਾ 25 ਨਵੰਬਰ ਨੂੰ ਸਪੇਨ ਦੇ ਨਾਲ ਜਦਕਿ ਦੂਸਰਾ ਮੁਕਾਬਲਾ 26 ਨਵੰਬਰ ਨੂੰ ਕੋਰੀਆ ਦੇ ਨਾਲ ਜਦਕਿ ਆਖ਼ਰੀ ਮੁਕਾਬਲਾ 28 ਨਵੰਬਰ ਨੂੰ ਹਾਲੈਂਡ ਦੇ ਵਿਰੁੱਧ ਖੇਡਿਆ ਜਾਵੇਗਾ ।

ਹਰ ਪੂਲ ਵਿਚੋਂ ਦੋ ਸਰਵੋਤਮ ਟੀਮਾਂ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰਨਗੀਆਂ ।ਜੇਕਰ ਕੈਨੇਡਾ ਅਤੇ ਅਮਰੀਕਾ ਦੀਆਂ ਟੀਮਾਂ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰ ਜਾਂਦੀਆਂ ਹਨ ਤਾਂ ਕਿਸੇ ਕ੍ਰਿਸ਼ਮੇ ਤੋਂ ਨਹੀਂ ਹੋਵੇਗਾ। ਇਸਦੇ ਨਾਲ ਹੀ ਪੰਜਾਬੀ ਖਿਡਾਰੀਆਂ ਖਾਸ ਕਰਕੇ ਸਿੱਖ ਖਿਡਾਰੀਆਂ ਦੀ ਚੜ੍ਹਤ ਪੂਰੀ ਦੁਨੀਆਂ ਵਿੱਚ ਮੱਚੇਗੀ। 1973 ਵਿਸ਼ਵ ਕੱਪ ਹਾਕੀ ਐਮਸਟਰਡਮ ਹਾਲੈਂਡ ਵਿੱਚ 32 ਸਿੱਖ ਖਿਡਾਰੀ ਜੂੜਿਆਂ ਵਾਲੇ ਵੱਖ ਵੱਖ ਮੁਲਕਾਂ ਦੀਆਂ ਟੀਮਾਂ ਵੱਲੋਂ ਖੇਡੇ ਸਨ ਜਦ ਕਿ 1972 ਮਿਊਨਿਖ ਓਲੰਪਿਕ ਖੇਡਾਂ ਵਿੱਚ 30 ਜੂੜਿਆਂ ਵਾਲੇ ਖਿਡਾਰੀ ਖੇਡੇ ਸਨ । ਇਸ ਵਾਰ ਅਜੇ ਭਾਰਤ ਅਤੇ ਮਲੇਸ਼ੀਆ ਵਰਗੀਆਂ ਟੀਮਾਂ ਦੀ ਚੋਣ ਬਾਕੀ ਹੈ ਜਿਸ ਵਿੱਚ ਪੰਜਾਬੀਆਂ ਦੀ ਭਰਮਾਰ ਹੋ ਸਕਦੀ ਹੈ। ਪੰਜਾਬੀ ਖਿਡਾਰੀਆਂ ਦਾ ਹਾਕੀ ਵਿੱਚ ਹੋਰ ਕੀਰਤੀਮਾਨ ਬਣ ਸਕਦਾ ਹੈ। ਗੁਰੂ ਭਲੀ ਕਰੇ, ਰੱਬ ਰਾਖਾ ।

# ਪ੍ਰੈਸ ਫੋਟੋਗ੍ਰਾਫਰੀ ਦਾ ਧਰੂ ਤਾਰਾ ਟੁੱਟਿਆ



**ਜਲੰਧਰ (ਪਾਲ ਸਿੰਘ ਨੌਲੀ)–** ਬਲੈਕ ਐਂਡ ਵਾਈਟ ਤੋਂ ਰੰਗਦਾਰ ਫੋਟੋ ਖਿੱਚਕੇ ਇਤਿਹਾਸਕ ਪਲਾਂ ਨੂੰ ਕੈਦ ਕਰਦਾ ਸੀ ਪਿਆਰੇ ਲਾਲ ਪ੍ਰੈਸ ਫੋਟੋਗ੍ਰਾਫਰ ਪਿਆਰੇ ਲਾਲ ਆਪਣੀ ਜਿੰਦਗੀ ਦੇ 83 ਬਸੰਤ ਦੇਖਕੇ ਰੱਬ ਨੂੰ ਪਿਆਰੇ ਹੋ ਗਏ ਹਨ।ਪਿਆਰੇ ਲਾਲ ਨੇ ਫੋਟੋਗ੍ਰਾਫੀ ਦਾ ਯੁੱਗ ਬਦਲਦਾ ਦੇਖਿਆ । ਲੁਧਿਆਣੇ ਦੇ ਬੱਦੋਵਾਲ ਵਿੱਚ 1938 ਨੂੰ ਜਨਮੇ ਪਿਆਰੇ ਲਾਲ ਨੇ ਅਲੱੜ੍ਹ ਉਮਰ (17 ਸਾਲਾਂ ) ਵਿੱਚ ਕੈਮਰੇ ਨੂੰ ਜਦੋਂ ਪਹਿ-ਲੀਵਾਰ 1955 ਵਿੱਚ ਕਲਿਕ ਕੀਤਾ ਸੀ ਤਾਂ ਫਿਰ ਉਨ੍ਹਾਂ ਨੇ 66 ਸਾਲ ਪਿੱਛੇ ਮੁੜਕੇ ਨਹੀਂ ਦੇਖਿਆ ਸੀ।ਪਿਆਰੇ ਲਾਲ ਨੇ ਫੋਟੋਗ੍ਰਾਫੀ ਰਾਹੀ ਪੰਜਾਬ ਨੂੰ ਜੀਵਿਆ ਸੀ। ਪਿਆਰੇ ਲਾਲ ਨੇ ਪੰਜਾਬ ਦੀਆਂ ਬਹੁਤ ਸਾਰੀਆਂ ਇਤਿਹਾਸਕ ਘਟਨਾਵਾਂ ਦੀਆਂ ਤਸਵੀਰਾਂ ਖਿੱਚੀਆਂ ਸਨ, ਜਿਹੜੀਆਂ ਅੱਜ ਵੀ ਯਾਦਗਾਰ ਬਣੀਆਂ ਹੋਈਆਂ ਹਨ। ਉਨ੍ਹਾਂ ਨੇ ਅਥਲੀਟ ਮਿਲਖਾ ਸਿੰਘ ਦੇ ਵਿਆਹ ਦੀਆਂ ਤਸਵੀਰਾਂ ਵੀ ਖਿੱਚੀਆਂ ਸਨ।ਪਿਆਰੇ ਲਾਲ ਨੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਸਮਾਗਮਾਂ ਦੀਆਂ ਜਿਥੇ ਫੋਟੋ ਖਿੱਚੀਆਂ ਸਨ ਉਥੇ ਉਨ੍ਹਾਂ ਨੇ ਪਟਿਆਲਾ ਵਿਚ ਲੱਗੇ ਕਪੂਰੀ ਮੋਰਚੇ ਦੀ ਫੋਟੋਗ੍ਰਾਫੀ ਵੀ ਕੀਤੀ ਸੀ ਜਦੋਂ ਸਤਲੁਜ-ਯਮੁਨਾ ਲਿੰਕ ਨਹਿਰ ਦਾ ਟੱਕ ਲਾਇਆ ਗਿਆ ਸੀ। ਉਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨ ਮੌਕੇ ਦੀ ਯਾਦਗਾਰੀ ਤਸਵੀਰ ਵੀ ਖਿੱਚੀ ਸੀ। ਜਲੰਧਰ ਦੇ ਫਰੈਂਡਜ਼ ਸਿਨੇਮੇ ਕੋਲ ਹੋਏ ਬੰਬ ਧਮਾਕੇ ਦੀ ਤਸਵੀਰ ਵੀ ਉਨ੍ਹਾਂ ਨੇ ਖਿੱਚੀ ਸੀ। ਉਨ੍ਹਾਂ ਦੀਆਂ ਖਿੱਚੀਆਂ ਤਸਵੀਰਾਂ ਕੌਮੀ ਤੇ ਸੂਬਾਈ ਪੱਧਰ ਦੀਆਂ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਹਨ। ਪਿਆਰੇ ਲਾਲ ਉਨ੍ਹਾਂ ਸਮਿਆਂ ਦੇ ਫੋਟੋਗ੍ਰਾਫਰ ਸਨ ਜਦੋਂ ਇਕ ਰੁਪਏ ਵਿਚ ਫੋਟੋ ਖਿੱਚ ਕੇ ਗਾਹਕ ਨੂੰ ਦਿੱਤੀ ਜਾਂਦੀ ਸੀ।ਪਿਆਰੇ ਲਾਲ ਨੇ ਇੱਕ ਵਾਰ ਦੱਸਿਆ ਸੀ ਕਿ ਉਨ੍ਹਾਂ 2 ਰੁਪਏ 75 ਪੈਸੇ ਵਿੱਚ ਕੈਮਰਾ ਖ਼੍ਰੀਦਿਆ ਸੀ ਤੇ ਉਦੋਂ ਇੱਕ ਫਿਲਮ ਵਿੱਚ 12 ਫੋਟੋ ਖਿੱਚ ਹੁੰਦੀਆਂ ਸਨ ਤੇ ਇੱਕ ਰੁਪਏ ਵਿੱਚ ਫੋਟੋ ਖਿੱਚਦੀ ਸੀ।

ਅਦਾਰਾ ਦੇਸ਼ ਦੁਆਬਾ ਵੱਲੋਂ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਜਾਂਦੀ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

# ਭੱਟੀ ਵੀ ਤੁਰ ਗਿਆ 'ਸੁਰਜੀਤ' ਹੋ ਕੇ

**ਜਲੰਧਰ (ਪਾਲ ਸਿੰਘ ਨੌਲੀ)–** ਤੀਹ ਸਾਲ ਪਹਿਲਾ ਆਥਣੇ ਨੂੰ ਸੁਰਜੀਤ ਸਿੰਘ ਭੱਟੀ ਮੈਨੂੰ ਪਹਿਲੀ ਵਾਰ ਮਿਲਿਆ ਸੀ ਤਾਂ ਉਹਦੀ ਡੱਬ ਵਿੱਚ ਪਿਸਤੌਲ ਸੀ।ਭੱਟੀ ਨਾਲ ਮੇਰੀ ਮੁਲਾਕਾਤ ਸਤਪਾਲ ਅਸੀਮ ਨੇ ਕਰਵਾਈ ਸੀ।ਮੈਂ ,ਸਤਪਾਲ ਤੇ ਭੱਟੀ ਕਪੂਰਥਲੇ ਦੇ ਪਿੰਡ ਸੁਰਖਪੁਰ ਦੇ ਇੱਕ ਮੋੜ –ਤੇ ਮਿਲੇ ਸੀ। ਉਦੋਂ ਉਹ ਅਜੀਤ ਵਿੱਚ ਪੱਤਰਕਾਰ ਸਨ। ਗੱਲਬਾਤਾਂ ਦੌਰਾਨ ਕੋਈ ਐਸੀ ਗੱਲ ਹੋਈ ਕਿ ਭੱਟੀ ਸਾਹਿਬ ਨੇ ਝੱਗਾ ਚੁੱਕਿਆ ਤੇ ਡੱਬ ਵਿੱਚ ਰਖਿਆ ਪਿਸਤੌਲ ਦਿਖਾ ਦਿੱਤਾ। ਉਹ ਮਰਨ ਤੋਂ ਕਦੇਂ ਨਹੀਂ ਸੀ ਡਰਦਾ।ਉਹਦੀ ਬਹੁਤਿਆਂ ਨਾਲ ਨਹੀਂ ਬਣਦੀ ਪਰ ਮੇਰੇ ਨਾਲ ਉਹਦੀ ਕਦੇਂ ਵਿਗੜੀ ਨਹੀਂ ਸੀ। ਨਕਸਲਬਾੜੀ ਲਹਿਰ ਨਾਲ ਜੁੜੇ ਰਹੇ ਸੁਰਜੀਤ ਸਿੰਘ ਭੱਟੀ ਖਰਾਬ ਸਿਹਤ ਕਾਰਨ ਕਨੇਡਾ ਤੋਂ ਵਾਪਸ ਕਪੂਰਥਲੇ ਆਪਣੇ ਘਰ ਆ ਗਏ ਸਨ।ਉਨ੍ਹਾਂ ਨੂੰ ਉਚੇਚਾ ਮਿਲਣ ਵੀ ਗਿਆ ਤਾਂ ਜੋ ਉਨ੍ਹਾਂ ਦੀ ਸਿਹਤ ਦਾ ਪਤਾ ਚੱਲ ਸਕੇ।ਕਪੂਰਥਲਾ ਵਿੱਚ ਰਹਿੰਦਿਆ ਉਨ੍ਹਾਂ ਲੰਮਾ ਸਮਾਂ ਮੇਰੇ ਨਾਲ ਦੇਸ਼ ਸੇਵਕ ਅਖਬਾਰ ਵਿੱਚ ਪੱਤਰਕਾਰੀ ਕੀਤੀ ਸੀ।ਫਿਰ ਉਹ ਕਨੇਡਾ ਆਪਣੇ ਪੁੱਤਰ ਕੋਲ ਚਲੇ ਗਏ ਸਨ। ਉਥੇ ਜਾ ਕੇ ਉਹ ਰੇਡੀਓ ਰਾਹੀ ਪੱਤਰਕਾਰਤਾ ਨਾਲ ਜੁੜੇ ਰਹੇ।ਕਪੂਰਥਲਾ ਤੋਂ ਸ਼ੁਰੂ ਕੀਤੀ ਪੱਤਰਕਾਰੀ ਤੋਂ ਉਹ ਕੌਮਾਂਤਰੀ ਪੱਧਰ ਦੀ ਚਰਚਾ ਕਰਦੇ ਆ ਰਹੇ ਸਨ।ਕਪੂਰਥਲਾ ਵਿੱਚਲੀਆਂ ਵਿਰਾਸਤੀ ਇਮਾਰਤਾਂ ਬਾਰੇ ਉਹ ਪੰਜਾਬੀ ਟ੍ਰਿਬਿਊਨ ਵਿੱਚ ਵੀ ਲਿਖਦੇ ਰਹੇ ਸਨ। ਰੇਡੀਓ 'ਤੇ ਕੀਤੀ ਆਪਣੀ ਹਰ ਗੱਲਬਾਤ ਉਹ ਮੈਨੂੰ ਭੇਜਣਾ ਨਹੀਂ ਸੀ ਭੁੱਲਦੇ।ਕਿਸਾਨੀ ਅੰਦੋਲਨ ਬਾਰੇ ਫਿਕਰਮੰਦ ਰਹਿੰਦੇ ਸਨ ਕਿ ਕਿਧਰੇ ਕੋਈ ਕੇਂਦਰ ਸਰਕਾਰ ਕੋਈ ਵੱਡਾ ਕਾਰਾ ਨਾ ਕਰ ਦੇਵੇ। ਕਨੇਡਾ ਵਿੱਚ ਹੀ ਉਹ ਕਰੋਨਾ ਦਾ ਸ਼ਿਕਾਰ ਹੋ ਗਏ ਸਨ।ਜਦੋਂ ਵਾਪਸ ਆਏ ਤਾਂ ਦਿੱਲੀ ਤੋਂ ਹੀ ਉਹ ਮੇਰੇ ਨਾਲ ਗੱਲਬਾਤਾਂ ਕਰਦੇ ਰਹੇ।ਉਚੇਚੇ ਤੌਰ 'ਤੇ ਡਾ: ਜੋਗਿੰਦਰ ਸਿੰਘ ਪੁਆਰ ਦਾ ਪੁੱਛਿਆ ਸੀ ਜਿਹੜੇ ਪਿਛਲੇ ਸਾਲ ਸਾਡੇ ਤੋਂ ਸਦਾ ਲਈ ਰੁਖ਼ਸਤ ਹੋ ਗਏ ਸਨ।

ਉਹ ਆਪਣੀ ਗੱਲਬਾਤ ਵਿੱਚ ਹਰ ਵਾਰ ਆਈਪੀ ਸਿੰਘ ਹੋਰਾਂ ਬਾਰੇ ਪੁੱਛਣਾ ਨਹੀਂ ਸੀ ਭੁੱਲਦੇ। ਹੁਣ ਜਦੋਂ ਉਨ੍ਹਾਂ ਨਾਲ ਫੋਨ 'ਤੇ ਆਖਰੀ ਗੱਲਬਾਤ ਹੋਈ ਜਿਹੜੀ ਸਿਰਫ ਇੱਕ ਮਿੰਟ ਵੀ ਪੂਰੀ ਨਹੀਂ ਸੀ ਹੋਈ ਤਦ ਵੀ ਉਨ੍ਹਾਂ ਨੇ ਕਿਹਾ ਸੀ ਕਿ ਆਈਪੀ ਸਿੰਘ ਨੂੰ ਮੇਰੀ ਫ਼ਤਿਹੇ ਬਲਾਉਣੀ।

ਦੇਸ਼ ਪੰਜਾਬ ਵਾਲੇ ਗੁਰਬਚਨ ਸਿੰਘ ਨਾਲ ਵੀ ਭੱਟੀ ਸਾਹਿਬ ਦੀ ਇਕ ਦਿਨ ਫੋਨ ਤੇ ਲੰਮੇਂ ਸਮੇਂ ਬਾਅਦ ਗੱਲਬਾਤ ਕਰਵਾਈ ਸੀ।

ਪੰਜਾਬ ਜਦੋਂ ਮਾੜੇ ਦੌਰ ਵਿੱਚ ਗੁਜ਼ਰ ਰਿਹਾ ਸੀ ਤਾਂ ਉਸ ਵੇਲੇ ਦੀਆਂ ਉਨ੍ਹਾਂ ਨੇ ਲਿਖਤਾਂ ਸਾਂਭੀਆ ਹੋਈਆ ਸਨ



ਤਾਂ ਮੈਂ ਕਿਹਾ ਕਿ ਭੱਟੀ ਸਾਹਿਬ ਇਸ ਨੂੰ ਕਿਤਾਬ ਦਾ ਰੂਪ ਦੇ ਦੇਵੋਂ ਤਾਂ ਕਹਿਣ ਲੱਗੇ ਸਿਹਤ ਠੀਕ ਹੋ ਜਾਵੇ ਤਾਂ 6 ਕੁ ਮਹੀਨਿਆਂ ਬਾਅਦ ਇਸ ਨੂੰ ਸ਼ੁਰੂ ਕਰ ਦੇਵਾਗਾਂ ਪਰ ਸਵਾਸਾਂ ਦੀ ਪੂੰਜੀ ਸਵੇਰ ਦੀ ਸੈਰ ਕਰਨ ਤੋਂ ਬਾਅਦ ਹੀ ਖਤਮ ਹੋ ਗਈ। ਪੀਲੀ ਪੱਤਰਕਾਰੀ ਤੋਂ ਉਹ ਬਹੁਤ ਔਖੇ ਸਨ। ਕਈ ਵਾਰ ਅਜਿਹੇ ਪੱਤਰਕਾਰਾਂ ਬਾਰੇ ਉਹ ਤਿੱਖੀਆਂ ਟਿੱਪਣੀਆਂ ਵੀ ਕਰ ਦਿੰਦੇ ਸਨ। ਵੱਡੇ-ਵੱਡੇ ਰਾਜਸੀ ਆਗੂਆਂ ਨੂੰ ਤਿੱਖੇ ਸਵਾਲ ਕਰਨੇ ਉਨ੍ਹਾਂ ਦੇ ਸੁਭਾਅ ਵਿੱਚ ਸੀ ਤੇ ਧਰਨੇ 'ਤੇ ਬੈਠੇ ਨੌਜਵਾਨਾਂ ਨਾਲ ਬੈਠ ਜਾਂਦੇ ਸਨ ਤੇ ਕਈ ਵਾਰ ਉਨ੍ਹਾਂ ਦਾ ਮਾਈਕ ਫੜਕੇ ਵੀ ਸਮੇਂ ਦੀਆਂ ਸਰਕਾਰਾਂ ਵਿਰੁੱਧ ਆਪਣੀ ਭੜਾਸ ਕੱਢ ਦਿੰਦੇ ਸਨ। ਮੈਂ ਕਈ ਵਾਰ ਕਹਿਣਾ ਭੱਟੀ ਸਾਹਿਬ ਆਪਣਾ ਕੰਮ ਰਿਪੋਟਿੰਗ ਕਰਨਾ ਹੈ, ਭਾਸ਼ਣ ਦੇਣ ਨਹੀਂ।

ਤਾਂ ਉਹ ਸਰਕਾਰਾਂ ਦੇ ਸਮੁੱਚੇ ਸਿਸਟਮ ਨੂੰ ਨੰਗਾ ਕਰਨ ਤੱਕ ਜਾਂਦੇ ਤੇ ਉਨ੍ਹਾਂ ਬਾਰੇ ਬੇਬਾਕ ਟਿੱਪਣੀਆਂ ਕਰਦੇ ਜਿਹੜੀਆਂ ਅਕਸਰ ਹੀ ਅਫਸਰਸ਼ਾਹੀ ਨੂੰ ਚੁੱਭਦੀਆਂ ਰਹਿੰਦੀਆਂ ਸਨ। ਭੱਟੀ ਸਾਹਿਬ ਆਪਣੀਆ ਲਿਖਤਾਂ ਰਾਹੀ ਸਦਾ ਸੁਰਜੀਤ ਰਹਿਣਗੇ।

# Diwali celebrations at the Sri Guru Ravidass Temple Pittsburg


























Diwali was celebrated on Thursday November 4, 2021 at the Sri Guru Ravidass Temple Pittsburg (CA). Diwali was not celebrated last year because of COVID. This time Sangat came for the celebration and enjoyed melodious Kirtan by Bhai Nirvair Singh and Giani Gurnam Singh / Giani Ompal Singh. Guru Ka Langar was served till 10:00 PM.

Diwali function was hosted by Suman Family again. We are thankful to Guru Sahib for blessing the Sangat with good weather for this occasion.

We thank all the Sangat for helping with cooking and their contribution and Langar Sewa.

**- Ramesh Suman**

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

Satguru Nanak Pargateya
Miti Dhund Jag Chanan Hoya



## Sri Guru Nanak Dev Ji's Parkash Utsav

## November 21, 2021



Sri Guru Nanak Dev Ji's Gurpurab will be celebrated at our Gurughar on November 21, 2021. Akhand path will start on Friday 11/19/2021, at 10:00 AM and will be concluded on Sunday morning 11/21/2021 followed by Kirtan. Path and Langar sewa will be hosted by devoted family of Pt. Kewal Krishan Sudhir, Phagwara Wale. Giani Ompal /Giani Gurnam Singh will adorn the occasion with Shabad Kirtan along with other Kirtani Jathas.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of **GURU GRANTH SAHIB**, are an embodiment of truthfulness and godliness which illuminated the millions of ignorant souls. HIS simple message of **"UNIVERSAL BROTHERHOOD" EQUALITY** and Love of Mankind formed the basic principles of Sikh Religion. His firm belief that God is formless, infinite and all pervasive, dwelling within us awakened the entire mankind.

**The entire Sangat is humbly requested to participate in this "Gurupurb" and do the SEWA with TAN, MAN and DHAN. For food & other stalls, please contact the management committee. We have a limited space, so please call as soon as possible to reserve the stall space or for any other Sewa. First come, first choice.**

**"NANAK NAM CHARDI KALA TERE BHANE SARBAT DA BHALA"**

**www.sriguruuravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |

# ਸਿਆਸੀ ਪਾਰਟੀਆਂ ਹੁਣ ਦਲਿਤ ਸਮਾਜ ਨੂੰ ਪਿਛਲੱਗੂ ਨਹੀਂ ਬਣਾ ਸਕਦੀਆਂ

28 ਅਗਸਤ 1994 ਨੂੰ ਪੰਜਾਬ ਦੇ ਮਾਨਚੈਸਟਰ ਅਖਵਾਉਂਦੇ ਲੁਧਿਆਣਾ ਸ਼ਹਿਰ ਦੀ ਦਰੇਸੀ ਗਰਾਊਂਡ ਵਿੱਚ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸ਼ਾਖਾ ਵਲੋਂ ਇਤਿਹਾਸਕ "ਦਲ ਬਦਲ ਵਿਰੋਧੀ ਰੈਲੀ" ਕੀਤੀ ਗਈ। ਜਿਸਨੂੰ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੇ ਸੰਬੋਧਨ ਕੀਤਾ। ਇਸ ਰੈਲੀ ਦੀ ਵਿਸ਼ੇਸ਼ ਗੱਲ ਇਹ ਸੀ ਕਿ ਰੈਲੀ ਸ਼ੁਰੂ ਹੁੰਦਿਆਂ ਹੀ ਮੋਹਲੇਧਾਰ ਬਾਰਸ਼ ਅਰੰਭ ਹੋ ਗਈ। ਫਿਰ ਵੀ ਰੈਲੀ ਚ ਪੁੱਜੇ ਦੋ ਲੱਖ ਤੋਂ ਵਧੇਰੇ ਇੱਕਠੇ ਹੋਏ ਲੋਕ ਟੱਸ ਤੋਂ ਮੱਸ ਨਾ ਹੋਏ । ਭਾਵੇਂ ਮੈਦਾਨ ਪਾਣੀ ਨਾਲ ਭਰ ਚੁੱਕਾ ਸੀ ਫਿਰ ਵੀ ਲੋਕ ਆਪਣੇ ਮਹਿਬੂਬ ਆਗੂ ਦੇ ਵਿਚਾਰ ਸੁਣਦੇ ਰਹੇ।

ਇਸ ਰੈਲੀ ਵਿਚ ਸਾਹਿਬ ਕਾਂਸ਼ੀ ਰਾਮ ਜੀ ਦੇ ਮਾਤਾ ਬੀਬੀ ਬਿਸ਼ਨ ਕੌਰ ਜੀ ਮੰਚ ਤੇ ਉਹਨਾਂ ਨੂੰ ਮਿਲਣ ਲਈ ਪੁੱਜ ਗਏ। ਸੱਭ ਆਗੂਆਂ ਨੇ ਖੜ੍ਹੇ ਹੋ ਕੇ ਉਹਨਾਂ ਦਾ ਸੁਆਗਤ ਕੀਤਾ। ਮੈਂ ਸਾਹਿਬ ਦੇ ਖੱਬੇ ਪਾਸੇ ਬੈਠਿਆ ਸੀ ਮੈਂ ਮਾਤਾ ਜੀ ਲਈ ਆਪਣੀ ਕੁਰਸੀ ਖ਼ਾਲੀ ਕਰ ਦਿੱਤੀ ਤਾਂ ਸਾਹਿਬ ਨੇ ਘੂਰਦਿਆਂ ਮੈਨੂੰ ਆਪਣੀ ਥਾਂ ਬੈਠਣ ਲਈ ਕਿਹਾ ਤੇ ਕੁਝ ਮਿੰਟ ਹਾਲ ਚਾਲ ਪੁੱਛਕੇ ਮਾਂ ਜੀ ਨੂੰ ਵੀ ਆਈ ਪੀ ਗੈਲਰੀ ਵਿਚ ਭੇਜ ਦਿੱਤਾ।

ਪੌਣੇ ਤਿੰਨ ਵਜੇ ਜਿਉਂ ਹੀ ਸਾਹਿਬ ਕਾਂਸ਼ੀ ਰਾਮ ਜੀ ਲੱਖਾਂ ਲੋਕਾਂ ਨੂੰ ਸੰਬੋਧਨ ਕਰਨ ਲਈ ਉਠੇ ਤਾਂ ਨੀਲੇ ਝੰਡੇ ਹਿਲਾਕੇ ਪੁਰਜੋਸ਼ ਨਾਅਰਿਆਂ ਨਾਲ ਲੋਕਾਂ ਨੇ ਉਹਨਾਂ ਦਾ ਸੁਆਗਤ ਕੀਤਾ। ਲੋਕਾਂ ਨੇ ਦਸ ਮਿੰਟ ਤੋਂ ਵੱਧ ਤਾੜੀਆਂ ਦੀ ਗੜਗੜਾਹਟ ਜਾਰੀ ਰੱਖੀ।ਜਿਸਦਾ ਉਹਨਾਂ ਨੇ ਮੰਚ ਤੋਂ ਹੱਥ ਹਿਲਾਕੇ ਆਭਾਰ ਪਰਗਟ ਕੀਤਾ।

ਭਰਪੂਰ ਖੁਸ਼ੀ ਦੇ ਰੌਂਅ ਚ ਰੈਲੀ ਵਿਚ ਜੁੜੀ ਭੀੜ ਨੂੰ ਸੰਬੋਧਨ ਕਰਦਿਆਂ ਉਹਨਾਂ ਨੇ ਕਿਹਾ ਕਿ ਬੀ ਐੱਸ ਪੀ ਆਗਾਮੀ ਵਿਧਾਨ ਸਭਾ ਚੋਣਾਂ ਚ ਭਾਰੀ ਜਿੱਤ ਹਾਸਲ ਕਰਕੇ ਆਪਣੀ ਸਰਕਾਰ ਬਣਾਏਗੀ। ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਚੁਣੌਤੀ ਦਿੰਦਿਆਂ ਉਹਨਾਂ ਨੇ ਕਿਹਾ ਕਿ ਬੀ ਐੱਸ ਪੀ ਆਗਾਮੀ ਚੋਣਾਂ ਚ ਭਾਰੀ ਜਿੱਤ ਹਾਸਲ ਕਰੇਗੀ। ਬੇਅੰਤ ਸਿੰਘ ਦੀ ਸਰਕਾਰ ਬੀ ਐੱਸ ਪੀ ਨੂੰ ਕਮਜ਼ੋਰ ਕਰਨ ਲਈ ਹਰ ਹਰਬਾ ਵਰਤ ਰਹੀ ਹੈ।

ਲੇਕਿਨ ਅੱਜ ਲੱਖਾਂ ਲੋਕਾਂ ਦੇ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਅਜਿਹਾ ਕਰਨ ਚ ਨਾਕਾਮ ਰਹੀ ਐ। ਉਹਨਾਂ ਆਖਿਆ ਕਿ ਸਾਡਾ ਨਿਸ਼ਾਨਾ ਇਕੱਲੇ ਪੰਜਾਬ ਤੇ ਰਾਜ ਕਰਨ ਦਾ ਨਹੀਂ ਸਗੋਂ ਅਸੀਂ ਜਲਦੀ ਹੀ ਬ੍ਰਾਹਮਣ ਵਾਦੀ ਰਾਜਨੀਤਕ ਲੋਕਾਂ ਨੂੰ ਨੁੱਕਰੇ ਲਾਕੇ ਦਿੱਲੀ ਦੇ ਤਖਤ ਤਕ ਪੁੱਜ ਜਾਵਾਂਗੇ।

ਉਹਨਾਂ ਨੇ ਕਿਹਾ ਕਿ ਬੀ ਐੱਸ ਪੀ ਪੰਜਾਬ ਦੇ ਹਰ ਕਿਸਮ ਦੇ ਪ੍ਰਬੰਧ ਚ ਹਿਸੇਦਾਰ ਬਣੇਗੀ। ਸਿੱਖ ਮਿਸ਼ਨ ਨੂੰ ਅੱਗੇ ਵਧਾਉਣ ਚ ਦਲਿਤਾਂ ਦਾ ਵਡਮੁੱਲਾ ਯੋਗਦਾਨ ਹੈ। ਇਸ ਲਈ ਬੀ ਐੱਸ ਪੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਹਿੱਸਾ ਲਵੇਗੀ ਤੇ ਇਸ ਦੇ ਪ੍ਰਬੰਧ ਵਿਚ ਹਿੱਸੇਦਾਰ ਬਣੇਗੀ।ਹੁਣ ਦਲਿਤ ਜੱਟ ਸਿੱਖਾਂ ਦੇ ਪਿਛਲੱਗੂ ਬਣਕੇ ਨਹੀਂ ਰਹਿਣਗੇ। ਅਜੇ ਤਕ ਗੁਰਦੁਆਰਾ ਕਮੇਟੀਆਂ ਵਿਚ ਜੱਟ ਸਿਖਾਂ ਦਾ ਕਬਜ਼ਾ ਰਿਹਾ ਹੈ ਜਦੋਂ ਅਸੀਂ ਸਰਕਾਰ ਚਲਾ ਸਕਦੇ ਹਾਂ ਤਾਂ ਗੁਰਦੁਆਰਿਆਂ ਦਾ ਪ੍ਰਬੰਧ ਵੀ ਸੰਭਾਲ ਸਕਦੇ ਹਾਂ। ਉਹਨਾਂ ਨੇ ਅਕਾਲੀ ਦਲ ਨਾਲ ਚੋਣ ਸਮਝੌਤਾ ਕਰਨ ਬਾਰੇ ਵਿਅੰਗਮਈ ਲਹਿਜੇ 'ਚ ਕਿਹਾ ਕਿ ਸਾਨੂੰ ਤਾਂ ਬਾਦਲ ਤੋਂ ਉਂਝ ਈ ਡਰ ਲੱਗਦਾ ਐ। ਜਦੋਂ ਇਹ ਵਰ੍ਹਦਾ ਹੈ ਤਾਂ ਰੈਲੀ ਚੋਂ ਲੋਕ ਉੱਠ ਜਾਂਦੇ ਹਨ। ਅੱਜ ਭਾਵੇਂ ਮੋਹਲੇਧਾਰ ਮੀਂਹ ਪੈਂਦਾ ਰਿਹਾ ਪਰ ਸਾਹਿਬ ਕਾਂਸ਼ੀ ਰਾਮ ਦੇ ਲੱਖਾਂ ਸ਼ਰਧਾਲੂ ਉਹਨਾਂ ਦੇ ਵਿਚਾਰ ਸੁਣਨ ਲਈ ਪਾਣੀ ਵਿਚ ਹੀ ਬੈਠੇ ਰਹੇ। ਜਿਸ ਵਿਚ ਭਾਰੀ ਗਿਣਤੀ 'ਚ ਔਰਤਾਂ ਵੀ ਬੱਚਿਆਂ ਸਮੇਤ ਸ਼ਾਮਲ ਸਨ।

ਦੇਸ 'ਚ ਛਾਈ ਦਲ ਬਦਲੀ ਦੀ ਸਿਆਸਤ ਨੂੰ ਆੜੇ ਹੱਥੀਂ ਲੈਂਦਿਆਂ ਉਹਨਾਂ ਨੇ ਆਖਿਆ ਕਿ ਦਰ ਅਸਲ ਇਹ ਧਨਵਾਨ ਲੋਕਾਂ ਦੀ ਗੰਦੀ ਸਿਆਸਤ ਹੈ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਧਨ ਦੌਲਤ ਨਾਲ ਖਰੀਦ ਲਿਆ ਜਾਂਦਾ ਹੈ। ਇਸ ਲਈ ਅਸੀਂ ਇਸ ਮਸਲੇ ਨੂੰ ਤਦ ਗੰਭੀਰਤਾ ਨਾਲ ਲਿਆ ਜਦੋ ਉਤਰ ਪ੍ਰਦੇਸ਼ ਵਿਚ ਬੀ ਐੱਸ ਪੀ ਦੇ ਵਿਧਾਇਕਾਂ ਨਾਲ ਖ਼ਰੀਦੋ ਫਰੋਖ਼ਤ ਸ਼ੁਰੂ ਹੋਣ ਵਾ.ਲੀ ਸੀ। ਅਸੀਂ ਦੇਸ਼ ਭਰ ਵਿਚ ਦਲ ਬਦਲ ਵਿਰੋਧੀ ਰੈਲੀਆਂ ਕਰਕੇ ਬਹੁਜਨ ਸਮਾਜ ਨੂੰ ਜਾਗਰੂਕ ਕਰ ਰਹੇ ਹਾਂ ਤਾਂ ਕਿ ਬੀ ਐੱਸ ਪੀ ਨੂੰ ਕੋਈ ਤੋੜ ਨਾ ਸਕੇ।

ਉਹਨਾਂ ਨੇ ਮੀਡੀਆ ਤੇ ਵਰ੍ਹਦਿਆਂ ਕਿਹਾ ਕਿ ਯੂ ਪੀ ਚ ਦਲ ਬਦਲ ਦੇ ਮੁੱਦੇ ਨੂੰ ਜਾਣਬੁੱਝ ਕੇ ਗਲਤ ਢੰਗ ਨਾਲ ਪੇਸ਼ ਕੀਤਾ ਗਿਆ। ਪੰਜਾਬ ਚ ਪਰੈਸ ਦੀਆਂ ਗਤੀਵਿਧੀਆਂ ਦੀ ਸਖਤ ਆਲੋਚਨਾ ਕਰਦਿਆਂ ਉਹਨਾਂ ਦੱਸਿਆ ਕਿ ਭਾਰਤ ਦਾ ਪਰੈਸ ਧਨਾਢ ਲੋਕਾਂ ਦੇ ਹੱਥੀਂ ਵਿਕਿਆ ਹੋਇਆ ਹੈ। ਜੋ ਉਹਨਾਂ ਦੇ ਇਸ਼ਾਰੇ ਤੇ ਕੰਮ ਕਰ ਰਿਹਾ ਹੈ। ਬਹੁਜਨ ਸਮਾਜ ਪਾਰਟੀ ਦਲਿਤਾਂ ਪਛੜਿਆਂ ਨੂੰ ਉੱਚਾ ਉਠਾਉਣ ਲਈ ਲੱਗੀ ਹੈ। ਉਸ ਵਿਰੁੱਧ ਪਰੈਸ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਪੰਜਾਬ ਵਿਚ ਬੀ ਐੱਸ ਪੀ ਨੂੰ ਕਮਜ਼ੋਰ ਕਰਨ ਲਈ ਪਰੈਸ ਵਲੋਂ ਬਹੁਜਨ ਸਮਾਜ ਪਾਰਟੀ (ਅੰਬੇਡਕਰੀ) ਜੋ ਧਨਵਾਨ ਲੋਕਾਂ ਵਲੋਂ ਖੜ੍ਹੀ ਕੀਤੀ ਹੈ ਚੋਣਾਂ ਦੌਰਾਨ ਭਰਮ ਪੈਦਾ ਕਰਨ ਲਈ ਉਸਦੇ ਉਮੀਦਵਾਰਾਂ ਨੂੰ ਉਭਾਰਿਆ ਗਿਆ। ਪਰ ਦਾਲ ਨਹੀਂ ਗ.ਲੀ। ਉਹਨਾਂ ਨੇ ਆਖਿਆ ਕਿ ਜੋ ਦਲ ਬਦਲੀ ਕਰਦਾ ਹੈ ਨੈਤਿਕਤਾ ਦੇ ਆਧਾਰ ਤੇ ਲੋਕਾਂ ਦਾ ਪ੍ਰਤੀਨਿਧ ਬਣਨ ਲਈ ਉਸਨੂੰ ਮੁੜ ਚੋਣ ਮੈਦਾਨ ਵਿਚ ਆਉਣਾ ਚਾਹੀਦਾ ਹੈ। ਕਿਉਂਕਿ ਲੋਕ ਕਿਸੇ ਵਿਅਕਤੀ ਨੂੰ ਨਹੀਂ ਸਗੋਂ ਕਿਸੇ ਪਾਰਟੀ ਨੂੰ ਉਸ ਦੇ ਸਿਧਾਂਤ ਕਰਕੇ ਵੋਟ ਦਿੰਦੇ ਹਨ। ਦਲ ਬਦਲ ਦੇਸ ਲਈ ਗੰਭੀਰ ਸਮੱਸਿਆ ਹੈ।

ਉਹਨਾਂ ਨੇ ਕਿਹਾ ਕਿ ਬਸਪਾ ਤੋਂ ਇਲਾਵਾ ਭਾਜਪਾ, ਕਮਿਊਨਿਸਟ ਪਾਰਟੀਆਂ ਅਤੇ ਸ਼ਾਸਨ ਕਰਤਾ ਕਾਂਗਰਸ ਪਾਰਟੀ ਸਮੇਤ ਸੱਭ ਪਾਰਟੀਆਂ ਟੁੱਟੀਆਂ ਹਨ। ਇਸ ਲਈ ਸਾਨੂੰ ਵੀ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਪੈ ਰਿਹਾ ਹੈ ਕਿਉਂਕਿ ਅਸੀਂ ਨਿਰਧਨ ਸਮਾਜ ਨੂੰ ਜੋੜ ਰਹੇ ਹਾਂ। ਜਦੌਂ ਕਿ ਧਨਾਢ ਸਮਾਜ ਹਮੇਸ਼ਾ ਸਾਨੂੰ ਤੋੜਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਭਾਂਵੇਂ ਸਾਡਾ ਸਮਾਜ ਵਿਕਦਾ ਰਿਹਾ ਹੈ ਹੁਣ ਅਸੀਂ ਮਜ਼ਬੂਤ ਹੋ ਰਹੇ ਹਾਂ । ਅੱਜ ਦੇਸ ਭਰ ਚ ਬੀ ਐੱਸ ਪੀ ਦੇ 91 ਵਿਧਾਇਕ ਹਨ ਇਕੱਲੇ ਪੰਜਾਬ ਵਿਚ ਹੀ ਨੌਂ ਵਿਧਾਇਕ ਹਨ।

ਬੇਅੰਤ ਸਿੰਘ ਕਹਿੰਦੇ ਹਨ ਕਿ "ਬਹੁਜਨ ਸਮਾਜ ਰਾਜ ਕਰਨ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਹੈ"। ਪ੍ਰੰਤੂ ਅੱਜ ਲੱਖਾਂ ਲੋਕਾਂ ਦੇ ਇਕੱਠ ਵਿਚ ਬੇਅੰਤ ਸਿੰਘ ਨੂੰ ਚੁਣੌਤੀ ਦਿੰਦਿਆਂ ਉਹਨਾਂ ਕਿਹਾ ਕਿ "ਅਸੀਂ ਕਾਮਯਾਬ ਕੋਸ਼ਿਸ਼ ਕਰ ਰਹੇ ਹਾਂ ਤੇ ਰਾਜ ਕਰਾਂਗੇ"।

ਆਂਧਰਾ ਪ੍ਰਦੇਸ਼ ਤੋਂ ਪ੍ਰਧਾਨ ਮੰਤਰੀ ਨਰ ਸਿਮ੍ਹਾ ਰਾਓ ਨੂੰ ਸੰਦੇਸ਼ ਦਿੰਦਿਆਂ ਉਹਨਾਂ ਕਿਹਾ ਕਿ ਦੇਸ਼ ਭਰ ਵਿਚ ਅੰਬੇਡਕਰ ਭਵਨ ਤੇ ਲਖਨਊ ਚ ਅੰਬੇਡਕਰ ਯੂਨੀਵਰਸਿਟੀ ਖੋਲ੍ਹ ਕੇ ਕਾਂਗਰਸ ਉਤਰ ਪ੍ਰਦੇਸ਼ ਦੇ ਸ਼ਾਸਨ ਦੀ ਚਾਬੀ ਆਪਣੇ ਕੋਲ ਰੱਖਣਾ ਚਾਹੁੰਦੀ ਹੈ ਪ੍ਰੰਤੂ ਬਹੁਜਨ ਸਮਾਜ ਹੁਣ ਜਾਗਰੂਕ ਹੋ ਰਿਹਾ ਹੈ ਇਸ ਲਈ ਸ਼ੈਤਾਨ ਅਤੇ ਸ਼ੈਤਾਨੀਅਤ ਦੇ ਹੱਥ ਕੰਡੇ ਬੇਅਸਰ ਹੋ ਰਹੇ ਹਨ।



ਲਾਲ ਸਿੰਘ ਸੁਲਹਾਣੀ
91-98721-55120

ਯੂ ਪੀ, ਬਿਹਾਰ, ਆਂਧਰ ਪ੍ਰਦੇਸ਼ ਆਦਿ ਰਾਜਾਂ ਅੰਦਰ ਬੀ ਐੱਸ ਪੀ ਦੀ ਵਧ ਰਹੀ ਤਾਕਤ ਦਾ ਜ਼ਿਕਰ ਕਰਦਿਆਂ ਅਤੇ ਪੰਜਾਬ ਚ ਰੈਲੀ ਵਿਚਲੇ ਉਤਸ਼ਾਹ ਨੂੰ ਦੇਖਦਿਆਂ ਉਹਨਾਂ ਨੇ ਜਜ਼ਬਾਤੀ ਰੌਂਅ ਚ ਲੋਕਾਂ ਨੂੰ ਆਖਿਆ ਕਿ ਤੁਹਾਡੀ ਵੋਟ ਨਾ.ਲ ਹੁਣ ਤਕ ਦੇਸ ਭਰ ਵਿਚ ਰਾਜ ਭਾਗ ਚਲਦਾ ਰਿਹਾ ਹੈ ਇਸ ਲਈ ਆਪਣੇ ਪੈਰਾਂ ਤੇ ਖੜ੍ਹੇ ਹੋਕੇ ਦਿਲੀ ਦੇ ਤਖਤ ਤੇ ਕਬਜ਼ਾ ਕਰਨ ਲਈ ਅੱਗੇ ਆਉ, ਬਸ ਹੁਣ ਥੋੜ੍ਹੇ ਸਮੇਂ ਦੀ ਗੱਲ ਹੈ ਅਸੀਂ ਕੇਂਦਰ ਸਰਕਾਰ ਤੇ ਕਬਜ਼ਾ ਕਰ ਲਵਾਂਗੇ। ਉਹਨਾਂ ਦਾਅਵੇ ਨਾਲ ਕਿਹਾ ਕਿ ਹੁਣ ਬ੍ਰਾਹਮਣਵਾਦੀ ਪਾਰਟੀਆਂ ਦਲਿਤ ਲੋਕਾਂ ਨੂੰ ਮੂਰਖ ਨਹੀਂ ਬਣਾ ਸਕਦੀਆਂ।

ਇਸ ਮੌਕੇ ਡਾ: ਮੋਹਨ ਸਿੰਘ ਫਲੀਆਂ ਵਾਲਾ ਪ੍ਰਧਾਨ ਬੀ ਐੱਸ ਪੀ ਪੰਜਾਬ , ਸਰਦਾਰ ਲਾਲ ਸਿੰਘ ਸੁਲਹਾਣੀ ਉਪ ਪ੍ਰਧਾਨ ਬੀ ਐੱਸ ਪੀ ਪੰਜਾਬ, ਸ੍ਰੀ ਹਰਭਜਨ ਲਾਖਾ ਸਾਬਕਾ ਮੈਂਬਰ ਪਾਰਲੀਮੈਂਟ, ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜਨਰਲ ਸਕੱਤਰ ਬੀ ਐੱਸ ਪੀ ਪੰਜਾਬ, ਸਰਦਾਰ ਹਰਗੋਪਾਲ ਸਿੰਘ, ਸਰਦਾਰ ਸਤਨਾਮ ਸਿੰਘ ਕੈਂਥ , ਸ੍ਰੀ ਗੁਰਪਾਲ ਚੰਦ ਸਰੋਆ , ਸਰਦਾਰ ਨਿਰਮਲ ਸਿੰਘ ਨਿੰਮਾ, ਸਰਦਾਰ ਰਾਜ ਸਿੰਘ ਖੇੜੀ, ਸਰਦਾਰ ਬਲਦੇਵ ਸਿੰਘ ਭੱਟੀ, ਸ੍ਰੀ ਰਜਿੰਦਰ ਕੁਮਾਰ( ਸਾਰੇ ਵਿਧਾਇਕ) ,ਮੇਜਰ ਪਿਰਤਪਾਲ ਸਿੰਘ ਪ੍ਰਧਾਨ ਕਿਸਾਨ ਵਿੰਗ ਪੰਜਾਬ, ਬੀਬੀ ਸ਼ੀਲਾ ਰਾਣੀ ਪ੍ਰਧਾਨ ਬੀ ਐੱਸ ਪੀ ਪੰਜਾਬ ਮਹਿਲਾ ਵਿੰਗ, ਸਰਦਾਰ ਗੁਰਨਾਮ ਸਿੰਘ ਮੁਕਤਸਰ, ਸਰਦਾਰ ਮਾਨ ਸਿੰਘ ਮਨਹੇੜਾ, ਸ੍ਰੀ ਪ੍ਰਵੀਨ ਬੰਗਾ, ਸ੍ਰੀ ਓਂਕਾਰੀ ਰਾਮ ਝਮਟ, ਸ੍ਰੀ ਰਾਮ ਚੰਦ ਤਲਵੰਡੀ, ਸ੍ਰੀ ਧਰਮ ਚੰਦ ਐਡਵੋਕੇਟ, ਸਰਦਾਰ ਸਾਗਰ ਸਿੰਘ ਸਾਗਰ ਤੇ ਹੋਰ ਆਗੂਆਂ ਨੇ ਰੈਲੀ ਨੂੰ ਸੰਬੋਧਨ ਕੀਤਾ। ਮੰਚ ਸੰਚਾਲਨ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਵਿਧਾਇਕ ਨੇ ਬਾਖੂਬੀ ਨੇਪਰੇ ਚਾੜ੍ਹਿਆ।

# ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣਗੀਆਂ-ਸ: ਲਾਡੀ

## ਲਿਬਰਲ ਐਮ.ਪੀ.ਸੁੱਖ ਧਾਲੀਵਾਲ ਨਾਲ ਬਲਵਿੰਦਰ ਸਿੰਘ ਲਾਡੀ ਨੇ ਕੀਤੀ ਮੁਲਾਕਾਤ





**ਸਰੀ–** ਪੰਜਾਬ ਦੇ ਜਿਲਾ ਗੁਰਦਾਸਪੁਰ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਤੋ ਕਾਂਗਰਸੀ ਐਮ ਐਲ ਏ ਸ ਬਲਵਿੰਦਰ ਸਿੰਘ ਲਾਡੀ ਕੈਨੇਡਾ ਦੇ ਸੰਖੇਪ ਦੌਰੇ ਦੌਰਾਨ ਬੀਤੇ ਦਿਨ ਉਘੇ ਕਬੱਡੀ ਪ੍ਰੋਮੋਟਰ ਤੇ ਬਿਜਨਸਮੈਨ ਬਲਵੀਰ ਸਿੰਘ ਬੈਂਸ ਦੇ ਸਰੀ ਸਥਿਤ ਗ੍ਰਹਿ ਵਿਖੇ ਪੁੱਜੇ? ਇਸ ਮੌਕੇ ਸ ਬੈਂਸ ਅਤੇ ਉਹਨਾਂ ਦੇ ਪਰਿਵਾਰ ਵਲੋ ਸ. ਲਾਡੀ ਦਾ ਭਰਵਾਂ ਸਵਾਗਤ ਕੀਤਾ? ਇਸ ਮੌਕੇ ਕੀਤੇ ਗਏ ਸੰਖੇਪ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਸਰੀ ਨਿਊਟਨ ਤੋ ਲਿਬਰਲ ਐਮ ਪੀ ਸੁੱਖ ਧਾਲੀਵਾਲ ਪੁੱਜੇ।

ਇਸ ਮੌਕੇ ਐਮ ਐਲ ਏ ਬਲਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਵਿੱਚ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ. ਉਨ੍ਹਾਂ ਕਿਹਾ ਪੰਜਾਬੀਆਂ ਨੂੰ ਪੰਜਾਬ ਵਿਚ ਆਉਂਦੀਆਂ ਦਰਪੇਸ਼ ਮੁਕਸਲਾਂ ਦਾ ਉਨ੍ਹਾਂ ਦੀ ਸਰਕਾਰ ਵਲੋਂ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾ ਰਿਹਾ ਹੈ. ਉਹਨਾਂ ਕਿਹਾ ਕਿ ਹੁਣ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਵੱਡੇ ਪੱਧਰ ਤੇ ਵਿਕਾਸ ਕਾਰਜ ਚੱਲ ਰਹੇ ਹਨ ਅਤੇ ਪ੍ਰਸ਼ਾਸਨਿਕ ਤਬਦੀਲੀ ਵੀ ਕੀਤੀ ਜਾ ਰਹੀ ਹੈ, ਜਿਸ ਸਦਕਾ ਲੋਕ ਮੁੜ ਅਗਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਜਿਤਾ ਕੇ ਸ: ਚੰਨੀ ਦੀ ਅਗਵਾਈ ਵਿਚ ਸਰਕਾਰ ਬਣਾਉਣਗੇ. ਉਹਨਾਂ ਐਨ ਆਰ ਆਈ ਭਰਾਵਾਂ ਤੋ ਆਗਾਮੀ ਚੋਣਾਂ ਵਿਚ ਸਹਿਯੋਗ ਦੀ ਮੰਗ ਕੀਤੀ?

ਇਸ ਮੌਕੇ ਲਿਬਰਲ ਐਮ ਪੀ ਸ: ਸੁੱਖ ਧਾਲੀਵਾਲ ਨੇ ਜਿੱਥੇ ਸ ਲਾਡੀ ਦਾ ਭਰਵਾਂ ਸਵਾਗਤ ਕੀਤਾ ਉਥੇ ਉਨ੍ਹਾਂ ਪੰਜਾਬ ਦੇ ਹਲਾਤਾਂ ਤੇ ਵਿਚਾਰ ਵਟਾਂਦਰਾ ਕੀਤਾ।ਅਤੇ ਪੰਜਾਬ ਵਿਚ ਆਉਂਦੀਆਂ ਭਾਈਚਾਰੇ ਨੂੰ ਦਰਪੇਸ਼ ਮੁਕਸ਼ਲਾਂ ਤੋਂ ਵੀ ਸੰ ਲਾਡੀ ਨੂੰ ਜਾਣੂੰ ਕਰਵਾਇਆ॥

ਇਸ ਮੌਕੇ ਸ ਬਲਵੀਰ ਸਿੰਘ ਬੈਂਸ ਅਤੇ ਹੋਰਾਂ ਵਲੋ ਐਮ ਐਲ ਏ ਬਲਵਿੰਦਰ ਸਿੰਘ ਲਾਡੀ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ? ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿੰਦਰ ਘੁੰਮਣ, ਅਮਰਜੀਤ ਜੌਹਲ, ਦੇਵ ਸਿੱਧੂ, ਰਵਿੰਦਰ ਭੁੱਲਰ, ਰਿੱਕ ਤੂਰਾ, ਸੋਢੀ ਦਦਰਾਲ, ਬਹਾਦਰ ਸਿੰਘ ਸੰਧੂ, ਕਰਨਵੀਰ ਸਿੰਘ, ਗੁਰਵਿੰਦਰ ਸਿੰਘ, ਮਾਨ ਸੁੱਖੀ, ਪ੍ਰਿੰਸ ਬੈਂਸ, ਗੁਰਮੀਤ ਸਿੱਧੂ ਆਦਿ ਹਾਜ਼ਰ ਸਨ.।

## ਅਨਮੋਲ ਵਿਚਾਰ

(1) ਕੁਦਰਤ ਦੇ ਉਲਟ ਚੱਲ ਕੇ ਮਨੁੱਖ ਕਦੇ ਵੀ ਸਾਵੀਂ ਪੱਧਰੀ ਜਿੰਦਗੀ ਨਹੀਂ ਜਿਉਂ ਸਕਦਾ।
(2) ਬੋਹੜ, ਪਿੱਪਲ, ਨਿੰਮ, ਟਾਹਲੀ, ਕਿੱਕਰ ਜਿਹੇ ਪੁਰਾਤਨ ਰੁੱਖ ਸਾਡੀ ਵਿਰਾਸਤ ਦੀਆਂ ਨਿਸ਼ਾਨੀਆਂ ਹਨ ਜਿਸ ਨੂੰ ਅਸੀ ਅੱਖੋਂ ਪਰੋਖੇ ਕਰ ਰਹੇ ਹਾਂ।
(3) ਲਿਸ਼ਕ ਪੁਸ਼ਕ ਨਾ ਵੇਖ ਭਰਾਵਾ, ਵੇਖ ਨਾ ਸੁੰਦਰ ਮੁਖੜੇ। ਹਰ ਸੀਨੇ ਦੇ ਅੰਦਰ ਦਿਲ ਹੈ, ਹਰ ਦਿਲ ਅੰਦਰ ਦੁਖੜੇ।
(4) ਸਾਡਾ ਸਾਰੇ ਪੰਜਾਬੀਆਂ ਦਾ ਇਹ ਇਖਲਾਕੀ ਫਰਜ਼ ਬਣਦਾ ਹੈ ਕਿ ਅਸੀ ਸਾਰੇ ਆਪਣੇ ਘਰਾਂ ਵਿੱਚ ਸ਼ਹਿਰ ਹੋਵੇ ਜਾਂ ਪਿੰਡ, ਪੰਜਾਬੀ ਦਾ ਅਖਬਾਰ ਲਵਾਉਣਾ ਚਾਹੀਦਾ ਹੈ ਤਾਂ ਜੋ ਸਾਡੇ ਬੱਚੇ ਸ਼ੁਰੂ ਤੋਂ ਹੀ ਆਪਣੀ ਮਾਤ ਭਾਸ਼ਾ ਪੰਜਾਬੀ ਉੱਤੇ ਪੜਨ ਲਿਖਣ ਦੀ ਚੰਗੀ ਪਕੜ ਬਣਾ ਸਕਣ।
(5) ਕੁਛ ਰਿਸ਼ਤੇ ਭਗਵਾਨ ਖਰਾਬ ਕਰਦਾ ਹੈ ਤਾਂ ਕਿ ਸਾਡੀ ਜ਼ਿੰਦਗੀ ਖਰਾਬ ਨਾ ਹੋਵੇ।
(6) ਰਾਸ਼ਟਰੀ ਏਕਤਾ ਅਤੇ ਅਖੰਡਤਾ ਭਾਰਤ ਦੀ ਸ਼ਕਤੀ ਹੈ, ਇਹੀ ਸ਼ਕਤੀ ਸਾਨੂੰ ਅਦੁੱਤੀ ਅਤੇ ਅਜੇਤੂ ਬਣਾਉਦੀ ਹੈ।
(7) ਮਿੱਠੇ ਬੋਲਾਂ ਨਾਲ ਕਿਸੇ ਦਾ ਵੀ ਦਿਲ ਜਿੱਤਿਆ ਜਾ ਸਕਦਾ ਹੈ।

**ਸੰਗ੍ਰਹਿ ਕਰਤਾ :– ਬਲਦੇਵ ਸਿੰਘ ਖੁਰਾਨਾ**

## ਜਨਮ ਦਿਨ ਮੁਬਾਰਕ




ਪ੍ਰਵੀਨ ਭਟੋਏ ਪਰਿਵਾਰ ਵੱਲੋਂ ਜਨਮ ਦਿਨ ਮੁਬਾਰਕ

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## 14 ਨਵੰਬਰ 2021 ਲਈ ਬਾਲ ਦਿਵਸ ਸਬੰਧੀ ਵਿਸ਼ੇਸ਼

# ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਦੀ ਰਿਪੋਰਟ ਅਨੁਸਾਰ ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਵਾਧਾ



ਕੁਲਦੀਪ ਚੰਦ
91-9417563054

ਬੱਚੇ ਸਾਡਾ ਭਵਿੱਖ ਹਨ ਅਤੇ ਜੇਕਰ ਅਸੀਂ ਅਪਨਾ ਭਵਿੱਖ ਸੁਨਿਹਰੀ ਬਣਾਉਣਾਂ ਚਾਹੁੰਦੇ ਹਾਂ ਤਾਂ ਬੱਚਿਆਂ ਨੂੰ ਵਧੀਆ ਖੁਸ਼ਹਾਲ ਬਚਪਨ ਦੇਣਾ ਪਵੇਗਾ ਪਰੰਤੂ ਭਾਰਤ ਸਮੇਤ ਕਈ ਹੋਰ ਦੇਸਾਂ ਵਿੱਚ ਖੁਸ਼ਹਾਲ ਬਚਪਨ ਅਜੇ ਵੀ ਇੱਕ ਸੁਪਨਾ ਹੀ ਹੈ। ਖੁਸ਼ਹਾਲ ਬਚਪਨ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਸਮਿਆਂ ਤੇ ਬਾਲ ਦਿਵਸ ਮਨਾਇਆ ਜਾਂਦਾ ਹੈ। ਜੇਕਰ ਬਾਲ ਦਿਵਸ ਦਾ ਇਤਿਹਾਸ ਵੇਖੀਏ ਤਾਂ ਇਸਦੀ ਸ਼ੁਰੂਆਤ ਜੂਨ 1856 ਵਿੱਚ ਮੈਸਚਿਉਸਟੇਸ ਵਿੱਚ ਯੂਨੀਵਰਸਲ ਚਰਚ ਆਫ ਰਿਡਿਉਮਰ ਦੇ ਪਾਦਰੀ ਡਾਕਟਰ ਚਾਰਲਸ ਲਉਨੇਡ ਨੇ ਦੂਜਾ ਐਤਵਾਰ ਨੂੰ ਕੀਤੀ। ਅਧਿਕਾਰਤ ਤੋਰ ਤੇ ਬਾਲ ਦਿਵਸ ਦੀ ਸ਼ੁਰੂਆਤ ਸਾਲ 1929 ਵਿੱਚ ਟੂਰਕੀ ਦੇ ਗਣਤੰਤਰ ਦੁਆਰਾ 23 ਅਪ੍ਰੈਲ ਨੂੰ ਘੋਸ਼ਿਤ ਰਾਸ਼ਟਰੀ ਛੁੱਟੀ ਦੇ ਐਲਾਨ ਨਾਲ ਕੀਤੀ ਗਈ। ਇਸ ਸਬੰਧੀ ਸਮੇਂ-ਸਮੇਂ ਤੇ ਕਈ ਅੰਤਰਰਾਸ਼ਟਰੀ ਸੰਸਥਾਵਾਂ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਹੁਣ ਹਰ ਸਾਲ ਬਾਲ ਦਿਵਸ ਮਨਾਇਆ ਜਾਂਦਾ ਹੈ। ਸਾਲ 2021 ਲਈ ਬੱਚਿਆਂ ਦੀ ਭਲਾਈ ਅਤੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਅੰਤਰ-ਰਾਸਟਰੀ ਸੰਗਠਨ ਯੂਨੀਸੈਫ ਨੇ ਸਮੂਹ ਵਿਸ਼ਵ ਦੇ ਬੱਚਿਆਂ ਨੂੰ ਮੀਡੀਆ, ਰਾਜਨੀਤੀ, ਵਪਾਰ, ਖੇਡਾਂ ਅਤੇ ਮੰਨੋਰੰਜਨ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਅਜਿਹੇ ਲੱਖਾਂ ਬੱਚਿਆਂ ਦੇ ਹੱਕ ਵਿੱਚ ਅਵਾਜ਼ ਉਠਾਣ ਦਾ ਸੁਨੇਹਾ ਦਿਤਾ ਹੈ ਜੋ ਸਕੂਲ ਤੋਂ ਬਾਹਰ ਹੋ ਗਏ ਹਨ, ਕਮਜ਼ੋਰ ਹਨ ਜਾਂ ਜਿਨ੍ਹਾਂ ਦੇ ਸਕੂਲ ਖਤਮ ਕਰ ਦਿਤੇ ਗਏ ਹਨ। ਇਸ ਸਾਲ ਲਈ ਵਿਸ਼ੇਸ਼ ਉਦੇਸ਼ ਰੱਖਿਆ ਗਿਆ ਹੈ " ਸਾਡੇ ਭਵਿੱਖ ਵਿੱਚ ਨਿਵੇਸ਼ ਕਰਨ ਦਾ ਮਤਲਬ ਹੈ ਸਾਡੇ ਬੱਚਿਆਂ ਵਿੱਚ ਨਿਵੇਸ਼ ਕਰਨਾ।'' ਯੂਨੀਸੈਫ ਨੇ ਕਿਹਾ ਹੈ ਕਿ ਇਸ ਲਈ ਸਰਪ੍ਰਸਤ, ਅਧਿਆਪਕ, ਨਰਸਾਂ, ਡਾਕਟਰ, ਸਰਕਾਰ ਦੇ ਨੇਤਾ, ਅਤੇ ਨਿਰਪੱਖ ਅੰਦੋਲਨਕਾਰੀ, ਧਾਰਮਿਕ ਆਗੂ, ਵਪਾਰਿਕ ਆਗੂ, ਮੀਡੀਆ ਮਾਹਿਰਾਂ ਦੇ ਨਾਲ ਨਾਲ ਨੌਜਵਾਨ ਅਤੇ ਬੱਚੇ ਖੁੱਦ ਯੂਨੀਵਰਸਲ ਬਾਲ ਦਿਵਸ ਨੂੰ ਅਪਣੇ ਸਮਾਜਾਂ, ਭਾਈਚਾਰਿਆਂ ਅਤੇ ਕੌਮਾਂ ਲਈ ਢੁੱਕਵਾਂ ਬਣਾਉਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣਗੇ। ਬਾਲ ਦਿਵਸ ਬੱਚਿਆਂ ਨੂੰ ਇਹ ਭਰੋਸਾ ਦਿਵਾਉਣ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ ਕਿ ਪੂਰਾ ਵਿਸ਼ਵ ਉਨ੍ਹਾਂ ਨਾਲ ਖੜ੍ਹਾ ਹੈ। ਬਾਲ ਦਿਵਸ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ, ਬਾਲ ਮਜਦੂਰੀ ਨੂੰ ਖਤਮ ਕਰਨ, ਅਤੇ ਹਰ ਬੱਚੇ ਦੀ ਸਿੱਖਿਆ ਤੱਕ ਪਹੁੰਚ ਦੀ ਗਰੰਟੀ ਦੇਣ ਦਾ ਵਾਅਦਾ ਕਰਦਾ ਹੈ। ਭਾਰਤ ਵਿੱਚ 14 ਨਵੰਬਰ ਦਾ ਦਿਨ ਜੋਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਹੈ ਬਾਲ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ ਅਤੇ ਇਸਦੀ ਸ਼ੁਰੂਆਤ 14 ਨਵੰਬਰ, 1964 ਨੂੰ ਕੀਤੀ ਗਈ ਹੈ। ਡਾਕ ਵਿਭਾਗ ਵਲੋਂ ਬਾਲ ਦਿਵਸ ਸਬੰਧੀ ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ। ਬੇਸ਼ਕ ਪੂਰੇ ਭਾਰਤ ਵਿੱਚ ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ ਅਤੇ ਬੱਚਿਆਂ ਦੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ ਪਰ ਸਾਡੇ ਦੇਸ਼ ਵਿੱਚ ਆਮ ਬੱਚਿਆਂ ਦੀ ਖਸਤਾ ਹਾਲਤ ਕਿਸੇ ਤੋਂ ਛੁਪੀ ਨਹੀਂ ਹੈ। ਭਾਰਤੀ ਫਿਲਮੀ ਹੀਰੋ ਅਮੀਰ ਖਾਨ ਨੇ ਵੀ ਅਪਣੇ ਇੱਕ ਟੀਵੀ ਪ੍ਰੋਗਰਾਮ ਸਤਿਆਮੇਵ ਜਯਤੇ ਵਿੱਚ ਬੱਚਿਆਂ ਦੀ ਖਸਤਾ ਹਾਲਤ ਬਿਆਨ ਕੀਤੀ ਹੈ। ਭਾਰਤ ਸਰਕਾਰ ਵਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੀ ਮੱਦਦ ਨਾਲ ਹਰ ਸਾਲ ਕਰੌੜਾਂ ਰੁਪਏ ਬੱਚਿਆਂ ਦੇ ਵਿਕਾਸ ਦੇ ਨਾਮ ਤੇ ਖਰਚੇ ਜਾਂਦੇ ਹਨ ਪਰ ਬੱਚਿਆਂ ਦੀ ਹਾਲਤ ਵੇਖਕੇ ਪਤਾ ਲੱਗਦਾ ਹੈ ਕਿ ਇਨ੍ਹਾਂ ਫੰਡਾਂ ਦੀ ਸਹੀ ਵਰਤੋਂ ਨਹੀਂ ਹੋ ਰਹੀ ਹੈ। ਕਿਸੇ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਬੱਚਿਆਂ ਦੀ ਮੋਤ ਹੋਣਾ, ਬੱਚਿਆਂ ਨੂੰ ਅਪਣੇ ਮੰਨੋਰੰਜਨ ਦੇ ਸਾਧਨ ਵਜੋਂ ਵਰਤਣਾ, ਬੱਚਿਆਂ ਦਾ ਭੁੱਖਮਰੀ ਨਾਲ ਮਰਨਾ, ਅਧਿਆਪਕਾਂ ਵਲੋਂ ਹੀ ਵਿਦਿਆਰਥੀਆਂ ਦਾ ਸਰੀਰਕ ਸ਼ੋਸ਼ਣ, ਬੱਚਿਆਂ ਲਈ ਬਣਾਏ ਗਏ ਸ਼ੈਲਟਰ ਘਰਾਂ ਵਿੱਚ ਪ੍ਰਬੰਧਕਾਂ ਵਲੋਂ ਇਨ੍ਹਾਂ ਵਿੱਚ ਰਹਿਣ ਵਾਲੇ ਬੱਚਿਆਂ ਦਾ




ਸ਼ਰੀਰਕ ਸ਼ੋਸ਼ਣ ਵਰਗੀਆਂ ਘਟਨਾਵਾਂ ਬੱਚਿਆਂ ਦੀ ਭਲਾਈ ਅਤੇ ਵਿਕਾਸ ਲਈ ਲਾਗੂ ਹੋ ਰਹੀਆਂ ਯੋਜਨਾਵਾਂ ਦੀ ਪੋਲ ਖੋਲਦੀਆਂ ਹਨ। ਭਾਰਤ ਵਿੱਚ ਲੱਗਭੱਗ 39 ਫਿਸਦੀ ਅਬਾਦੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੀ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ -4 ਅਨੁਸਾਰ 5 ਸਾਲ ਤੋਂ ਘੱਟ ਉਮਰ ਦੇ 35.7 ਫਿਸਦੀ ਬੱਚੇ ਘੱਟ ਭਾਰ ਵਾਲੇ ਹਨ ਅਤੇ 38.4 ਫਿਸਦੀ ਅਵਿਕਸਿਤ ਹਨ। ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਕਤਲ, ਬਲਾਤਕਾਰ, ਜਿਨਸੀ ਸੋਸਣ, ਬਾਲ ਵਿਆਹ ਆਦਿ ਪ੍ਰਮੁੱਖ ਸਾਮਲ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਵਲੋਂ ਜਾਰੀ ਰਿਪੋਰਟ ਅਨੁਸਾਰ ਸਾਲ 2020 ਵਿੱਚ ਬੱਚਿਆਂ ਨਾਲ ਅਪਰਾਧ ਦੇ ਲੱਗਭੱਗ 128531 ਮਾਮਲੇ ਰਜਿਸਟਰਡ ਹੋਏ ਹਨ ਜਦਕਿ ਸਾਲ 2019 ਵਿੱਚ 148185 ਮਾਮਲੇ ਰਜਿਸਟਰਡ ਹੋਏ ਸਨ। 2019 ਦੇ ਅੰਕੜਿਆਂ ਅਨੁਸਾਰ ਹਰ ਰੋਜ ਲੱਗਭੱਗ 400 ਘਟਨਾਵਾਂ ਰਜਿਸਟਰਡ ਹੋਈਆਂ ਹਨ ਜਦਕਿ 2020 ਵਿੱਚ ਇਹ ਮਾਮਲੇ ਘੱਟਕੇ ਲੱਗਭੱਗ 350 ਰੋਜਾਨਾ ਰਹਿ ਗਏ ਹਨ ਜੋਕਿ ਇੱਕ ਵਧੀਆ ਸੰਕੇਤ ਹੈ। ਇੱਕ ਦਹਾਕੇ 2001-2020 ਦੌਰਾਨ ਬੱਚਿਆਂ ਨਾਲ ਅਪਰਾਧ ਦੇ ਮਾਮਲਿਆਂ ਵਿੱਚ 381 ਫਿਸਦੀ ਵਾਧਾ ਹੋਇਆ ਹੈ। ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਮੱਧ ਪ੍ਰਦੇਸ਼ 13.2 ਫਿਸਦੀ, ਉੱਤਰ ਪ੍ਰਦੇਸ਼ 11.8 ਫਿਸਦੀ, ਮਹਾਂਰਾਸ਼ਟਰ 11.1 ਫਿਸਦੀ, ਪੱਛਮੀ ਬੰਗਾਲ 7.9 ਫਿਸਦੀ ਅਤੇ ਬਿਹਾਰ 5.1 ਫਿਸਦੀ ਕੇਸਾਂ ਨਾਲ ਪੂਰੇ ਦੇਸ਼ ਦੇ ਲੱਗਭੱਗ ਅੱਧੇ ਮਾਮਲੇ ਇਨ੍ਹਾਂ ਰਾਜਾਂ ਵਿੱਚ ਹੀ ਵਾਪਰੇ ਹਨ। ਸਾਲ 2019 ਵਿੱਚ ਬਾਲ ਵਿਆਹ ਦੇ 525 ਮਾਮਲੇ ਸਾਹਮਣੇ ਆਏ ਸਨ ਜੋਕਿ 2020 ਵਿੱਚ ਵੱਧਕੇ 785 ਤੱਕ ਪਹੁੰਚ ਗਏ ਹਨ। ਲੱਗਭੱਗ 28065 ਮਾਮਲੇ ਪੋਕਸੋ ਐਕਟ ਅਧੀਨ ਰਜਿਸਟਰਡ ਹੋਏ ਹਨ ਅਤੇ 26934 ਮਾਮਲਿਆਂ ਵਿੱਚ ਜਾਣਕਾਰ ਹੀ ਸ਼ਾਮਿਲ ਪਾਏ ਗਏ ਅਤੇ 2556 ਮਾਮਲਿਆਂ ਵਿੱਚ ਪਰਿਵਾਰਕ ਮੈਂਬਰ ਸ਼ਾਮਿਲ ਪਾਏ ਗਏ ਹਨ। ਅਜਾਦੀ ਦੇ 74 ਸਾਲਾਂ ਬਾਦ ਵੀ ਸਕੂਲ ਜਾਣ ਵਾਲੀ ਉਮਰ ਦੇ 4 ਬੱਚਿਆਂ ਵਿੱਚੋਂ 01 ਬੱਚਾ ਸਕੂਲ ਨਹੀਂ ਜਾਂਦਾ ਹੈ ਅਤੇ ਸਿਰਫ 32 ਫਿਸਦੀ ਬੱਚੇ ਹੀ ਅਪਣੀ ਸਕੂਲੀ ਪੜ੍ਹਾਈ ਪੂਰੀ ਕਰਦੇ ਹਨ, ਹਰ 08 ਮਿੰਟ ਬਾਦ ਭਾਰਤ ਵਿੱਚ ਇੱਕ ਬੱਚਾ ਲਾਪਤਾ ਹੁੰਦਾ ਹੈ। ਪੂਰੇ ਵਿਸ਼ਵ ਵਿੱਚ ਹੋਣ ਵਾਲੇ ਬਾਲ ਵਿਆਹਾਂ ਵਿੱਚ ਤੀਜਾ ਹਿੱਸਾ ਭਾਰਤ ਦਾ ਹੀ ਹੈ। ਸਰਕਾਰ ਵਲੋਂ ਬੇਸ਼ੱਕ ਹਰ ਬੱਚੇ ਨੂੰ ਸਿੱਖਿਅਕ ਕਰਨ ਦੇ ਉਦੇਸ਼ ਨਾਲ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਅੱਜ ਵੀ ਬਹੁਤੇ ਗਰੀਬ ਘਰਾਂ ਦੇ ਬੱਚੇ ਸਕੂਲ ਜਾਣ ਦੀ ਬਜਾਏ ਕੰਮ ਕਰਨਾ, ਕੂੜੇ ਵਿੱਚੋਂ ਕਬਾੜ ਇਕੱਠਾ ਕਰਨਾ, ਭੀਖ ਮੰਗਣਾ, ਆਦਿ ਚੰਗਾ ਸਮਝਦੇ ਹਨ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਲੈਣਾ ਬੇਸ਼ੱਕ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਉਣ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ। ਸਰਕਾਰ ਵਲੋਂ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ ਫਿਰ ਵੀ ਹਰ ਛੋਟੇ ਵੱਡੇ ਸ਼ਹਿਰ, ਕਸਬੇ ਵਿੱਚ ਬਾਲ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਕਈ ਸਰਕਾਰੀ ਅਧਿਕਾਰੀਆਂ ਵਲੋਂ ਵੀ ਅਪਣੇ ਘਰਾਂ ਵਿੱਚ ਛੋਟੇ-ਛੋਟੇ ਬੱਚਿਆਂ ਤੋਂ ਹੀ ਘਰਾਂ ਦੇ ਕੰਮ ਕਰਵਾਏ ਜਾਂਦੇ ਹਨ। ਇਹਨਾਂ ਬਾਲ ਮਜਦੂਰਾਂ ਨੂੰ ਅਜੇ ਤੱਕ ਬਾਲ ਦਿਵਸ ਦੇ ਦਿਹਾੜ੍ਹੇ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਕੋਵਿਡ- 19 ਕਾਰਨ ਵੀ ਬੱਚਿਆਂ ਤੇ ਅਸਰ ਹੋਇਆ ਹੈ। ਹਜਾਰਾਂ ਬੱਚਿਆਂ ਨੂੰ ਸੈਕੜੇ ਕਿਲੋਮੀਟਰ ਸਫਰ ਪੈਦਲ ਚੱਲਣਾ ਪਿਆ ਹੈ ਅਤੇ ਅਸੁਰਖਿੱਅਤ ਹਾਲਤਾਂ ਵਿੱਚ ਰਹਿਣਾ ਪਿਆ ਹੈ। ਇਸ ਕਾਰਨ ਵਿੱਦਿਅਕ ਅਦਾਰਿਆਂ ਵਲੋਂ ਸੁਰੂ ਕੀਤੀ ਗਈ ਆਨਲਾਇਨ ਪੜ੍ਹਾਈ ਤੋਂ ਵੀ ਕਈ ਬੱਚੇ ਬਾਂਝੇ ਰਹਿ ਗਏ ਹਨ। ਸਰਕਾਰ ਵਲੋਂ ਸਕੂਲੀ ਬੱਚਿਆਂ ਅਤੇ ਲੜਕੀਆ ਲਈ ਹਰ ਤਰਾਂ ਦੀਆਂ ਸਿਹਤ ਸੇਵਾਵਾਂ ਮੁੱਫਤ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਹਕੀਕਤ ਇਹ ਹੈ ਕਿ ਬਹੁਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਪ੍ਰਬੰਧਕਾਂ ਨੂੰ ਵੀ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਸਰਕਾਰੀ ਅਤੇ ਗੈਰ ਸਰਕ-ਾਰੀ ਵਿੱਦਿਅਕ ਅਦਾਰਿਆਂ ਵਿੱਚ ਬੱਚਿਆਂ ਵਿਸ਼ੇਸ਼ ਤੋਰ ਤੇ ਲੜਕੀਆਂ ਨਾਲ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਜਿਨ੍ਹਾਂ ਵਿੱਚ ਅਕਸਰ ਸਕੂਲ ਦੇ ਅਧਿਆਪਕ ਹੀ ਸ਼ਾਮਲ ਹੁੰਦੇ ਹਨ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਹੋਈਆਂ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਹੀ ਰਾਜਨੀਤੀਕਰਣ ਹੋ ਜਾਂਦਾ ਹੈ। ਸਰਕਾਰ ਵਲੋਂ ਬੱਚਿਆਂ ਪ੍ਰਤੀ ਅਪਰਾਧਾਂ ਨੂੰ ਨੱਥ ਪਾਉਣ ਅਤੇ ਬੱਚਿਆਂ ਦੀ ਭਲਾਈ ਲਈ ਵਿਸ਼ੇਸ਼ ਆਯੋਗ ਅਤੇ ਕਮੇਟੀਆਂ ਦੀ ਸਥਾਪਨਾ ਕੀਤੀ ਗਈ ਹੈ ਪਰ ਇਨ੍ਹਾਂ ਦੇ ਕੰਮਕਾਰ ਵਿੱਚ ਹੁੰਦੀ ਦਖਲਅੰਦਾਜੀ ਕਾਰਨ ਇਹ ਅਪਣੇ ਮੰਤਬ ਨੂੰ ਪੂਰਾ ਨਹੀਂ ਕਰ ਪਾਂਦੇ ਹਨ। ਬਾਲ ਦਿਵਸ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਵੀ ਅਕਸਰ ਇਨ੍ਹਾਂ ਗਰੀਬ ਬੱਚਿਆਂ ਤੋਂ ਦੂਰ ਹੀ ਰਹਿੰਦੇ ਹਨ ਅਤੇ ਅਜਿਹੇ ਸਮਾਗਮਾਂ ਦਾ ਇਨ੍ਹਾ ਬੱਚਿਆਂ ਨੂੰ ਕੋਈ ਵੀ ਲਾਭ ਨਹੀਂ ਹੁੰਦਾ ਹੈ।

ਜੇਕਰ ਸਰਕਾਰ ਦੇਸ਼ ਦਾ ਭਵਿੱਖ ਮੰਨੇ ਜਾਣ ਵਾਲੇ ਬੱਚਿਆਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਅਤੇ ਬੱਚਿਆਂ ਦੀਆਂ ਸਮੱਸਿਆਵਾਂ ਦਾ ਠੋਸ ਹੱਲ ਕਰਨਾ ਚਾਹੁੰਦੀ ਹੈ ਤਾਂ ਬੱਚਿਆਂ ਦੇ ਵਿਕਾਸ ਲਈ ਅਤੇ ਸਮਸਿਆਵਾਂ ਦੇ ਹੱਲ ਅਤੇ ਸੁਰਖਿੱਆ ਲਈ ਠੋਸ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੀਦੀਆਂ ਹਨ, ਇਨ੍ਹਾਂ ਨੀਤੀਆਂ ਵਿੱਚ ਦੇਰੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਠੋਸ ਕਾਰਵਾਈ ਕਰਨੀ ਚਾਹੀਦੀ ਹੈ ਨਹੀਂ ਤਾਂ ਬਾਲ ਦਿਵਸ ਹੋਰ ਕਈ ਸਮਾਗਮਾਂ ਵਾਂਗ ਸਿਰਫ ਇੱਕ ਖਾਨਾਪੂਰਤੀ ਬਣਕੇ ਰਹਿ ਜਾਵੇਗਾ।

# ਮਾਣਕ ਜੋਧਾਂ ਕਬੱਡੀ ਕੱਪ ਦੀਆਂ ਤਿਆਰੀਆਂ ਅੰਤਿਮ ਬਰੂਹਾਂ ਤੇ , 13 ਨਵੰਬਰ ਨੂੰ ਕਬੱਡੀ ਦੇ ਹੋਣਗੇ ਘਮਸਾਨ ਮੁਕਾਬਲੇ

## ਬੱਬੂ ਮਾਨ ਅਖਾੜੇ ਲਈ 25 ਏਕੜ ਜਗ੍ਹਾ ਕੀਤੀ ਖਾਲੀ







**ਲੁਧਿਆਣਾ-** ਲੁਧਿਆਣਾ ਤੋਂ ਸਰਾਭਾ ਦੇ ਵਿਚਕਾਰ ਪੱਖੋਵਾਲ ਰੋਡ ਉੱਤੇ ਪੈਂਦੇ ਪਿੰਡ ਜੋਧਾ ਵਿਖੇ 13 ਨਵੰਬਰ ਨੂੰ ਕਬੱਡੀ ਦਾ ਮਹਾਂਕੁੰਭ ਹੋਵੇਗਾ । ਜੋਧਾਂ ਕਬੱਡੀ ਕੱਪ ਵਿੱਚ ਵੱਖ ਵੱਖ 8 ਟੀਮਾਂ ਵਿਚ ਕਬੱਡੀ ਦੇ ਮਹਾਨ ਕਬੱਡੀ ਸਟਾਰ ਖੇਡਣ ਤੋਂ ਇਲਾਵਾ ਪੰਜਾਬ ਦੇ ਚਰਚਿਤ ਲੋਕ ਗਾਇਕ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਮੁੱਖ ਖਿੱਚ ਦਾ ਕੇਂਦਰ ਬਣੇਗਾ ।

ਟੂਰਨਾਮੈਂਟ ਕਮੇਟੀ ਦੇ ਮੁੱਖ ਪ੍ਰਬੰਧਕ ਮਨਮੋਹਨ ਗਰੇਵਾਲ ਮੋਹਨਾ ਜੋਧਾਂ , ਤਰਨ ਜੋਧਾਂ, ਰਾਣਾ ਜੋਧਾਂ ,ਕਰਮਜੀਤ ਸਿੰਘ ਯੂ ਐੱਸ ਏ ਅਤੇ ਹੋਰ ਪ੍ਰਬੰਧਕਾਂ ਜਾਣਕਾਰੀ ਦਿੰਦੇ ਦੱਸਿਆ ਕਿ ਮਾਣਕ ਜੋਧਾਂ ਕਬੱਡੀ ਕੱਪ ਦੀ ਚੈਂਪੀਅਨ ਟੀਮ ਨੂੰ 1 ਲੱਖ ਰੁਪਏ ਦੀ ਇਨਾਮੀ ਰਾਸ਼ੀ ਅਤੇ ਮਾਣਕ ਜੋਧਾਂ ਯਾਦਗਾਰੀ ਟਰਾਫ਼ੀ ਨਾਲ ਸਨਮਾਨਿਆ ਜਾਵੇਗਾ ਜਦਕਿ ਉਪ ਜੇਤੂ ਟੀਮ ਨੂੰ 75 ਲੱਖ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ । ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਮਾਣਕ ਜੋਧਾਂ ਕਬੱਡੀ ਕੱਪ ਉੱਤੇ ਵੱਡੇ ਵੱਡੇ ਕਬੱਡੀ ਸਟਾਰ ਹੋਣ ਦੀ ਸੰਭਾਵਨਾ ਹੈ । ਕਬੱਡੀ ਦੇ ਘਮਸਾਨ ਯੁੱਧ ਮੁਕਾਬਲੇ ਹੋਣਗੇ, ਜੋ ਕਬੱਡੀ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣਨਗੇ । ਟੂਰਨਾਮੈਂਟ ਦੀ ਕਾਮਯਾਬੀ ਲਈ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਅਤੇ ਜਰਖੜ ਖੇਡਾਂ ਦੇ ਪ੍ਰਬੰਧਕ ਤੋਂ ਇਲਾਵਾ ਕਬੱਡੀ ਪ੍ਰਮੋਟਰ ਰਾਜ ਜੋਧਾ ਕਨੇਡਾ, ਕਿੱਕੀ ਜੋਧਾ ਅਮਰੀਕਾ , ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ , ਮੁੱਖ ਪ੍ਰਬੰਧਕ ਸਿੰਘ ਜਰਖੜ ਐਡਵੋਕੇਟ ਹਰਕਮਲ ਸਿੰਘ ਪ੍ਰਧਾਨ ਜਰਖੜ ਖੇਡਾਂ , ਸ਼ੈਂਟੀ ਕਨੇਡਾ ਅਜੀਤ ਸਿੰਘ ਅਮਰੀਕਾ ,ਬਬਲਾ ਅਮਰੀਕਾ ,ਡੋਗਰ ਕਨੇਡਾ ,ਭਾਗ ਸਿੰਘ ਅਮਰੀਕਾ, ਮਹਿੰਦਰ ਸਿੰਘ ਮਿੰਦੀ ਅਮਰੀਕਾ , ਸਨੀ ਸਰਪੰਚ ਫੁੱਲਾਂਵਾਲ , ਟੋਨੀ ਕਾਲਖ ਪ੍ਰਧਾਨ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਆਦਿ ਹੋਰ ਕਬੱਡੀ ਪ੍ਰੇਮੀਆਂ ਵੱਲੋਂ ਤਨ ਮਨ ਧਨ ਨਾਲ ਸਹਿਯੋਗ ਦਿੱਤਾ ਜਾ ਰਿਹਾ ਹੈ । ਕਬੱਡੀ ਮੈਚਾਂ ਦੀ ਸਮਾਪਤੀ ਤੋਂ ਬਾਅਦ ਲੋਕ ਗਾਇਕ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਸ਼ਾਮ 4 ਵਜੇ ਲੱਗੇਗਾ । ਬੱਬੂ ਮਾਨ ਦੇ ਅਖਾੜੇ ਲਈ ਪ੍ਰਬੰਧਕਾਂ ਨੇ 25 ਏਕੜ ਜ਼ਮੀਨ ਖਾਲੀ ਕਰਵਾਈ ਹੈ । ਕਿਉਂਕਿ ਇਕ ਲੰਬੇ ਅਰਸੇ ਬਾਅਦ ਇਸ ਇਲਾਕੇ ਵਿਚ ਬੱਬੂ ਮਾਨ ਦਾ ਅਖਾੜਾ ਲੱਗਣਾ ਹੈ ਅਤੇ ਲੋਕਾਂ ਵਿੱਚ ਬੱਬੂ ਮਾਨ ਨੂੰ ਸੁਨਣ ਲਈ ਭਾਰੀ ਉਤਸ਼ਾਹ ਹੈ । ਇਸ ਵਾਰ ਮਾਣਕ ਜੋਧਾਂ ਕਬੱਡੀ ਕੱਪ ਇਕ ਜਿਹੀ ਇਤਿਹਾਸਕ ਪੈੜ ਪਵੇਗਾ ਜਿਸ ਨੂੰ ਖੇਡ ਜਗਤ ਵਿਚ ਲੰਬੇ ਅਰਸੇ ਲਈ ਯਾਦ ਰੱਖਿਆ ਜਾਵੇਗਾ।

**- ਜਗਰੂਪ ਸਿੰਘ ਜਰਖੜ**

# ਤਾਮਿਲ ਫਿਲਮ 'ਜੈ ਭੀਮ' ਵਿੱਚ ਸੂਰੀਆ ਦੇ ਕਿਰਦਾਰ ਨੂੰ ਪ੍ਰੇਰਿਤ ਕਰਨ ਵਾਲਾ ਜੱਜ ਕੇ ਚੰਦਰੂ ਕੌਣ ਹੈ?

ਤਾਮਿਲ ਫਿਲਮ ਜੈ ਭੀਮ ਅਭਿਨੇਤਾ ਸੂਰਿਆ, ਜੋ ਕਿ ਇਸ ਹਫਤੇ ਦੇ ਸ਼ੁਰੂ ਵਿੱਚ ਰਿਲੀਜ਼ ਹੋਈ ਸੀ, ਨੂੰ ਸਕ੍ਰੀਨ 'ਤੇ ਪੇਸ਼ ਕੀਤੇ ਗਏ ਕਾਨੂੰਨੀ ਡਰਾਮੇ ਲਈ ਪ੍ਰਸ਼ੰਸਾ ਮਿਲ ਰਹੀ ਹੈ। ਟੀਜੇ ਗਿਆਨਵੇਲ ਦੁਆਰਾ ਨਿਰਦੇਸ਼ਤ ਫਿਲਮ ਵਿੱਚ, ਸੂਰਿਆ ਨੇ ਚੰਦਰੂ, ਇੱਕ ਫਾਇਰਬ੍ਰਾਂਡ ਵਕੀਲ ਦੀ ਭੂਮਿਕਾ ਨਿਭਾਈ ਹੈ, ਜੋ ਅਵਾਜ਼ਹੀਣ ਦੀ ਆਵਾਜ਼ ਬਣ ਜਾਂਦੀ ਹੈ।

ਪਾਤਰ ਅਤੇ ਕਹਾਣੀ ਦੋਵੇਂ ਨੱਬੇ ਦੇ ਦਹਾਕੇ ਵਿੱਚ ਤਾਮਿਲਨਾਡੂ ਵਿੱਚ ਵਾਪਰੀਆਂ ਅਸਲ-ਜੀਵਨ ਦੀਆਂ ਘਟਨਾਵਾਂ ਤੋਂ ਪ੍ਰੇਰਿਤ ਹਨ।ਇਹ ਇੱਕ ਕਾਨੂੰਨੀ ਲੜਾਈ ਦੇ ਆਲੇ-ਦੁਆਲੇ ਘੁੰਮਦੀ ਹੈ, ਜਸਟਿਸ ਚੰਦਰੂ, ਜੋ ਕਿ ਮਦਰਾਸ ਹਾਈ ਕੋਰਟ ਦੇ ਹੁਣ ਸੇਵਾਮੁਕਤ ਜੱਜ ਹਨ, ਨੇ 1990 ਦੇ ਦਹਾਕੇ ਵਿੱਚ ਇਕ ਕਬਾਇਲੀ ਜੋੜੇ ਨੂੰ ਨਿਆਂ ਦਿਵਾਉਣ ਲਈ ਇੱਕ ਵਕੀਲ ਵਜੋਂ ਲੜਿਆ ਸੀ।

ਰਾਜਕੰਨੂ, ਤਾਮਿਲਨਾਡੂ ਦਾ ਇੱਕ ਕਬਾਇਲੀ ਵਿਅਕਤੀ, ਜਿਸ ਨੂੰ ਪੁਲਿਸ ਨੇ ਚੋਰੀ ਦੇ ਦੋਸ਼ ਵਿੱਚ ਚੁੱਕਿਆ ਸੀ, ਪੁਲਿਸ ਹਿਰਾਸਤ ਵਿੱਚੋਂ ਲਾਪਤਾ ਹੋ ਗਿਆ ਸੀ ਅਤੇ ਪੁਲਿਸ ਦਾ ਦਾਅਵਾ ਹੈ ਕਿ ਉਹ ਫਰਾਰ ਹੋ ਗਿਆ ਸੀ।ਉਸਦੀ ਪਤਨੀ ਸੇਂਗਕਾਨੀ ਫਿਰ ਆਪਣੇ ਪਤੀ ਨੂੰ ਲੱਭਣ ਲਈ ਐਡਵੋਕੇਟ ਚੰਦਰੂ ਕੋਲ ਪਹੁੰਚਦੀ ਹੈ।ਚੰਦਰੂ ਜਾਤੀ ਭੇਦਭਾਵ ਦੇ ਖਿਲਾਫ ਅਤੇ ਪਛੜੇ ਭਾਈਚਾਰਿਆਂ ਦੇ ਅਧਿਕਾਰਾਂ ਲਈ ਇੱਕ ਵੀ ਰੁਪਿਆ ਫੀਸ ਦੇ ਰੂਪ ਵਿੱਚ ਲਏ ਬਿਨਾਂ ਲੜਨ ਲਈ ਜਾਣਿਆ ਜਾਂਦਾ ਸੀ।ਉਨ੍ਹਾਂ ਨੂੰ 31 ਜੁਲਾਈ 2006 ਨੂੰ ਹਾਈ ਕੋਰਟ ਦਾ ਐਡੀਸ਼ਨਲ ਜੱਜ ਬਣਾਇਆ ਗਿਆ ਅਤੇ 9 ਨਵੰਬਰ 2009 ਨੂੰ ਸਥਾਈ ਜੱਜ ਬਣਾਇਆ ਗਿਆ।



### ਸਭ ਤੋਂ ਸਤਿਕਾਰਤ ਜੱਜ

ਇੱਕ ਜੱਜ ਦੇ ਰੂਪ ਵਿੱਚ, ਜਸਟਿਸ ਚੰਦਰੂ ਕਾਨੂੰਨੀ ਸਰਕਟ ਵਿੱਚ ਸਭ ਤੋਂ ਵੱਧ ਸਤਿਕਾਰਤ ਸਨ ਅਤੇ ਉਹਨਾਂ ਦੇ ਫੈਸਲਿਆਂ ਲਈ ਜਾਣੇ ਜਾਂਦੇ ਹਨ ਜਿਹਨਾਂ ਨੇ ਸਮਾਜ ਵਿੱਚ ਬਹੁਤ ਸਾਰੇ ਗਰੀਬ ਅਤੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਨੂੰ ਛੂਹਿਆ ਹੈ। ਜਦੋਂ ਕਿ ਔਸਤਨ, ਇੱਕ ਜੱਜ ਆਪਣੇ ਕੈਰੀਅਰ ਵਿੱਚ ਲਗਭਗ 10,000 ਤੋਂ 20,000 ਫੈਸਲੇ ਦੇਣ ਲਈ ਜਾਣਿਆ ਜਾਂਦਾ ਹੈ, ਜਸਟਿਸ ਚੰਦਰੂ ਨੇ ਆਪਣੇ ਸ਼ਾਨਦਾਰ ਨਿਆਂਇਕ ਕਰੀਅਰ ਦੌਰਾਨ 96,000 ਫੈਸਲੇ ਸੁਣਾਏ ਹਨ, ਜਿਸ ਵਿੱਚ ਇੱਕ ਫੈਸਲਾ ਵੀ ਸ਼ਾਮਲ ਹੈ ਜਿਸ ਵਿੱਚ 25,000 ਗਰੀਬ ਔਰਤਾਂ ਲਈ ਰੁਜ਼ਗਾਰ ਸੁਰੱਖਿਅਤ ਹੈ।

ਸਰਕਾਰ ਨੇ ਜੱਜਾਂ ਅਤੇ ਹੋਰ ਜਨਤਕ ਹਸਤੀਆਂ ਦੀਆਂ ਕਾਰਾਂ ਤੋਂ ਲਾਲ ਬੱਤੀ ਹਟਾਉਣ ਤੋਂ ਬਹੁਤ ਪਹਿਲਾਂ, ਜਸਟਿਸ ਚੰਦਰੂ ਨੇ ਆਪਣੇ ਲਈ ਕੀਤਾ ਸੀ।ਉਸਨੇ ਨਿੱਜੀ ਸੁਰੱਖਿਆ ਗਾਰਡ ਰੱਖਣ ਲਈ ਨਾਂਹ ਵੀ ਕਿਹਾ, ਅਤੇ ਅਦਾਲਤਾਂ ਵਿੱਚ "ਮਾਈ ਲਾਰਡ" ਵਜੋਂ ਸੰਬੋਧਿਤ ਨਹੀਂ ਹੋਣਾ ਚਾਹੁੰਦਾ ਸੀ। ਉਹ 2013 ਵਿੱਚ ਜੱਜ ਵਜੋਂ ਸੇਵਾਮੁਕਤ ਹੋਇਆ ਅਤੇ ਸਵੇਰੇ ਆਪਣੀ ਸਰਕਾਰੀ ਕਾਰ ਸਪੁਰਦ ਕਰ ਦਿੱਤੀ ਅਤੇ ਘਰ ਵਾਪਸ ਜਾਣ ਲਈ ਉਪਨਗਰੀ ਰੇਲਗੱਡੀ ਵਿੱਚ ਸਫ਼ਰ ਕੀਤਾ।ਜਸਟਿਸ ਚੰਦਰੂ ਵੀ ਬਹੁਤ ਘੱਟ ਜੱਜਾਂ ਵਿੱਚੋਂ ਇੱਕ ਹਨ, ਜੋ ਇਤਿਹਾਸ ਵਿੱਚ ਇੱਕ ਹੀ ਨਹੀਂ ਤਾਂ ਇੱਕ ਸਟਾਰ ਹੋਟਲ ਵਿੱਚ ਵਿਦਾਇਗੀ ਅਤੇ ਰਾਤ ਦਾ ਖਾਣਾ ਸਵੀਕਾਰ ਨਹੀਂ ਕੀਤਾ।

ਜਸਟਿਸ ਕੇ ਚੰਦਰੂ ਮਦਰਾਸ ਹਾਈ ਕੋਰਟ ਦੇ ਸਾਬਕਾ ਜੱਜ ਹਨ, ਜਿਨ੍ਹਾਂ ਨੂੰ ਰਾਸ਼ਟਰਪਤੀ ਡਾ ਏਪੀਜੇ ਅਬਦੁਲ ਕਲਾਮ ਦੁਆਰਾ ਮਦਰਾਸ ਹਾਈ ਕੋਰਟ ਵਿੱਚ ਨਿਯੁਕਤ ਕੀਤਾ ਗਿਆ ਹੈ। ਜਸਟਿਸ ਚੰਦਰੂ ਮਦਰਾਸ ਹਾਈ ਕੋਰਟ ਤੋਂ ਸੇਵਾਮੁਕਤ ਹੋ ਗਏ ਹਨ ਅਤੇ ਹੁਣ ਚੇਨਈ ਵਿੱਚ ਰਹਿੰਦੇ ਹਨ। ਅਰੰਭ ਦਾ ਜੀਵਨ ਵਿੱਚ ਜਸਟਿਸ ਕੇ। ਚੰਦਰੂ ਦਾ ਜਨਮ ਤਿਰੂਚਿਰਾਪੱਲੀ ਜ਼ਿਲ੍ਹਾ ਤਾਮਿਲਨਾਡੂ ਦੇ ਸ੍ਰੀਰੰਗਮ ਵਿਖੇ ਹੋਇਆ ਸੀ। ਉਹ ਸਾਬਕਾ "ਨੇਤਾ ਅਤੇ ਕਮਿਊਨਿਸਟ ਟਰੇਡ ਯੂਨੀਅਨ ਕਾਰਕੁਨ ਸੀ

### ਜਸਟਿਸ ਕੇ ਚੰਦਰੂ ਦਾ ਕੈਰੀਅਰ

ਇੱਕ ਵਕੀਲ ਵਜੋਂ ਉਸਨੇ ਮਦਰਾਸ ਹਾਈ ਕੋਰਟ ਵਿੱਚ ਫੌਜਦਾਰੀ ਅਤੇ ਦੀਵਾਨੀ ਦੋਵਾਂ ਕੇਸਾਂ ਦੀ ਪੈਰਵੀ ਕੀਤੀ। ਉਸ ਨੂੰ 31 ਜੁਲਾਈ 2006 ਨੂੰ ਹਾਈ ਕੋਰਟ ਦਾ ਵਧੀਕ ਜੱਜ ਬਣਾਇਆ ਗਿਆ ਸੀ ਅਤੇ 9 ਨਵੰਬਰ 2009 ਨੂੰ ਸਥਾਈ ਜੱਜ ਬਣਾਇਆ ਗਿਆ ਸੀ। ਆਪਣੇ ਫੈਸਲਿਆਂ ਲਈ ਜਾਣਿਆ ਜਾਂਦਾ ਹੈ ਜਿਨ੍ਹਾਂ ਨੇ ਬਹੁਤ ਸਾਰੇ ਗਰੀਬ ਅਤੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਉਹ ਜਾਤੀ ਭੇਦਭਾਵ ਵਿਰੁੱਧ ਲੜਨ ਅਤੇ ਤਾਮਿਲਨਾਡੂ ਵਿੱਚ ਪਛੜੇ ਭਾਈਚਾਰਿਆਂ ਦੇ ਅਧਿਕਾਰਾਂ ਲਈ ਜਾਣੇ ਜਾਂਦੇ ਸਨ।

ਟੀਐਨਐਮ ਨਾਲ ਇੱਕ ਇੰਟਰਵਿਊ ਵਿੱਚ, ਜਸਟਿਸ ਚੰਦਰੂ ਨੇ ਕੇਸ ਵਿੱਚ ਵੱਖੋ-ਵੱਖਰੇ ਮੋੜਾਂ ਅਤੇ ਮੋੜਾਂ ਦਾ ਖੁਲਾਸਾ ਕੀਤਾ, ਅਤੇ ਕਿਵੇਂ ਪੁਲਿਸ ਦੇ ਹਿੱਸੇ 'ਤੇ ਗਲਤ ਖੇਡ ਨੂੰ ਸਥਾਪਿਤ ਕਰਨ ਲਈ ਇਸ ਦੇ ਕੋਰਸ ਦੌਰਾਨ ਉਸਨੂੰ ਇੱਕ ਜਾਂਚਕਰਤਾ ਬਣਨਾ ਪਿਆ। ਮੰਨਿਆ ਜਾਂਦਾ ਸੀ ਕਿ ਰਾਜਕੰਨੂ ਹਿਰਾਸਤ ਤੋਂ ਬਚ ਗਿਆ ਸੀ ਪਰ ਉਸਦੇ ਪਰਿਵਾਰ ਨੂੰ ਉਹ ਕਿਤੇ ਨਹੀਂ ਮਿਲਿਆ, ਜਿਸ ਨਾਲ ਉਹ ਵਿਸ਼ਵਾਸ ਕਰਨ ਲਈ ਮਜਬੂਰ ਹੋ ਰਹੇ ਸਨ ਕਿ ਸਭ ਤੋਂ ਬੁਰਾ ਵਾਪਰ ਗਿਆ ਸੀ। ਹਾਲਾਂਕਿ ਫਿਲਮ ਵਿੱਚ ਹਿਰਾਸਤੀ ਹਿੰਸਾ ਦੇ ਵਿਆਪਕ ਦ੍ਰਿਸ਼ ਹਨ ਜੋ ਦਰਸ਼ਕ ਨੂੰ ਸਵਾਲ ਕਰ ਸਕਦੇ ਹਨ ਕਿ ਜੇਕਰ ਇਸਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ, ਤਾਂ ਜਸਟਿਸ ਚੰਦਰੂ ਦਾ ਕਹਿਣਾ ਹੈ ਕਿ ਕੁਝ ਸਿਨੇਮਿਕ ਆਜ਼ਾਦੀਆਂ ਤੋਂ ਇਲਾਵਾ, ਫਿਲਮ ਤੱਥਾਂ 'ਤੇ ਖਰੀ ਰਹੀ ਹੈ ਅਤੇ ਅਸਲ ਕਹਾਣੀ ਦੀ ਰੀੜ੍ਹ ਦੀ ਹੱਡੀ ਬਰਕਰਾਰ ਹੈ। ਇਹ ਨੋਟ ਕਰਦੇ ਹੋਏ ਕਿ ਪੁਲਿਸ ਨੇ ਨਾ ਸਿਰਫ ਰਾਜਕੰਨੂ ਦੀ ਪਤਨੀ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ, ਬਲਕਿ ਉਸ ਨੂੰ ਵੀ, ਜਸਟਿਸ ਚੰਦਰੂ ਨੇ ਕਿਹਾ ਕਿ ਉਸਨੂੰ ਉਨ੍ਹਾਂ ਨੂੰ ਆਪਣੇ ਦਫਤਰ ਤੋਂ ਬਾਹਰ ਕੱਢਣਾ ਪਿਆ।

ਉਹ ਇਸ ਕੇਸ ਵਿੱਚ ਜੱਜਾਂ ਦੁਆਰਾ ਨਿਭਾਈ ਗਈ ਅਹਿਮ ਭੂਮਿਕਾ ਨੂੰ ਵੀ ਰੇਖਾਂਕਿਤ ਕਰਦਾ ਹੈ, ਅਤੇ ਹਿਰਾਸਤੀ ਹਿੰਸਾ ਬਾਰੇ ਗੱਲ ਕਰਦਾ ਹੈ ਅਤੇ ਲੋਕਾਂ ਨੂੰ ਪੁਲਿਸ ਮੁਕਾਬਲਿਆਂ ਦੀ ਵਡਿਆਈ ਨਹੀਂ ਕਰਨੀ ਚਾਹੀਦੀ।ਜੈ ਭੀਮ ਤੋਂ ਇਲਾਵਾ, ਉਹ ਜਾਤੀ ਜਨਗਣਨਾ 'ਤੇ ਸਰਕਾਰ ਦੀ ਦੇਰੀ, ਪੈਗਾਸਸ ਵਿਵਾਦ ਦੇ ਮੱਦੇਨਜ਼ਰ ਦੇਸ਼ਧ੍ਰੋਹ ਕਾਨੂੰਨ ਅਤੇ ਰਾਜ ਦੀ ਨਿਗਰਾਨੀ 'ਤੇ ਆਪਣੇ ਵਿਚਾਰਾਂ ਬਾਰੇ ਵੀ ਚਰਚਾ ਕਰਦਾ ਹੈ।

ਜਸਟਿਸ ਕੇ ਚੰਦਰੂ ਇੰਟਰਵਿਊ: ਖੱਬੇ ਪੱਖੀ ਪਾਰਟੀਆਂ ਕਾਰਨ ਪ੍ਰਤੀ ਵਧੇਰੇ ਵਚਨਬੱਧ, 'ਜੈ ਭੀਮ' ਭਵਿੱਖ ਦੀਆਂ ਨੀਤੀਆਂ ਨੂੰ ਪ੍ਰਭਾਵਤ ਕਰੇਗੀ

ਤੁਸੀਂ ਫਿਲਮ ਬਾਰੇ ਕੀ ਸੁਣ ਰਹੇ ਹੋ?

ਸੋਸ਼ਲ ਮੀਡੀਆ ਦੀ ਚਰਚਾ ਵੱਖ-ਵੱਖ ਦਾਇਰਿਆਂ ਵਿੱਚ ਹੋ ਰਹੀ ਹੈ; ਕੁਝ ਵੱਖ-ਵੱਖ ਕਾਰਨਾਂ ਕਰਕੇ ਨਾਖੁਸ਼ ਹਨ, ਜਿਸ ਵਿੱਚ ਪਾਤਰ ਦਾ ਦਲਿਤ ਜਾਂ ਆਦਿਵਾਸੀ ਨਾ ਹੋਣਾ ਅਤੇ ਲੜਾਈ ਨੂੰ ਸਾਦੇ ਢੰਗ ਨਾਲ ਪੇਸ਼ ਕਰਨਾ ਸ਼ਾਮਲ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਫਿਲਮ ਦੀ ਰਿਲੀਜ਼ ਤੋਂ ਪਹਿਲਾਂ ਹੀ ਨਿਰਮਾਤਾਵਾਂ ਨੇ ਇਰੂਲਰ ਸੰਸਥਾ ਨੂੰ 1 ਕਰੋੜ ਰੁਪਏ ਦਾਨ ਕੀਤੇ ਸਨ। ਦੂਜੀ ਗੱਲ ਇਹ ਹੈ ਕਿ ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਫਿਲਮ 'ਤੇ ਪ੍ਰਤੀਕਿਰਿਆ ਦਿੱਤੀ ਹੈ। ਇੱਕ ਵਿਜ਼ੂਅਲ ਅਤੇ ਪ੍ਰਤੀਕ੍ਰਿਆ ਹੈ। ਉਨ੍ਹਾਂ ਕਿਹਾ ਕਿ ਫਿਲਮ ਨੇ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਹੈ। ਇਸ ਤੋਂ ਇਲਾਵਾ, ਇਸ ਵਿਚ ਨੌਜਵਾਨਾਂ ਦੀ ਦਿਲਚਸਪੀ ਦਿਖਾਈ ਦਿੱਤੀ ਹੈ। ਕਈਆਂ ਨੇ ਕਿਹਾ ਹੈ ਕਿ ਉਹ ਨਹੀਂ ਜਾਣਦੇ ਕਿ ਅਜਿਹੀਆਂ ਚੀਜ਼ਾਂ ਹੋ ਰਹੀਆਂ ਹਨ। ਇਸ ਲਈ, ਇਸ ਫਿਲਮ ਨੇ ਨਿਵੇਕਲੇਪਨ ਨੂੰ ਸਮਾਵੇਸ਼ ਲਿਆਂਦਾ ਹੈ। ਇਰੂਲਰਸ ਲਈ ਪਹਿਲਾ ਏਜੰਡਾ ਇਹ ਹੈ ਕਿ ਉਨ੍ਹਾਂ ਨੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ ਹੈ। ਇਹ ਭਵਿੱਖ ਦੀਆਂ ਨੀਤੀਆਂ ਜਾਂ ਯੋਜਨਾਵਾਂ ਨੂੰ ਸ਼ਾਮਲ ਕਰਕੇ ਪੁਨਰਗਠਨ ਕਰਨ ਵਿੱਚ ਮਦਦ ਕਰੇਗਾ।

ਉਹਨਾ ਨੂੰ ਅਗਲੇ ਸਵਾਲ ਕੀਤਾ ਸੀ, ਕੀ ਤੁਹਾਨੂੰ ਲਗਦਾ ਹੈ ਕਿ 'ਜੈ ਭੀਮ' ਰਾਸ਼ਟਰੀ ਪੱਧਰ 'ਤੇ ਨਿਆਂਪਾਲਿਕਾ ਨੂੰ ਦਰਪੇਸ਼ ਭਰੋਸੇਯੋਗਤਾ ਦੇ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ?

ਮੈਂ ਸੋਸ਼ਲ ਮੀਡੀਆ 'ਤੇ ਪੋਸਟਾਂ ਦੇਖੀਆਂ ਜਿਸ ਵਿੱਚ ਕਿਹਾ ਗਿਆ ਸੀ ਕਿ ਫਿਲਮ ਲੋਕਾਂ ਨੂੰ ਨਿਆਂਪਾਲਿਕਾ 'ਤੇ ਝੂਠੀ ਉਮੀਦ ਦੇ ਰਹੀ ਹੈ। ਮੈਂ ਇਸ ਤਰ੍ਹਾਂ ਨਹੀਂ ਸੋਚਦਾ। ਜੇਕਰ ਕੋਈ ਵਿਅਕਤੀ ਪਿਆਸਾ ਹੈ, ਤਾਂ ਤੁਸੀਂ ਉਸ ਨੂੰ ਤੁਰੰਤ ਪਾਣੀ ਦਾ ਗਲਾਸ ਪਿਲਾਓ। ਤੁਸੀਂ ਉਸਨੂੰ ਇਹ ਨਾ ਦੱਸੋ ਕਿ ਤੁਹਾਨੂੰ ਬਹੁਤ ਸਾਰਾ ਪਾਣੀ ਦੇਣ ਲਈ ਇੱਕ ਪ੍ਰੋਜੈਕਟ ਆ ਰਿਹਾ ਹੈ। ਕੀ ਜ਼ਰੂਰੀ ਹੈ ਕਿ ਤੁਰੰਤ ਸਮੱਸਿਆਵਾਂ ਵੱਲ ਤੁਰੰਤ ਧਿਆਨ ਦਿੱਤਾ ਜਾਵੇ।



ਫਿਲਮ ਵਿੱਚ ਇੱਕ ਖੱਬੀ ਧਿਰ ਨੂੰ ਸੇਂਗੇਨੀ ਦੇ ਨਾਲ ਲੜਦੇ ਦਿਖਾਇਆ ਗਿਆ ਹੈ। ਕੀ ਇਸਦਾ ਮਤਲਬ ਇਹ ਹੈ ਕਿ ਹੋਰ ਪਾਰਟੀਆਂ ਜ਼ਮੀਨੀ ਪੱਧਰ 'ਤੇ ਕੋਈ ਭੂਮਿਕਾ ਨਹੀਂ ਨਿਭਾ ਰਹੀਆਂ ਹਨ?

ਮੈਂ ਅਜਿਹਾ ਨਹੀਂ ਸੋਚਦਾ। ਇਹ ਕਿਸੇ ਪਾਰਟੀ ਦਾ ਮੁੱਦਾ ਨਹੀਂ ਹੈ। ਸ਼ਾਇਦ, ਖੱਬੀਆਂ ਪਾਰਟੀਆਂ ਇਸ ਕਾਰਨ ਲਈ ਵਧੇਰੇ ਵਚਨਬੱਧ ਹਨ ਅਤੇ ਇਸ ਲਈ ਉਨ੍ਹਾਂ ਦੀ ਦਿੱਖ ਦਰ ਵਧੇਰੇ ਹੈ। ਮੁੱਖ ਧਾਰਾ ਦੀਆਂ ਪਾਰਟੀਆਂ ਅਤੇ ਉਨ੍ਹਾਂ ਦੇ ਨੇਤਾਵਾਂ ਨੇ ਵੀ ਇਸ ਉਦੇਸ਼ ਲਈ ਕੰਮ ਕੀਤਾ ਹੈ। ਜਦੋਂ ਤੱਕ ਕੋਈ ਅਧਿਐਨ ਨਹੀਂ ਹੁੰਦਾ, ਇਸ ਦਾ ਅੰਦਾਜ਼ਾ ਲਗਾਉਣਾ ਸੰਭਵ ਨਹੀਂ ਹੈ। ਮੈਨੂੰ ਨਹੀਂ ਲੱਗਦਾ ਕਿ ਕੋਈ ਸੁਚੇਤ ਅਣਗਹਿਲੀ ਹੈ।

ਛੇੜਛਾੜ ਦੇ ਮਾਮਲਿਆਂ ਵਿੱਚ ਪੁਲਿਸ ਅਧਿਕਾਰੀਆਂ ਦੀ ਸਜ਼ਾ ਘੱਟ ਹੀ ਕਿਉਂ?

'ਛ/ਟ ਐਕਟ ਦੀ ਧਾਰਾ 4 ਕਹਿੰਦੀ ਹੈ ਕਿ ਜੇਕਰ ਕੋਈ ਅਧਿਕਾਰੀ ਅਪਰਾਧ ਨੂੰ ਉਕਸਾਉਣ ਦਾ ਹਿੱਸਾ ਹੈ, ਤਾਂ ਉਸ 'ਤੇ ਵੀ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਅਸਲ ਵਿਚ ਅਜਿਹਾ ਨਹੀਂ ਹੁੰਦਾ ਕਿਉਂਕਿ ਉਹ ਹੀ ਚਾਰਜਸ਼ੀਟ ਦਾਇਰ ਕਰਦੇ ਹਨ। ਹਾਲਾਂਕਿ, ਕਾਨੂੰਨ ਵਿੱਚ ਸੋਧ ਨੇ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਇੱਕ ਤਬਦੀਲੀ ਲਿਆਂਦੀ ਹੈ। ਇਹ ਕਹਿ ਕੇ, ਪੁਲਿਸ ਅਫਸਰਾਂ 'ਤੇ ਮੁਕੱਦਮਾ ਚਲਾਉਣ ਲਈ ਕੋਈ ਆਮ ਆਈਪੀਸੀ ਜੁਰਮ ਵੀ ਨਹੀਂ ਹੈ। ਪੁਲਿਸ ਦਾ ਮੁਕੱਦਮਾ ਇੱਕ ਅਪਵਾਦ ਵਜੋਂ ਵਾਪਰਦਾ ਹੈ।

ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਪ੍ਰਤੀ ਪੁਲਿਸ ਪਰੇਸ਼ਾਨੀ ਨੂੰ ਰੋਕਣ ਦੇ ਹੱਲ ਵਜੋਂ ਤੁਸੀਂ ਕੀ ਸੁਝਾਅ ਦਿੰਦੇ ਹੋ?

ਆਈਏਐਸ ਅਤੇ ਆਈਪੀਐਸ ਅਫਸਰਾਂ ਲਈ ਸਲਾਨਾ ਗੁਪਤ ਰਿਪੋਰਟ (ਏਸੀਆਰ) ਨਾਮਕ ਇੱਕ ਚੀਜ਼ ਹੈ। ਇਹ ਅਫਸਰਾਂ ਦੇ ਚਰਿੱਤਰ, ਆਚਰਣ ਅਤੇ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਾ ਹੈ। ਸਵਾਲ ਛੇ ਦੇ ਤਹਿਤ, ਹਰੇਕ ਅਧਿਕਾਰੀ ਦਾ ਅਨੁਸੂਚਿਤ ਜਾਤੀ/ ਜਨ-ਜਾਤੀ ਪ੍ਰਤੀ ਉਸਦੇ ਰਵੱਈਏ ਲਈ ਮੁਲਾਂਕਣ ਕੀਤਾ ਜਾਂਦਾ ਹੈ। ਇੱਕ ਵਾਰ ਰਿਪੋਰਟ ਵਿੱਚ ਪ੍ਰਤੀਕੂਲ ਟਿੱਪਣੀਆਂ ਹੋਣ ਤੋਂ ਬਾਅਦ, ਅਧਿਕਾਰੀ ਨੂੰ ਤਰੱਕੀ ਨਹੀਂ ਮਿਲ ਸਕਦੀ। ਇਸ ਲਈ, ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਦੇਖਣ ਦੀ ਵਿਵਸਥਾ ਹੈ। ਪਰ ਇੰਸਪੈਕਟਰਾਂ ਅਤੇ ਕਾਂਸਟੇਬਲਾਂ ਲਈ ਅਜਿਹੀ ਜਾਂਚ ਕਿੱਥੇ ਹੈ? ਇਸ ਦੇ ਨਾਲ ਹੀ, ਵਰਗ-ਰਹਿਤ ਸਮਾਜ ਵਿੱਚ, ਨਿਆਂ ਵੀ ਜਮਾਤੀ ਹੁੰਦਾ ਹੈ। ਉਦਾਹਰਨ ਲਈ, ਦੋਪਹੀਆ ਵਾਹਨ ਨਾਲੋਂ ਚਾਰ ਪਹੀਆ ਵਾਹਨ ਵਿੱਚ ਟ੍ਰੈਫਿਕ ਅਪਰਾਧ ਕਰਨਾ ਸੌਖਾ ਹੈ।



ਹਰਦੀਪ ਸਿੰਘ ਚੁੰਬਰ
+91-94636-01616

ਪੂਰਵ-ਮੁਕੱਦਮੇ ਦੀ ਪ੍ਰਕਿਰਿਆ ਦੌਰਾਨ ਨਿਆਂਇਕ ਹਿਰਾਸਤ ਦੇ ਆਦੇਸ਼ ਦੇਣ ਵਾਲੀਆਂ ਹੇਠਲੀਆਂ ਅਦਾਲਤਾਂ ਵਿੱਚ ਮੈਜਿਸਟਰੇਟਾਂ ਦੇ ਮੁੱਦੇ ਨੂੰ ਕਿਵੇਂ ਹੱਲ ਕੀਤਾ ਜਾਵੇ?

ਇਸ ਸਬੰਧੀ ਸੁਪਰੀਮ ਕੋਰਟ ਵੱਲੋਂ ਕਾਫੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਪਰ ਜਾਗਰੂਕਤਾ ਨਹੀਂ ਹੈ। ਨਾਲ ਹੀ, ਅਜਿਹੇ ਕੰਮ ਮੈਜਿਸਟ੍ਰੇਟ ਦੁਆਰਾ ਕੀਤੇ ਜਾਂਦੇ ਹਨ ਜੋ ਭੋਲੇ ਹੁੰਦੇ ਹਨ ਜਾਂ ਸਵਾਰਥੀ ਹਿੱਤ ਰੱਖਦੇ ਹਨ। ਸਤਨਕੁਲਮ ਕਾਂਡ ਵਿਚ ਮੈਜਿਸਟਰੇਟ ਨੇ ਦੋਵਾਂ ਵਿਅਕਤੀਆਂ ਨੂੰ ਰਿਮਾਂਡ 'ਤੇ ਲਿਆ। ਮੈਂ ਚੀਫ ਜਸਟਿਸ ਨੂੰ ਲਿਖਿਆ ਪਰ ਕੋਈ ਜਵਾਬ ਨਹੀਂ ਮਿਲਿਆ।

ਕੁਝ ਕਬੀਲਿਆਂ ਨੂੰ ਅਪਰਾਧੀ ਵਜੋਂ ਪਰੋਫਾਈਲ ਕਰਨ ਦਾ ਅਭਿਆਸ ਅਜੇ ਵੀ ਕਥਿਤ ਤੌਰ 'ਤੇ ਸਿਖਲਾਈ ਦੌਰਾਨ ਨੌਜਵਾਨ ਪੁਲਿਸ ਅਫਸਰਾਂ ਨੂੰ ਜ਼ੁਬਾਨੀ ਤੌਰ 'ਤੇ ਦਿੱਤਾ ਗਿਆ ਹੈ। ਮੁੱਦੇ ਨੂੰ ਕਿਵੇਂ ਹੱਲ ਕਰਨਾ ਹੈ?

ਹੈਦਰਾਬਾਦ ਵਿੱਚ ਆਈਪੀਐਸ ਅਧਿਕਾਰੀ ਸਿਖਲਾਈ ਦੌਰਾਨ ਇਸ ਬਾਰੇ ਸੰਵੇਦਨਸ਼ੀਲ ਹੁੰਦੇ ਹਨ। ਪਰ ਹੈੱਡ ਕਾਂਸਟੇਬਲਾਂ ਬਾਰੇ ਕੀ? ਉਹ ਉਨ੍ਹਾਂ ਨੂੰ ਕੁੱਟਦਾ ਹੈ ਅਤੇ ਥਾਣੇ ਲੈ ਆਉਂਦਾ ਹੈ।

ਕਿਸੇ ਵੀ ਤਰ੍ਹਾਂ ਦੀ ਸਥਿਤੀ ਜਾਂ ਸੰਵੇਦਨਸ਼ੀਲਤਾ ਇਸ ਮੁੱਦੇ ਨੂੰ ਹੱਲ ਨਹੀਂ ਕਰਨ ਜਾ ਰਹੀ ਹੈ। ਪਰ ਯੋਜਨਾ ਪ੍ਰਕਿਰਿਆ ਵਿੱਚ ਸ਼ਮੂਲੀਅਤ ਹੋਵੇਗੀ। ਆਸਰਾ, ਸਿੱਖਿਆ, ਰੁਜ਼ਗਾਰ, ਇੱਕ ਕਹਿਣਾ, ਅਤੇ ਨਾਗਰਿਕ ਪ੍ਰਕਿਰਿਆ ਵਿੱਚ ਹਿੱਸਾ ਲੈਣਾ ਹੋਵੇਗਾ।

ਬਹੁਤ ਸਾਰੇ ਵਕੀਲ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨੂੰ ਚੁੱਕਣ ਤੋਂ ਝਿਜਕਦੇ ਹਨ ਕਿਉਂਕਿ ਇਹ ਉੱਚ-ਭੁਗਤਾਨ ਵਾਲਾ ਪੋਰਟਫੋਲੀਓ ਨਹੀਂ ਹੈ। ਕੀ ਮੁੱਦੇ ਨੂੰ ਹੱਲ ਕਰ ਸਕਦਾ ਹੈ?

ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਇਸ ਕਾਰਨ ਲਈ ਵਚਨਬੱਧ ਮਜ਼ਬੂਤ ਵਿਅਕਤੀਗਤ ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ ਜੋ ਕਾਨੂੰਨੀ ਸਹਾਇਤਾ ਦੀ ਪੇਸ਼ਕਸ਼ ਕਰਕੇ ਮੁਸੀਬਤ ਵਿੱਚ ਫਸੇ ਲੋਕਾਂ, ਖਾਸ ਤੌਰ 'ਤੇ ਗੈਰ-ਸੰਗਠਿਤ ਭਾਈਚਾਰਿਆਂ ਦੀ ਸਹਾਇਤਾ ਕਰ ਸਕਦੀਆਂ ਹਨ। ਅਜਿਹੀਆਂ ਸੰਸਥਾਵਾਂ ਨੂੰ ਵਿਆਪਕ ਫੰਡਿੰਗ ਸਵੀਕਾਰ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਫਿਲਮ ਸਪੱਸ਼ਟ ਤੌਰ 'ਤੇ ਅਜਿਹੀਆਂ ਸੰਸਥਾਵਾਂ ਅਤੇ ਵਿਅਕਤੀਗਤ ਯਤਨਾਂ ਦੀ ਮਹੱਤਤਾ ਨੂੰ ਦਰਜ ਕਰਦੀ ਹੈ ਅਤੇ ਕਿਸੇ ਵਕੀਲ ਦੇ ਵਿਅਕਤੀਗਤ ਸਾਹਸ ਨੂੰ ਨਹੀਂ ਦਿਖਾਉਂਦੀ।

# ਪੈਟਰੋਲ 'ਤੇ ਐਕਸਾਈਜ਼ ਡਿਊਟੀ 'ਚ 5 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ 'ਚ 10 ਰੁਪਏ ਪ੍ਰਤੀ ਲੀਟਰ ਕਟੌਤੀ ਦਾ ਐਲਾਨ

ਖਬਰ ਏਜੰਸੀ ਨਾਲ ਗੱਲ ਕਰਦੇ ਹੋਏ ਤਨੇਜਾ ਨੇ ਕਿਹਾ, "ਇਹ ਸਮਝਣ ਦੀ ਗੱਲ ਹੈ ਕਿ ਅਸੀਂ ਤੇਲ ਦੀ ਦਰਾਮਦ ਕਰਦੇ ਹਾਂ। ਇਹ ਇੱਕ ਦਰਾਮਦ ਕੀਤੀ ਵਸਤੂ ਹੈ। ਅੱਜ, ਸਾਨੂੰ ਆਪਣੇ ਕੁੱਲ ਤੇਲ ਦੀ ਵਰਤੋਂ ਦਾ 86 ਪ੍ਰਤੀਸ਼ਤ ਦਰਾਮਦ ਕਰਨਾ ਪੈਂਦਾ ਹੈ। ਤੇਲ ਦੀਆਂ ਕੀਮਤਾਂ ਕਿਸੇ ਵੀ ਸਰਕਾਰ ਦੇ ਹੱਥ ਵਿੱਚ ਨਹੀਂ ਹਨ। ਪੈਟਰੋਲ ਅਤੇ ਡੀਜ਼ਲ ਦੋਵੇਂ ਕੰਟਰੋਲ ਮੁਕਤ ਵਸਤੂਆਂ ਹਨ। ਜੁਲਾਈ 2010 ਵਿਚ ਮਨਮੋਹਨ ਸਿੰਘ ਦੀ ਸਰਕਾਰ ਨੇ ਪੈਟਰੋਲ 'ਤੇ ਕੰਟਰੋਲ ਮੁਕਤ ਲਾਗੂ ਕੀਤਾ। 2014 ਵਿਚ ਮੋਦੀ ਸਰਕਾਰ ਨੇ ਡੀਜ਼ਲ ਨੂੰ ਕੰਟਰੋਲ ਮੁਕਤ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਕੋਵਿਡ ਮਹਾਂਮਾਰੀ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦਾ ਵੱਡਾ ਕਾਰਨ ਹੈ।"ਜਦੋਂ ਵੀ ਮੰਗ ਅਤੇ ਸਪਲਾਈ ਵਿੱਚ ਅਸੰਤੁਲਨ ਹੁੰਦਾ ਹੈ, ਕੀਮਤਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਦੂਜਾ ਕਾਰਨ ਤੇਲ ਖੇਤਰ ਵਿੱਚ ਨਿਵੇਸ਼ ਦੀ ਕਮੀ ਹੈ ਕਿਉਂਕਿ ਸਰਕਾਰਾਂ ਸੂਰਜੀ ਊਰਜਾ ਵਰਗੇ ਨਵਿਆਉਣਯੋਗ/ਹਰੀ ਊਰਜਾ ਖੇਤਰਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ। ਇਸ ਵਿੱਚ ਕੱਚਾ ਤੇਲ ਹੋਰ ਮਹਿੰਗਾ ਹੋਵੇਗਾ। ਆਉਣ ਵਾਲੇ ਮਹੀਨਿਆਂ ਵਿੱਚ, 2023 ਵਿੱਚ, ਕੱਚੇ ਤੇਲ ਦੀ ਕੀਮਤ 100 ਰੁਪਏ ਤੱਕ ਵਧ ਸਕਦੀ ਹੈ, "ਉਸਨੇ ਕਿਹਾ।



ਪੈਟਰੋਲ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਘਟਾਉਣ ਦੇ ਕੇਂਦਰ ਦੇ ਕਦਮ ਬਾਰੇ ਪੁੱਛੇ ਜਾਣ 'ਤੇ ਤਨੇਜਾ ਨੇ ਕਿਹਾ, "ਜਦੋਂ ਤੇਲ ਦੀਆਂ ਕੀਮਤਾਂ ਘੱਟ ਹੁੰਦੀਆਂ ਹਨ, ਤਾਂ ਸਰਕਾਰ ਐਕਸਾਈਜ਼ ਡਿਊਟੀ ਵਧਾ ਦਿੰਦੀ ਹੈ, ਜਦੋਂ ਤੇਲ ਬਹੁਤ ਮਹਿੰਗਾ ਹੁੰਦਾ ਹੈ, ਤਾਂ ਸਰਕਾਰ ਐਕਸਾਈਜ਼ ਡਿਊਟੀ ਘਟਾ ਦਿੰਦੀ ਹੈ, ਖਪਤ ਅਤੇ ਵਿਕਰੀ। ਕੋਵਿਡ ਦੇ ਸਮੇਂ ਦੌਰਾਨ ਤੇਲ ਦੀ ਕੀਮਤ 40 ਫੀਸਦੀ ਤੱਕ ਘੱਟ ਗਈ ਸੀ, ਬਾਅਦ ਵਿੱਚ ਇਹ 35 ਫੀਸਦੀ 'ਤੇ ਆ ਗਈ ਸੀ, ਜਦੋਂ ਵਿਕਰੀ ਘੱਟ ਜਾਵੇਗੀ ਤਾਂ ਸਰਕਾਰ ਦੀ ਆਮਦਨ ਆਪਣੇ ਆਪ ਹੀ ਘੱਟ ਜਾਵੇਗੀ ਪਰ ਹੁਣ ਇਹ ਵਿਕਰੀ ਪਹਿਲਾਂ ਵਾਂਗ ਵਾਪਸ ਆ ਗਈ ਹੈ। -ਕੋਵਿਡ ਯੁੱਗ।"

"ਦੂਜਾ, ਜੀਐਸਟੀ ਦੀ ਉਗਰਾਹੀ ਆਰਥਿਕ ਸੁਧਾਰ ਲਈ ਸਕਾਰਾਤਮਕ ਸੰਕੇਤ ਦੇ ਰਹੀ ਹੈ। ਸਰਕਾਰ ਪਹਿਲਾਂ ਨਾਲੋਂ ਮੁਕਾਬਲਤਨ ਆਰਾਮਦਾਇਕ ਸਥਿਤੀ ਵਿੱਚ ਹੈ। ਨਾਲ ਹੀ, ਸਾਡੀ ਆਰਥਿਕਤਾ ਡੀਜ਼ਲ 'ਤੇ ਅਧਾਰਤ ਹੈ। ਜੇਕਰ ਡੀਜ਼ਲ ਦੀ ਕੀਮਤ ਵਧਦੀ ਹੈ ਤਾਂ ਹਰ ਚੀਜ਼ ਦੀ ਕੀਮਤ ਵਧ ਜਾਂਦੀ ਹੈ। ਮਹਿੰਗਾਈ। ਉੱਚ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਨੇ ਇਹ ਕਦਮ ਚੁੱਕਿਆ ਹੈ, "ਉਸਨੇ ਜ਼ੋਰ ਦਿੱਤਾ। ਤਨੇਜਾ ਦਾ ਮੰਨਣਾ ਹੈ ਕਿ ਪੈਟਰੋਲ ਅਤੇ ਡੀਜ਼ਲ ਨੂੰ ਜੀ ਐਸ ਟੀ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਧੇਰੇ ਰਾਹਤ ਮਿਲ ਸਕੇ ਅਤੇ ਹੋਰ ਪਾਰਦਰਸ਼ਤਾ ਆਵੇ।ਖਪਤਕਾਰਾਂ ਨੂੰ ਰਾਹਤ ਦਿੰਦਿਆਂ ਵਿੱਤ ਮੰਤਰਾਲੇ ਨੇ ਬੁੱਧਵਾਰ ਨੂੰ ਪੈਟਰੋਲ 'ਤੇ ਐਕਸਾਈਜ਼ ਡਿਊਟੀ 'ਚ 5 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ ਐਕਸਾਈਜ਼ ਡਿਊਟੀ 'ਚ 10 ਰੁਪਏ ਪ੍ਰਤੀ ਲੀਟਰ ਕਟੌਤੀ ਦਾ ਐਲਾਨ ਕੀਤਾ ਹੈ। ਈਂਧਨ ਦੀਆਂ ਰਿਕਾਰਡ-ਉਚੀਆਂ ਕੀਮਤਾਂ ਦੇ ਵਿਚਕਾਰ, ਤਿੰਨਸਾਲਾਂ ਤੋਂ ਵੱਧ ਸਮੇਂ ਵਿੱਚ ਕੇਂਦਰੀ ਆਬਕਾਰੀ ਡਿਊਟੀ ਵਿੱਚ ਇਹ ਪਹਿਲੀ ਕਟੌਤੀ ਹੈ।

# ਕਾਰੋਬਾਰ ਅਤੇ ਉਸ ਦਾ ਤਜਰਬਾ



ਹਰਦੀਪ ਸਿੰਘ ਚੁੰਬਰ
+91-94636-01616

ਪਹਿਲਾਂ ਡਿਪਾਰਟਮੈਂਟ ਆਫ ਪੋਸਟ ਐਂਡ ਟੈਲੀਗ੍ਰਾਫ ਫੇਰ ਡਿਪਾਰਟਮੈਂਟ ਆਫ ਟੈਲੀਕਾਮ ਆਖਰ ਭਾਰਤ ਸਰਕਾਰ ਨਿਗਮ ਲਿਮਟਡ ਵਿੱਚ ਲਗਭਗ 38 ਸਾਲ ਨੌਕਰੀ ਕਰ 2017, 31 ਮਾਰਚ ਨੂੰ ਰਿਟਾਇਰ ਹੋਇਆ। ਮੈਂ ਆਪਣੇ ਦੋਵਾਂ ਲੜਕਿਆਂ ਨੂੰ ਕਦੇ ਵੀ ਸਰਕਾਰੀ ਜਾ ਗੈਰ ਸਰਕਾਰੀ ਨੌਕਰੀ ਲੈਂਣ ਲਈ ਉਤਸ਼ਾਹਤ ਨਹੀਂ ਕੀਤਾ। ਉਹਨਾ ਨੂੰ ਆਪਣੇ ਕਾਰੋਬਾਰ ਕਰਨ ਲਈ ਹੀ ਤਿਆਰ ਕਰਦਾ ਰਿਹਾ। ਉਹਨਾ ਨੇ ਦੋਵਾਂ ਭਰਾਵਾਂ ਅਤੇ ਆਪਣੀ ਮਾਂ ਨਾਲ ਮਿਲਕੇ ਜੈਮਿਨੀ ਇੰਟਰਪਰਾਈਜਜ ਨਾਮ ਦੀ ਪਾਰਟਨਰਸਿਪ ਫਰਮ ਬਣਾਈ। ਸੀਏ ਨੂੰ ਮਿਲਕੇ ਸਾਰੇ ਲੋੜੀਦੇ ਡੋਕਿਊਮੈਂਟਸ ਤਿਆਰ ਕਰਵਾਏ। ਮੈਂ ਇਸ ਫਰਮ ਦਾ ਹਿੱਸੇਦਾਰ ਨਹੀਂ। ਬਾਪ ਹੋਣ ਦੇ ਨਾਤੇ ਵੈਸੇ ਸਭ ਕੁੱਝ ਹੀ ਸੀ ਅਤੇ ਹਾਂ ਵੀ। ਰਿਟਾਇਰ ਹੋਣ ਬਾਅਦ, ਆਪਣੇ ਦੋਵਾਂ ਲੜਕਿਆਂ ਨਾਲ ਉਹਨਾ ਦਾ ਕਾਰੋਬਾਰ ਨੂੰ ਸੈਟ ਕਰਨ ਲਈ ਬਾਪ ਦਾਦੇ ਦੀ ਵਿਰਾਸ਼ਤ ਵੇਚ ਅਤੇ ਆਪਣੇ ਰਿਟਾਇਰਮੈਂਟ ਦਾ ਸਾਰਾ ਧਨ ਅਤੇ ਮਿਹਨਤ ਉਹਨਾ ਦੇ ਕਾਰੋਬਾਰ ਲਈ ਲਾਉਣਾ ਸ਼ੁਰੂ ਕਰ ਦਿਤਾ। ਉਹਨਾ ਨੇਫਿਊਚਰ ਚੋਆਇਸ਼ ਨੋਆਇਡਾ ਕੰਪਨੀ ਦੀ ਫਰੈਂਚਾਈਜੀ ਲੈ ਕੇ ਐਲਈਡੀ ਲਾਈਟਸ ਦੀ ਮੈਨੂਫੈਕਰਿੰਗ ਦਾ ਕੰਮ ਕਰਨਾ ਸੀ। ਕੰਪਨੀ ਨੇ ਮੈਨੂਫੇਕਚਰਿੰਗ ਕਰਨ ਵਾਲੀਆਂ ਆਟੋਮੈਟਿਕ ਅਤੇ ਸੈਮੀਆਟੋਮੈਟਿਕ ਮਸੀਨਾਂ ਦਵਾਉਣਾਂ, ਪਰੋਡਕਟ ਦੀ ਮਾਰਕੀਟਿੰਗ, ਟੈਕਨੀਕਲ ਹੈਲਪ, ਨੋ-ਹਾਊ, ਸਟਾਫ ਟਰੇਨਿੰਗ, ਪਰੋਡਕਟ ਗਾਈਡੈਂਸ, ਮਸੀਨਾ ਦੀ ਇੰਨਸਟਾਲੇਸ਼ਨ ਅਤੇ ਸੇਲ ਦਾ ਕੰਮ ਉਸ ਫਿਊਚਰ ਚੋਆਇਸ਼ ਨੋਆਇਡਾ ਦਾ ਸੀ। ਪਲਾਂਟ ਵਿੱਚੋ ਮੈਨੂਫੇਕਚਰਿੰਗ ਕਰਨ ਦਾ ਕੰਮ ਸਾਡੀ ਕੰਮਨੀ ਦਾ ਸੀ ਜਿਸ ਦਾ ਪਰ ਪੀਸ ਸਾਨੂੰ ਪਰੌਫਿਟ ਮਿਲਣਾ ਸੀ। ਇਸ ਦਾ ਐਗਰੀਮੈਂਟ ਦੀ 3 ਸਾਲ ਦੀ ਫੀਸ ਵੀ 25 ਲੱਖ ਸੀ, ਪਰੋਜੇਕਟ ਲਗਭਗ 5 ਕਰੋੜ ਦਾ ਸੀ।

ਇਹ ਸਾਰਾ ਕੰਮ ਓਬੀਸੀ ਬੈਂਕ ਤੋਂ 3.5 ਕਰੋੜ ਦਾ ਕਰਜਾ ਲਿਆ। ਕੰਪਨੀ ਨੂੰ ਪੈਮੈਂਟ ਕੀਤੀ, ਸਮੀਨ ਖਰੀਦੀ, ਬਿਲਡਿੰਗ ਤਿਆਰ ਕੀਤੀ, ਮਸੀਨਾਂ ਮੰਗਵਾਈਂ, ਫਿੱਟ ਕਰਨ ਦਾ ਕੰਮ ਕੰਪਨੀ ਦਾ ਸੀ। ਸੂਰੂ ਵਿੱਚ ਹੀਫਿਊਚਰ ਚੋਆਇਸ਼ ਨੋਆਇਡਾ ਕੰਪਨੀ ਨੇ ਅਧੂਰੀ ਮਸੀਨਰੀ ਦੇਕੇ ਵਿੱਚੋਂ ਹੀ ਧੋਖਾ ਦੇ ਦਿਤਾ ਸਾਰਾ ਭਾਰ ਸਾਡੇ ਸਿਰ ਆ ਪਿਆ। ਬਚਦੀਆਂ ਮਸੀਨਾਂ ਮਾਰਕੀਟ ਵਿੱਚੋ ਖਰੀਦ ਵਾਧੂ ਖਰਚੇ ਕਰਕੇ ਪਰੋਡਕਸਨ ਦਾ ਕੰਮ ਕਾਰੋਬਾਰ ਸੂਰੂ ਕਰ ਦਿਤਾ ਗਿਆ। ਕੰਪਨੀ ਨਾਲ ਵੀ ਪਤਰਾਚਾਰ ਬਰਾਬਰ ਚਲ ਰਿਹਾ ਸੀ। ਆਪਣੇ ਪ੍ਰੀਵਾਰ ਨਾਲ ਮਿਲ ਅਤੇ ਚਿੰਨਾ ਬਾਪ ਬੇਟਿਆਂ ਨੇ ਮਸੀਨਾਂ ਫਿੱਟ ਕੀਤੀਆਂ, ਕੇਵਲ 24 ਘੰਟੇ ਇੰਜੀਨੀਅਰ ਬੁਲਾ ਕੇ ਮਸੀਨਾਂ ਨੂੰ ਪਰੋਚਕਸ਼ਨ ਵਿੱਚ ਕੀਤਾ। ਅਧੂਨਿਕ ਤਕਨੀਕੀ ਦੀਆਂ ਮਸੀਨਾਂ ਦੀ ਇੰਨਸਟਾਲੇਸ਼ਨ ਅਸੀਂ ਖੁਦ ਕੀਤੀ। ਡਿਜਾਈਨੰਗ, ਟੇਸਟਿੰਗ, ਕੁਆਲਟੀ ਚੈਕ ਖੁਦ ਕੀਤੀ। ਲੇਬਰ ਰਖੀ ਟਰੇਂਡ ਕੀਤੀ, ਸੇਲ ਪ੍ਰਚੇਜ ਦਾ ਕੰਮ ਖੁਦ ਕੀਤਾ। ਪਰੋਡਕਸ਼ਨ ਦਾ ਮਾਲ ਫਲਿਪਸ, ਵਰਗੀਆਂ ਨਾਮੀ ਕੰਪਨੀਆਂ ਦੇ ਦੇ ਬਰਾਬਰ ਦੀ ਕੁਆਲਟੀ ਦਾ ਮਾਲ ਬਣਾਇਆ। ਮਾਰਕੀਟਿੰਗ ਵਿੱਚ ਮਾਰ ਖਾ ਗਏ। ਸਾਨੂੰ ਵੱਡੇ ਔਡਰਾਂ ਦੀ ਅਤੇ ਕਾਫੀ ਪੈਸੇ ਦੀ ਲੋੜ ਸੀ, ਇਹ ਸੰਭਵ ਨਹੀ ਹੋ ਸਕਿਆ। ਕੰਮ ਕਰਨ ਵਿੱਚ ਜੋ ਮਾਸਟਰੀ ਸੀ।

ਦੋ ਸਾਲ 2019 ਦੇ ਆਖਰ ਤਕ ਬਹੁਤ ਸਿਰ ਤੋੜ ਕੋਸ਼ਿਸਾਂ ਕੀਤੀਆਂ, ਪਰ ਮਾਰਕੀਟ ਵਿੱਚ ਇੱਕਲਿਆਂ ਟਿਕ ਨਹੀਂ




ਪਾਏ। ਆਖਰ 1 ਦਸੰਬਰ ਅਕਾਊਂਟ ਐਨਪੀਏ ਹੋ ਗਿਆ। ਕੋਸ਼ਿਸ਼ਾ ਜਾਰੀ ਸਨ ਕਿ 20 ਮਾਰਚ ਨੂੰ ਕਰੋਨਾ ਕਾਲ ਸੁਰੂ ਹੋ ਗਿਆ। ਜਿਸ ਨੇ ਕਾਰੋਬਾਰ ਨੂੰ ਰਾਹ ਉਚੇ ਲਿਆਉਂ ਦਾ ਲੱਕ ਹੀ ਤੋੜ ਦਿਤਾ। ਕਾਰੋਬਾਰ ਕੀ ਸੀ, ਉਸ ਵਿੱਚ ਕੀ ਹੋਣਾ ਸੀ, ਕੀਕੀ ਕੀਤਾ, ਕੀ ਘਾਟਾਂ ਸਨ, ਕੀ ਹੋ ਸਕਦੇ ਸੀ ਬਹੁਤ ਸਾਰੇ ਵਿਸ਼ੇ ਹਨ, ਇਹ ਇੱਕ ਅਲੱਗ ਲੇਖ ਹੈ। ਹੱਥਲੇ ਲੇਖ ਵਿੱਚ ਕੇਵਲ ਮੋਟੇ ਤੌਰ ਤੇ ਕੇਵਲ ਜਾਣਕਾਰੀ ਲਈ ਹੈ। ਇਕੱਲੇ ਇਕੱਲੇ ਮਨੁੱਖ ਦਾ ਕਰੈਕਟਰ ਦਾ ਚਿਤਰਣ ਵੱਖ ਵੱਖ ਲੇਖਾਂ ਵਿੱਚ ਜਿਕਰ ਬਦਲਵੇਂ ਨਾਵਾਂ ਨਾਲ ਕਰਨਾ ਸਹੀ ਰਹੇਗਾ। ਇਹ ਲੇਖ ਸਿਰ ਸਿਰਫ ਮੋਟੇ ਤੌਰ ਤੇ ਜਾਣਕਾਰੀ ਲਈ ਹੀ ਹੈ।

ਸਾਡੇ ਅਜਿਹੇ ਕਾਰੋਬਾਰੀ ਹਾਲਾਤਾਂ ਨਾਲ ਜੂਝਦੇ ਹੋਏ ਹੋਰ ਵੀ ਬਾਹਰ ਦੇ ਦੂਜੇ ਕੰਮਾਂ ਲਈ ਪ੍ਰਿਵਾਰ ਹੱਥ ਪੈਰ ਮਾਰ ਰਿਹਾ ਸੀ। ਭਾਰਤ ਸੰਚਾਰ ਨਿਗਮ ਲਿਮਟਡ ਦੇ ਵਿੱਚੋਂ 31 ਜਨਵਰੀ ਨੂੰ ਬਹੁਤ ਵੱਡੇ ਪੱਧਰ ਉੱਤੇ ਸਵੈਇਛੁਤ ਸੇਵਾ ਮੁੱਕਤੀ ਨਾਲ ਲਗਭਗ ਅੱਧੇ ਬੀਐਸਐਨਐਲ ਮੁਲਾਜਮ ਮਹਿਕਮੇ ਤੋਂ ਬਾਹਰ ਚਲੇ ਗਏ ਸਨ। ਮਹਿਕਮੇ ਦੇ ਠੇਕੇਦਾਰਾਂ ਦੀਆਂ ਸਾਲ-ਸਾਲ, ਛੇ-ਛੇ ਮਹੀਨਿਆਂ ਤੋਂ ਕੀਤੇ ਕੰਮ ਦੀਆਂ ਪੇਮੈਂਟਾਂ ਨਹੀਂ ਹੋ ਰਹੀਆਂ ਸਨ। ਲੇਬਰ ਦੇ ਜਿਲਾ ਦਫਤਰਾਂ, ਰਾਜ ਪੱਧਰ ਤੋਂ ਲੈ ਕੇ ਦਿੱਲੀ ਸੰਚਾਰ ਭਵਨ ਤੱਕ ਧਰਨੇ ਮੁਜਾਹਰੇ, ਟਾਵਰਾਂ ਉੱਤੇ ਚੜਕੇ ਕਈ ਕਈ ਦਿਨ ਬੈਠਕੇ ਧਰਨੇ ਮੁਜਾਹਰੇ ਹੋਣਾ ਆਮ ਜੇਹੀ ਗੱਲ ਸੀ।ਬੀਐਸਐਨਐਲ ਟੈਲੀਫੂਨ ਕੰਪਨੀ ਲੰਮੇ ਸਮੇਂ ਤੋਂ ਘਾਟੇ ਵਿੱਚ ਚਲ ਰਹੀ ਸੀ। ਮੁਲਾਜਮਾਂ ਦੀ ਸਵੈਇਛੁਤ ਸੇਵਾ ਮੁੱਕਤੀ ਵੀ ਕੰਪਨੀ ਨੂੰ ਘਾਟੇ ਵਿੱਚੋਂ ਉਭਾਰਨ ਲਈ ਬਹੁਤ ਸਾਰੇ ਉਪਰਾਲਿਆਂ ਵਿੱਚੋ ਇੱਕ ਉਪਰਾਲਾ ਸੀ।

ਬੀਐਸਐਨਐਲ ਟੈਲੀਫੂਨ ਕੰਪਨੀ ਵਿੱਚੋਂ ਇੱਕ ਦਮ ਵੱਡੇ ਪੱਧਰ ਉੱਤੇ ਮੁਲਾਜਮਾਂ ਦਾ ਬਾਹਰ ਹੋ ਜਾਣ ਲੱਖਾਂ ਟੈਲੀਫੂਨ ਉਪਭੋਗਤਾਵਾਂ ਨੂੰ ਸੇਵਾ ਦੇਣਾ ਇੱਕ ਵੱਡੀ ਚਣੌਤੀ ਦਾ ਮਾਮਲਾ ਸੀ। ਇਸ ਦਾ ਹੱਲ ਸੀ ਕਿ ਟੈਲੀਫੂਨ ਅਤੇ ਇਸ ਦੀਆਂ ਹੋਰ ਸੇਵਾਵਾਂ ਨੂੰ ਆਊਟ ਸੋਰਸ ਕੀਤਾ ਜਾਵੇ। ਮਹੀਕਮੇ ਨੇ ਰਿਕਾਰਡ ਬਣਵਾਏ, ਉਸ ਵਿੱਚ ਉੱਚ ਪੱਧਰ ਦੇ ਲੁਭਾਵਣੀਆਂ ਕੈਲਕੂਲੇਸ਼ਨਾਂ ਕਰ ਲਾਭ ਦਿਖਾਉਣ ਦੇ ਉਪਰਾਲੇ ਕੀਤੇ ਗਏ। ਪੁਰਾਣੇ ਠੇਕੇਦਾਰ ਬੀਐਸ਼ਐਨਐਲ ਦੀਆਂ ਲੰਮੇ ਸਮੇਂ ਤੋਂ ਪੇਮੈਂਟਾਂ ਨਾਂ ਹੋਣ ਕਾਰਨ ਪ੍ਰੇਸ਼ਾਨ ਸਨ, ਨਵੇਂ ਕੰਮਾਂ ਲਈ ਉਤਸ਼ਾਹਤ ਨਹੀਂ ਸਨ। ਇਸ ਲਈ ਨਵੇਂ ਠੇਕੇਦਾਰਾਂ ਲਈ ਰਾਹ ਖੋਲਣ ਦੇ ਉਪਰਾਲੇ ਕੀਤੇ ਗਏ। ਫੇਰ ਵੀ ਅਜਿਹੇ ਮਹੌਲ ਵਿੱਚ ਠੇਕੇਦਾਰਾਂ ਵਿੱਚ ਮਹਿਕਮੇਂ ਦਾ ਕੰਮ ਲੈਣ ਪ੍ਰਤੀ ਉਤਸ਼ਾਹ ਨਹੀਂ ਸੀ। ਅਜਿਹਾ ਠੇਕੇਦਾਰਾਂ ਦਾ ਕੰਮ ਲੈਣ ਵਿੱਚ ਨਿਰਾਸ਼ਾ ਭਰਿਆ ਮਹੌਲ ਹੋਣ ਦੀ ਚਿੰਤਾ ਮਹਿਕਮੇ ਦੇ ਛੋਟੇ ਅਧਿਕਾਰੀ ਤੋਂ ਲੈ ਕੇ ਚੀਫ ਜਰਨਲ ਮੈਨੇਜਰ ਪੰਜਾਬ ਤੱਕ ਨੂੰ ਹੋਣ ਲਗੀ। ਉਹਨਾ ਜਿਲਾ ਦਫਤਰਾਂ ਨੂੰ ਠੇਕੇਦਾਰਾਂ ਨੂੰ ਉਤਸ਼ਾਹਤ ਕਰਨ ਵਈ ਲਾਇਆ, ਵੱਖ ਵੱਖ ਸਾਧਨਾ ਨਾਲ ਠੇਕੇਦਾਰਾਂ ਨੂੰ ਸੱਦਾ ਭੇਜ ਕੇਚੀਫ ਜਰਨਲ ਮੈਨੇਜਰ ਪੰਜਾਬ ਨੇ ਆਪਣੇ ਦਫਤਰ ਚੰਡੀਗੜ ਮੀਟਿੰਗ ਬੁਲਾਈ। ਜਿਸ ਵਿੱਚ 20-25 ਦੇ ਕਰੀਬ ਠੇਕੇਦਾਰ ਪਹੁੰਚੇ। ਮੇਰੇ ਸਕੇ ਸਾਲੇ ਦੀ ਸੇ ਦਿਨ ਮੌਤ ਦੀ ਖਬਰ ਆਉਣ ਕਾਰਨ ਉਸ ਦੇ ਸੰਸਕਾਰ ਤੇ ਜਾਣਾ ਸੀ, ਇਸ ਕਾਰਨ ਮੈਂ ਨਹੀਂ ਜਾ ਸਕਿਆ, ਇਸ ਮੀਟਿੰਗ ਵਿੱਚ ਮੇਰਾ ਵੱਡੇ ਬੇਟਾ ਹੀ ਗਿਆ ਸੀ। ਠੇਕੇਦਾਰਾਂ ਨੇ ਮਹਿਕਮੇਂ ਦੇ ਟੈਂਡਰ ਨਾਂ ਪਾਉਂਣ ਦੇ ਕਾਰਨ ਦਸੇ ਗਏ, ਪਾਰਾਣੇ ਬਿਲਾਂ ਦੇ ਭੁਗਤਾਨ ਨਾ ਹੋਣ ਦੀ ਗੱਲ ਦਸੀ। ਚੀਫ ਜਰਨਲ ਮੈਨੇਜਰ ਪੰਜਾਬ ਨੇ ਕਲਸ਼ਟਰ ਟੈਂਡਰ ਦੀਆਂ ਖਾਸੀਅਤਾਂ ਦਸੀਆਂ, ਭਰੋਸਾ ਦਵਾਇਆ ਦਵਾਇਆ ਕਿ ਹਰ ਮਹੀਨੇ ਬਿਲ ਕੰਪੀਊਟਰ ਰਾਹੀਂ ਜਨਰੇਟ ਹੋਵੇਗਾ, ਔਨ ਲਾਈਨ ਹੀ ਸਬਮਿੱਟ ਹੋਵੇਗਾ, ਹਰ ਮਹੀਨੇ ਪੇਮੈਂਟ ਹੋਵੇਗੀ। ਇਸ ਦਾ ਫੰਡ ਦਿੱਲੀ ਤੋਂ ਅਲੱਗ ਅਤੇ ਸਿਧਾ ਰੀਲੀਜ਼ ਹੋਵੇਗਾ।

ਹਰ ਮਹੀਨੇ 10 ਤਾਰੀਖ ਤਕ 90% ਬਿਲ ਦੀ ਪੇਮੈਂਟ ਔਨ ਲਾਈਨ ਲਗਾਤਾਰ ਨਿਰਵਿਘਨ ਹੋਵੇਗੀ। ਬਿਲ ਦੀ ਬਚਦੀ 10% ਪੇਮੈਂਟ 30 ਦਿਨਾਂ ਵਿੱਚ ਹੋਵੇਗੀ। ਇਹ ਗਲ ਜਨਵਰੀ 2020 ਦੀ ਹੈ।

# ਫਰਾਂਸ ਵਿੱਚ ਰਾਫੇਲ ਸੌਦੇ 'ਤੇ ਨਵਾਂ 'ਖੁਲਾਸਾ" 7-5 ਮਿਲੀਅਨ ਯੂਰੋ (ਲਗਭਗ 65 ਕਰੋੜ ਰੁਪਏ) ਕਮਿਸ਼ਨ-ਫਰਜ਼ੀ ਬਿੱਲ'

**ਹਰਦੀਪ ਸਿੰਘ ਚੁੰਬਰ**

ਫਰਾਂਸੀਸੀ ਪ੍ਰਕਾਸ਼ਨ ਮੀਡੀਆਪਾਰਟ ਨੇ ਇੱਕ ਵਾਰ ਫਿਰ ਰਾਫੇਲ ਸੌਦੇ ਵਿੱਚ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਮੀਡੀਆਪਾਰਟ ਨੇ ਦਾਅਵਾ ਕੀਤਾ ਹੈ ਕਿ ਰਾਫੇਲ ਸੌਦੇ ਵਿੱਚ ਭ੍ਰਿਸ਼ਟਾਚਾਰ ਹੋਇਆ ਹੈ। ਮੀਡੀਆਪਾਰਟ ਨੇ ਦਾਅਵਾ ਕੀਤਾ ਹੈ ਕਿ ਡਸਾਲਟ ਏਵੀਏਸ਼ਨ ਨੇ ਰਾਫੇਲ ਸੌਦੇ ਲਈ ਸੁਸ਼ੇਨ ਗੁਪਤਾ ਨਾਂ ਦੇ ਵਿਚੋਲੇ ਨੂੰ 2007 ਤੋਂ 2012 ਦਰਮਿਆਨ 7.5 ਮਿਲੀਅਨ ਯੂਰੋ ਦਾ ਭੁਗਤਾਨ ਕੀਤਾ ਸੀ।



ਫਰਾਂਸ ਦੇ ਇਕ ਪ੍ਰਕਾਸ਼ਨ 'ਮੀਡੀਆ-ਪਾਰਟ' ਨੇ ਦਾਅਵਾ ਕੀਤਾ ਹੈ ਕਿ ਫਰਾਂਸ ਦੀ ਕੰਪਨੀ ਡਸਾਲਟ ਏਵੀਏਸ਼ਨ ਨੇ 36 ਜਹਾਜ਼ਾਂ ਦੇ ਸੌਦੇ ਲਈ ਇਕ ਵਿਚੋਲੇ ਨੂੰ 7.5 ਮਿਲੀਅਨ ਯੂਰੋ ਦਾ ਭੁਗਤਾਨ ਕੀਤਾ ਹੈ। ਮੀਡੀਆਪਾਰਟ ਦਾ ਕਹਿਣਾ ਹੈ ਕਿ ਇਸ ਦੇ ਦਸਤਾਵੇਜ਼ ਹੋਣ ਦੇ ਬਾਵਜੂਦ ਭਾਰਤੀ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਨਹੀਂ ਕੀਤੀ।

ਮੀਡੀਆਪਾਰਟ ਨੇ ਖੁਲਾਸਾ ਕੀਤਾ ਹੈ ਕਿ ਇਸ ਲਈ ਫਰਜ਼ੀ ਬਿੱਲ ਬਣਾਏ ਗਏ ਸਨ। ਪ੍ਰਕਾਸ਼ਨ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਅਕਤੂਬਰ 2018 ਤੋਂ, ਸੀਬੀਆਈ ਅਤੇ ਈਡੀ ਨੂੰ ਇਹ ਵੀ ਪਤਾ ਸੀ ਕਿ ਡਸਾਲਟ ਏਵੀਏਸ਼ਨ ਨੇ ਸੁਸ਼ੇਨ ਗੁਪਤਾ ਨਾਮਕ ਇੱਕ ਵਿਚੋਲੇ ਨੂੰ 7-5 ਮਿਲੀਅਨ ਯੂਰੋ (ਲਗਭਗ 65 ਕਰੋੜ ਰੁਪਏ) ਦਾ ਕਮਿਸ਼ਨ ਅਦਾ ਕੀਤਾ ਸੀ।ਇਹ ਸਭ ਕੰਪਨੀ ਨੇ ਇਸ ਲਈ ਕੀਤਾ ਸੀ ਤਾਂ ਜੋ ਭਾਰਤ ਨਾਲ 36 ਲੜਾਕੂ ਜਹਾਜ਼ਾਂ ਦਾ ਸੌਦਾ ਪੂਰਾ ਹੋ ਸਕੇ।

ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਸੁਸ਼ੇਨ ਗੁਪਤਾ ਡਸਾਲਟ ਏਵੀਏਸ਼ਨ ਲਈ ਵਿਚੋਲੇ ਵਜੋਂ ਕੰਮ ਕਰਦਾ ਸੀ। ਸੁਸ਼ੇਨ ਗੁਪਤਾ ਦੀ ਮਾਰੀਸ਼ਸ-ਅਧਾਰਤ ਕੰਪਨੀ ਇੰਟਰਸਟੇਲਰ ਟੈਕਨਾਲੋਜੀਜ਼ ਨੇ 2007 ਅਤੇ 2012 ਦੇ ਵਿਚਕਾਰ ਡਸਾਲਟ ਤੋਂ 7-5 ਮਿਲੀਅਨ ਪ੍ਰਾਪਤ ਕੀਤੇ।ਪ੍ਰਕਾਸ਼ਨ ਨੇ ਖੁਲਾਸਾ ਕੀਤਾ ਹੈ ਕਿ ਮਾਰੀਸ਼ਸ ਸਰਕਾਰ ਨੇ 11 ਅਕਤੂਬਰ 2018 ਨੂੰ ਇਸ ਨਾਲ ਸਬੰਧਤ ਦਸਤਾਵੇਜ਼ ਵੀ ਸੀਬੀਆਈ ਨੂੰ ਸੌਂਪੇ ਸਨ, ਜਿਸ ਨੂੰ ਬਾਅਦ ਵਿੱਚ ਸੀਬੀਆਈ ਨੇ ਈਡੀ ਨਾਲ ਵੀ ਸਾਂਝਾ ਕੀਤਾ ਸੀ। ਸੁਸ਼ੇਨ ਗੁਪਤਾ 2001 ਵਿੱਚ ਡਸਾਲਟ ਨਾਲ ਜੁੜਿਆ ਸੀ

ਮੀਡੀਆਪਾਰਟ ਨੇ ਦਾਅਵਾ ਕੀਤਾ ਕਿ ਸੀਬੀਆਈ ਨੂੰ ਰਾਫੇਲ ਸੌਦੇ ਵਿੱਚ ਭ੍ਰਿਸ਼ਟਾਚਾਰ ਦੀ ਸ਼ਿਕਾਇਤ 4 ਅਕਤੂਬਰ 2018 ਨੂੰ ਹੀ ਮਿਲੀ ਸੀਅਤੇ ਇੱਕ ਹਫ਼ਤੇ ਬਾਅਦ ਗੁਪਤ ਕਮਿਸ਼ਨ ਦੇ ਦਸਤਾਵੇਜ਼ ਵੀ ਮਿਲੇ ਸਨ,ਫਿਰ ਵੀ ਸੀਬੀਆਈ ਨੇ ਇਸ ਮਾਮਲੇ ਵਿੱਚ ਦਿਲਚਸਪੀ ਨਹੀਂ ਦਿਖਾਈ। ਪ੍ਰਕਾਸ਼ਨ ਨੇ ਖੁਲਾਸਾ ਕੀਤਾ ਕਿ ਡਸਾਲਟ ਨੇ 2001 ਵਿੱਚ ਸੁਸ਼ੇਨ ਗੁਪਤਾ ਨੂੰ ਇੱਕ ਵਿਚੋਲੇ ਵਜੋਂ ਨਿਯੁਕਤ ਕੀਤਾ ਸੀ,ਜਦੋਂ ਭਾਰਤ ਸਰਕਾਰ ਨੇ ਲੜਾਕੂ ਜਹਾਜ਼ ਖਰੀਦਣ ਦਾ ਐਲਾਨ ਕੀਤਾ ਸੀ। ਹਾਲਾਂਕਿ, ਇਸਦੀ ਪ੍ਰਕਿਰਿਆ 2007 ਵਿੱਚ ਸ਼ੁਰੂ ਹੋਈ ਸੀ।ਸੁਸ਼ੇਨ ਗੁਪਤਾ ਅਗਸਤਾ ਵੈਸਟਲੈਂਡ ਸੌਦੇ ਨਾਲ ਵੀ ਜੁੜੇ ਹੋਏ ਸਨ।

ਇਹ ਵੀ ਖੁਲਾਸਾ ਹੋਇਆ ਹੈ ਕਿ ਇਸ ਮਾਮਲੇ ਵਿੱਚ ਇੱਕ ਭਾਰਤੀ ਆਈਟੀ ਕੰਪਨੀ ਆਈਡੀਐਸ ਵੀ ਸ਼ਾਮਲ ਹੈ।ਇਸ ਕੰਪਨੀ ਨੇ 1 ਜੂਨ, 2001 ਨੂੰ ਇੰਟਰਸਟੇਲਰ ਟੈਕਨਾਲੋਜੀਜ਼ ਨਾਲ ਸਮਝੌਤਾ ਕੀਤਾ ਸੀ, ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਸੀ ਕਿ ਡਸਾਲਟ ਏਵੀਏਸ਼ਨ ਅਤੇ ਆਈਡੀਐਸ ਵਿਚਕਾਰ ਜੋ ਵੀ ਇਕਰਾਰਨਾਮਾ ਹੋਵੇਗਾ, ਇੰਟਰਸਟੇਲਰ ਟੈਕਨਾਲੋਜੀਜ਼ ਨੂੰ ਇਸਦੇ ਮੁੱਲ ਦਾ 40% ਕਮਿਸ਼ਨ ਦਿੱਤਾ ਜਾਵੇਗਾ। ਇੱਕ ਆਈਡੀਐਸ ਅਧਿਕਾਰੀ ਨੇ ਸੀਬੀਆਈ ਨੂੰ ਦੱਸਿਆ ਕਿ ਇਹ ਸਮਝੌਤਾ ਗੁਪਤਾ ਦੇ ਵਕੀਲ ਗੌਤਮ ਖੇਤਾਨ ਦੁਆਰਾ ਕੀਤਾ ਗਿਆ ਸੀ, ਜੋ ਅਗਸਤਾ ਵੈਸਟਲੈਂਡ ਕੇਸ ਵਿੱਚ ਜਾਂਚ ਅਧੀਨ ਹੈ।

ਸੀਬੀਆਈ ਵੱਲੋਂ ਜ਼ਬਤ ਕੀਤੇ ਗਏ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਸੁਸ਼ੇਨ ਗੁਪਤਾ ਦੀ ਸ਼ੈੱਲ ਕੰਪਨੀ ਨੂੰ 2002 ਤੋਂ 2006 ਦਰਮਿਆਨ ਇਸ ਤਰੀਕੇ ਨਾਲ 9.14 ਲੱਖ ਯੂਰੋ ਮਿਲੇ ਸਨ ਇੰਟਰਸਟੇਲਰ ਟੈਕਨਾਲੋਜੀ ਵੀ ਇੱਕ ਸ਼ੈੱਲ ਕੰਪਨੀ ਸੀ, ਜਿਸਦਾ ਨਾ ਤਾਂ ਕੋਈ ਦਫਤਰ ਸੀ ਅਤੇ ਨਾ ਹੀ ਕੋਈ ਕਰਮਚਾਰੀ।

ਮੀਡੀਆਪਾਰਟ ਨੇ ਖੁਲਾਸਾ ਕੀਤਾ ਹੈ ਕਿ ਈਡੀ ਦੇ ਦਸਤਾਵੇਜ਼ਾਂ ਅਨੁਸਾਰ ਸੁਸ਼ੇਨ ਗੁਪਤਾ ਨੇ ਕਿਹਾ ਸੀ ਕਿ ਕਈ ਭਾਰਤੀ ਅਧਿਕਾਰੀਆਂ ਨੂੰ ਵੀ ਡਸਾਲਟ ਦੀ ਤਰਫੋਂ ਪੈਸੇ ਦਿੱਤੇ ਗਏ ਹਨ।ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ 2015 'ਚ ਜਦੋਂ ਰਾਫੇਲ ਸੌਦਾ ਆਖਰੀ ਪੜਾਅ 'ਤੇ ਸੀ ਤਾਂ ਗੁਪਤਾ ਨੇ ਭਾਰਤੀ ਰੱਖਿਆ ਮੰਤਰਾਲੇ ਤੋਂ ਕੁਝ ਗੁਪਤ ਦਸਤਾਵੇਜ਼ ਵੀ ਹਾਸਲ ਕੀਤੇ ਸਨ।

ਸਰਕਾਰ ਨੇ ਰਾਫੇਲ ਸੌਦੇ ਵਿੱਚ ਆਫਸੈਟ ਧਾਰਾ ਨੂੰ ਖਤਮ ਕੀਤਾ, CAG ਨੇ ਹਾਲ ਹੀ ਵਿੱਚ ਉਠਾਏ ਸਵਾਲ

ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਰਾਫੇਲ ਸੌਦੇ 'ਚ ਆਫਸੈੱਟ ਨੀਤੀ ਦੀ ਪੂਰਤੀ ਨਾ ਹੋਣ 'ਤੇ ਸੰਸਦ 'ਚ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਦੇ ਸਾਹਮਣੇ ਆਉਣ ਤੋਂ ਬਾਅਦ, ਹੁਣ ਸਰਕਾਰ ਨੇ ਨਵੀਂ ਰੱਖਿਆ ਪ੍ਰਾਪਤੀ ਪ੍ਰਕਿਰਿਆ (ਡੀਏਪੀ)-2020 ਵਿੱਚ ਆਫਸੈੱਟ ਨੀਤੀ ਵਿੱਚ ਬਦਲਾਅ ਕੀਤਾ ਹੈ।

ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਫਰਾਂਸ ਨਾਲ ਰਾਫੇਲ ਸੌਦੇ 'ਚ ਆਫਸੈੱਟ ਨੀਤੀ ਦੀ ਅਸਫਲਤਾ 'ਤੇ ਸੰਸਦ 'ਚ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਦੇ ਸਾਹਮਣੇ ਆਉਣ ਤੋਂ ਬਾਅਦ, ਹੁਣ ਸਰਕਾਰ ਨੇ ਨਵੀਂ ਰੱਖਿਆ ਪ੍ਰਾਪਤੀ ਪ੍ਰਕਿਰਿਆ (ਡੀਏਪੀ)-2020 ਵਿੱਚ ਆਫਸੈੱਟ ਨੀਤੀ ਵਿੱਚ ਬਦਲਾਅ ਕੀਤਾ ਹੈ।ਹੁਣ ਆਫਸੈੱਟ ਨੀਤੀ ਸਰਕਾਰ ਤੋਂ ਲੈ ਕੇ ਸਰਕਾਰ, ਅੰਤਰ-ਸਰਕਾਰੀ ਅਤੇ ਸਿੰਗਲ ਵਿਕਰੇਤਾ ਤੱਕ ਰੱਖਿਆ ਖਰੀਦ ਵਿੱਚ ਲਾਗੂ ਨਹੀਂ ਹੋਵੇਗੀ।

ਵਿਸ਼ੇਸ਼ ਸਕੱਤਰ ਅਤੇ ਡਾਇਰੈਕਟਰ ਜਨਰਲ (ਐਕਵੀਜ਼ਨ) ਅਪੂਰਵ ਚੰਦਰਾ ਨੇ ਸੋਮਵਾਰ ਨੂੰ ਕਿਹਾ ਕਿ ਅਸੀਂ ਆਫਸੈੱਟ ਦਿਸ਼ਾ-ਨਿਰਦੇਸ਼ਾਂ 'ਚ ਬਦਲਾਅ ਕੀਤਾ ਹੈ। ਹੁਣ ਤੋਂ ਸਰਕਾਰ-ਦਰ-ਸਰਕਾਰ, ਅੰਤਰ-ਸਰਕਾਰੀ ਅਤੇ ਸਿੰਗਲ ਵਿਕਰੇਤਾ ਰੱਖਿਆ ਵਿੱਚ ਕੋਈ ਆਫਸੈਟ ਨੀਤੀ ਨਹੀਂ ਹੋਵੇਗੀ। ਰਿਪੋਰਟ ਮੁਤਾਬਕ ਰੱਖਿਆ ਮੰਤਰਾਲੇ ਨੇ ਇਹ ਫੈਸਲਾ ਆਫਸੈੱਟ ਨੀਤੀ ਰਾਹੀਂ ਵਿਦੇਸ਼ੀ ਨਿਰਮਾਤਾਵਾਂ ਤੋਂ ਟੈਕਨਾਲੋਜੀ ਖਰੀਦਣ 'ਚ ਅਸਫਲ ਰਹਿਣ ਤੋਂ ਬਾਅਦ ਲਿਆ ਹੈ।

ਧਿਆਨ ਯੋਗ ਹੈ ਕਿ ਹੁਣ ਤੱਕ ਆਫਸੈੱਟ ਨੀਤੀ ਦੇ ਅਨੁਸਾਰ, ਫਰਾਂਸ ਤੋਂ 36 ਰਾਫੇਲ ਜੈੱਟਾਂ ਦੀ ਖਰੀਦ ਦੇ ਮਾਮਲੇ ਵਿੱਚ ਨਿਰਮਾਤਾ ਅਤੇ ਐਮਬੀਡੀਏ ਨੂੰ ਭਾਰਤੀ ਰੱਖਿਆ ਖੇਤਰ ਵਿੱਚ ਇਕਰਾਰਨਾਮੇ ਦੀ ਰਕਮ ਦਾ 30 ਪ੍ਰਤੀਸ਼ਤ ਨਿਵੇਸ਼ ਕਰਨ ਲਈ ਲਾਜ਼ਮੀ ਕੀਤਾ ਗਿਆ ਸੀ।

ਰਾਫੇਲ ਸੌਦੇ 'ਚ ਜਿੱਥੇ 36 ਲੜਾਕੂ ਜਹਾਜ਼ 59,000 ਕਰੋੜ ਰੁਪਏ 'ਚ ਖਰੀਦੇ ਗਏ ਸਨ, ਉੱਥੇ ਆਫਸੈੱਟ ਕਲਾਜ਼ 50 ਫੀਸਦੀ ਸੀ।

ਦਰਅਸਲ ਕੈਗ ਨੇ ਸੰਸਦ 'ਚ ਰੱਖਿਆ ਆਫਸੈੱਟ ਨੀਤੀ 'ਤੇ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਇਸ ਮੁਤਾਬਕ 59 ਹਜ਼ਾਰ ਕਰੋੜ ਰੁਪਏ 'ਚ ਦਾਸਾਲਟ ਐਵੀਏਸ਼ਨ ਤੋਂ 36 ਰਾਫੇਲ ਜਹਾਜ਼ਾਂ ਦਾ ਸੌਦਾ ਕਰਦੇ ਸਮੇਂ ਡੀਆਰਡੀਓ ਨੂੰ ਕਾਵੇਰੀ ਇੰਜਣ ਤਕਨੀਕ ਦੇ ਕੇ 30 ਫੀਸਦੀ ਆਫਸੈੱਟ ਪੂਰਾ ਕਰਨ ਦਾ ਫੈਸਲਾ ਲਿਆ ਗਿਆ ਸੀ ਪਰ ਹੁਣ ਤੱਕ ਇਹ ਵਾਅਦਾ ਪੂਰਾ

# ਪੰਜਾਬ ਦੀਆਂ ਪ੍ਰੇਮ ਕਥਾਵਾਂ/ ਪੰਜਾਬੀ ਸਾਹਿਤ ਨੂੰ ਦੇਣ



ਜਗਦੀਸ਼ ਚੋਹਕਾ
91-92179-97445
001-403-285-4208

ਪੰਜਾਬ ਅਤੇ ਪੰਜਾਬੀ ਬੋਲੀ ਅੰਦਰ ਪਿਆਰ-ਕਥਾਵਾਂ ਦੇ ਇਤਿਹਾਸ, ਮੁੱਢ ਤੇ ਮੌਜੂਦਾ ਸਥਾਨ ਬਾਰੇ ਸਮਝਣ ਲਈ ਬਹੁਤ ਪਿਛੇ ਜਾਣਾ ਪਏਗਾ। ਪੰਜਾਬ ਦਾ ਇਤਿਹਾਸ, ਮੂਲ ਸਾਹਿਤਕ ਵਿਰਸਾ ਅਤੇ ਪੰਜਾਬ ਤੇ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਸਮਝਣਾ ਪੈਣਾ ਹੈ। ਪਿਆਰ-ਕਥਾਵਾਂ ਸਭਿਆਚਾਰ ਦਾ ਹੀ ਇਕ ਹਿੱਸਾ ਹੈ ਅਤੇ ਸਭਿਆਚਾਰ ਕਿਸੇ ਦੇਸ਼ ਜਾਂ ਕੌਮ ਦੀ ਰੂਹ ਹੁੰਦੀ ਹੈ ਜਿਸ ਰਾਹੀਂ ਸਾਨੂੰ ਉਨ੍ਹਾਂ ਸਾਰਿਆਂ ਸੰਸਕਾਰਾਂ ਦਾ ਗਿਆਨ ਮਿਲਦਾ ਹੈ। ਸਮਾਜਕ ਜ਼ਿੰਦਗੀ ਦਾ ਸਰੋਕਾਰ ਹੀ ਸਭਿਆਚਾਰ ਹੁੰਦਾ ਹੈਕਿਉਂਕਿ ਪੰਜਾਬ ਦਾ ਸਭਿਆਚਾਰ ''ਆਰੀਆ'' ਦੇ ਆਉਣ ਤੋਂ ਵੀ ਪਹਿਲਾ ਦਾ ਹੈ, ਇਸ ਲਈ ਇਸ ਦੀ ਪ੍ਰਾਚੀਨਤਾ ਨੂੰ ਸਮਝਣਾ ਜਰੂਰੀ ਹੈ। ਇਤਿਹਾਸਕ ਵਿਕਾਸ ਦੇ ਪੱਖ ਤੋਂ ਪੰਜਾਬ ਦੀਆਂ ਪਿਆਰ-ਕਥਾਵਾਂ ਨੂੰ ਸਮਝਣ ਲਈ ਪੂਰਬ-ਹੜੱਪਾ ਯੁੱਗ ਦਾ ਪੰਜਾਬ ਤੋਂ ਲੈ ਕੇ ਪੰਜਾਬ ਦਾ ਸੁਤੰਤਰਤਾ-ਯੁੱਗ ਅੰਦਰ ਵਾਪਰੀਆਂ ਸਾਰੀਆਂ ਸਮਾਜਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਅਤੇ ਵਿਦੇਸ਼ੀ ਘਟਨਾਵਾਂ ਜਿਨ੍ਹਾਂ ਨੇ ਪੰਜਾਬ ਤੇ ਪੰਜਾਬੀਆਂ ਨੂੰ ਪ੍ਰਭਾਵਤ ਕੀਤਾ, ਸਮਝਣਾ ਪੈਣਾ ਹੈ। ਸਭਿਆਚਾਰ ਇਕ ਨਿਰੰਤਰ ਪ੍ਰਵਾਹਮਾਨ ਪ੍ਰਕਿਰਿਆ ਹੁੰਦੀ ਹੈ। ਅਨੇਕਾਂ ਸਦੀਆਂ ਦੇ ਨਿਰੰਤਰ ਵਿਕਾਸ ਦੌਰਾਨ ਉਪਰੋਕਤ ਪਰਿਸਥਿਤੀਆਂ ਤੋਂ ਛੁੱਟ, ਨਸਲਾਂ, ਭੂਗੋਲਿਕ ਤੇ ਪੌਣ ਪਾਣੀ, ਜੰਗਾਂ ਕਾਰਨ ਪ੍ਰੀਵਰਤਨ, ਸਰੀਰਕ ਤਬਦੀਲੀਆਂ, 'ਜੋ ਕਿਸੇ ਇਕ ਮਨੁੱਖ, ਜਾਂ ਸਮੂਹ ਦੀ ਲੋਕ-ਚੇਤਨਾ ਵਿੱਚ ਅਨੇਕਾਂ ਕਿਸਮ ਦੇ ਜਟਿਲ ਸੰਸਕਾਰਾਂ, ਮਾਨਸਿਕ ਗੰਢਾਂ ਤੇ ਵਿਵਹਾਰਾਂ ਨੂੰ ਪੀੜ੍ਹੀ ਦਰ ਪੀੜ੍ਹੀ ਬਦਲਦੇ ਜਾਂਦੇ ਹਨ। ਇਹ ਨਿਰੰਤਰ ਇਤਿਹਾਸਕ ਧਾਰਾ ਦੇ ਵਿਕਾਸ ਦਾ ਨਵਾਂ ਮੋੜ ਹੁੰਦਾ ਹੈ।

ਪੰਜਾਬ ਦੀ ਇਹ ਜਰਖੇਜ਼ ਅਤੇ ਰਮਣੀਕ ਜਮੀਨ ਜਿਹੜੀ ਸਦੀਆਂ ਤੋਂ ਆਦਿ ਮਨੁੱਖ ਤੋਂ ਇਤਿਹਾਸਕ ਪੜਾਵਾਂ ਦਾ ਮੁੱਢ ਤੋਂ ਅਖਾੜਾ ਰਹੀ ਹੈ। ਵੱਖ-ਵੱਖ ਨਸਲਾਂ, ਕੌਮਾਂ ਬੋਲੀਆਂ ਆਦਿ ਦੇ ਸੰਗਮ-ਸਥਾਨ ਹੋਣ ਦੇ ਇਤਿਹਾਸਕ ਤੱਥ ਨੂੰ ਸਾਹਮਣੇ ਰੱਖਦਿਆਂ ਅਤੇ ਧਰਮ-ਨਿਰਪੱਖਤਾ ਪ੍ਰਤਿ ਉਪ-ਭਾਵਕ ਸਮਝ ਦੇ ਨਤੀਜੇ ਵਜੋ, 'ਪੰਜਾਬੀ ਸਭਿਆਚਾਰ ਨੂੰ ਮਿਸ਼ਰਤ ਜਾਂ ਸਾਂਝਾ ਸਭਿਆਚਾਰ ਕਹਿਣਾ ਬਹੁਤ ਪੇਤਲੀ ਅਤੇ ਅਵਿਗਿਆਨਕ ਅਧੂਰੀ ਸਮਝ ਹੈ। ਸਗੋਂ ਪੰਜਾਬੀ ਸਭਿਆਚਾਰ ਕੁਲ ਮਿਲਾ ਕੇ ਲੰਬੀ ਸਮਾਜਿਕ-ਇਤਿਹਾਸਕ ਪ੍ਰਕਿਰਿਆ ਵਿੱਚੋ ਗੁਜਰਕੇ ਇਕ ਮਨੁੱਖੀ ਸਮੂਹ, 'ਜਿੰਦਗੀ ਦੇ ਵੱਖ-ਵੱਖ ਪਹਿਲੂਆਂ ਬਾਰੇ ਜਿਹੜੇ ਸਰਬ-ਸਾਂਝੇ ਹੁੰਗਾਰੇ ਨੂੰ ਸਿਰਜਦਾ ਹੈ, ਉਹੀ ਉਸ ਦੇ ਸਭਿਆਚਾਰ ਦਾ ਅਸਲ ਘੇਰਾ ਹੁੰਦਾ ਹੈ। ਭਾਰਤੀ ਸਭਿਅਤਾ ਦੇ ਵਿਕਾਸਵਿੱਚ ਪੰਜਾਬ ਦੀ ਧਰਤੀ ਇਕ ਕੇਂਦਰੀ ਥਾਂ ਰੱਖਦੀ ਹੈ। ਇਸ ਧਰਤੀਦੀਆਂ ਜੂਹਾਂ ਵਿੱਚ ਜੋ ਕੁਝ ਸਿਰਜਿਆ ਜਾਂਦਾ ਰਿਹਾ ਹੈ ਅਤੇ ਉਹ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬ ਨਾਲ ਵੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਦੱਸਵੀਂ ਤੋਂ ਬਾਰਵੀਂ ਸਦੀ ਤੋਂ ਬਾਅਦ ਪੰਜਾਬੀ ਸਭਿਆਚਾਰ ਨੇ ਆਪਣੀ ਸਥੂਲ ਦੀ ਨਿਵੇਕਲੀ ਪਛਾਣ ਦੀ ਸਥਾਪਤੀ ਕੀਤੀ ਜੋ ਕੋਈ ਅਚਾਨਕ ਹਾਦਸਾ ਨਹੀਂ ਸਗੋਂ ਇਹ ਉਸ ਦਾ ਪੰਜਾਬ ਦੇ ਪਿਛਲੇ ਇਤਿਹਾਸ ਨਾਲ ਦੇ ਵੰਦਾਤਮਕ ਰਿਸ਼ਤਾ ਹੈ। ਇਸ ਕਰਕੇ ਪੰਜਾਬੀ ਸਭਿਆਚਾਰ ਦਾ ਮੌਲਿਕ ਸਾਰ, ਸੁਭਾ ਤੇ ਪਛਾਣ ਪੱਖੋਂ ਅੱਡ ਦਿਸਦਾ ਹੈ।

ਪੰਜਾਬੀ ਵਿੱਚ ਲੋਕ-ਕਾਵਿ ਉਨਾਂ ਹੀ ਪੁਰਾਣਾ ਹੈ ਜਿੰਨਾ ਪੰਜਾਬ ਦੀ ਧਰਤੀ ਅਤੇ ਇਸ ਦੇ ਵਾਸੀ। ਪ੍ਰੇਮ ਤੇ ਬਿਰਹਾ ਦੇ ਗੀਤ ਅਤੇ ਕਿੱਸੇ-ਕਹਾਣੀਆਂ ਵੀ ਪੰਜਾਬੀ ਬੋਲੀ ਨੂੰ ਅਮੀਰ ਬਣਾਉਣ ਲਈ ਲਿਖੇ ਗਏ।ਸ਼ਾਹ ਹੁਸੈਨ (1570-1640) ਲਾਹੌਰ, ਨੇ ਆਮ ਲੋਕਾਂ ਦੀ ਬੋਲੀ ਵਿੱਚ (ਢੁੱਕ ਇਸ਼ਕ ਪ੍ਰੇਮ ਦਾ, ਢੰਗ ਸਿਧਾ, ਹੀਰ ਰਾਂਝੇ ਦੇ ਕਿੱਸੇ ਨੂੰ ਲੋਕਾਂ ਤੱਕ ਪਹੁਚਾਇਆ। ਦਮੋਦਰ (1600-1707) ਝੰਗ, ਨੇ ਹੀਰ ਜੋ ਮੁਲਤਾਨੀ ਜਾਂ ਝਾਂਗੀ ਪੰਜਾਬੀ ਵਿੱਚ ਚੱਜ ਅਚਾਰ ਤੇ ਭਾਉ-ਭਾਵਨਾ ਵਜੋ, ਪੂਰੀ ਰਸ ਭਰੀ ਤਸਵੀਰ ਰਾਹੀ ਪੇਸ਼ ਕੀਤੀ।ਪੀਹਲੂ (1627-1658 ਜੋ ਸ਼ਾਹ ਜਹਾਨ ਵੇਲੇ) ਜਿਸ ਨੇ, 'ਮਿਰਜ਼ਾ ਸਾਹਿਬਾਂ ਦੀ ਵਾਰ ਲਿਖੀ। ਇਸੇ ਤਰ੍ਹਾਂ ਅਹਿਮਦ ਨੇ 1682 ਦੌਰਾਨ ''ਹੀਰ'' ਜੋ 185-ਬੰਦਾਂ 'ਚ ਸੀ, ਪੰਜਾਬੀ 'ਚ ਲਿਖੀ ਹੀਰ ਦੇ ਆਖਰੀ ਬੈਂਤ ਹਨ:

ਦੋਹਾਂ ਦਰਬਾਨ ਥੀਂ ਸਫਰ ਕੀਤਾ,
ਜਾਇ ਰੱਬ ਦੇ ਉਹ ਹੋਲੇ ਹਜੂਰੀ।
ਦੋਵੇ ਰਾਹਿ ਮਿਜਾਜ਼ ਵਿੱਚ ਰਹੈ ਸਾਬਤਿ,
ਵਿੱਚ ਹਕ ਦੇ ਜਿਨਾਂ ਪਾਈ ਸਬੂਰੀ।

ਮੁਕਬਲ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ। ਹੀਰ ਦਾ ਕਿਸਾ ਬੈਂਤ ਵਿੱਚ ਅਤੇ ਜੰਗ ਨਾਮਾ ! ਮੁਕਬਲ ਦੀ ਹੀਰ ਢੁਕ, ਢੰਗ ਅਹਿਮਦ ਵਾਂਗੂ ਨਾਟਕੀ ਹੈ। ਹੀਰ ਮੁਕਬਲ ਦੇ 356-ਬੰਦ ਸਨ।

ਵਾਰਸ ਸ਼ਾਹ ਨੇ ਹੀਰ ਦਾ ਕਿੱਸਾ ਬੈਂਤਾਂ ਵਿੱਚ ਚੋਖਾ ਖਿੰਡਰਾ ਕੇ ਲਿਖਿਆ। ਇਸ਼ਕ ਨੂੰ ਤਾਂ ਇਹ ਰਾਂਝੇ ਦੇ ਮੂੰਹੋਂ ਇਉ ਖਜਲਵਾਉਂਦਾ ਹੈ:

''ਹੀਰੇ ਇਸ਼ਕ ਦਾ ਮੂਲ ਸਵਾਦ ਦੇਂਦੇ,
ਨਾਲ ਚੋਰੀਆਂ ਅਤੇ ਉਧਾਲਿਆ ਦੇ।''

ਵਾਰਸ ਨੇ ਪਈ ਲਕੀਰ ਨੂੰ ਡੂੰਘਾ ਕੀਤਾ ਅਤੇ ਘੱਟ ਤੋਂ ਘੱਟ ਅਹਿਮਦ ਤੇ ਮੁਕਬਲ ਦੀਆਂ ਹੀਰਾਂ ਤੋਂ ਫਾਇਦਾ ਉਠਾਇਆ। ਜਦੋਂ ਵੀ ਪੰਜਾਬੀ ਦਾ ਕੋਈ ਕੋਸ਼ ਬਣੇਗਾ ਉਸ ਵਿੱਚ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ, ਭਾਈ ਗੁਰਦਾਸ ਅਤੇ ਵਾਰਸ ਸ਼ਾਹ ਦੀ ਸਾਰੀ ਦੀ ਸਾਰੀ ਸ਼ਬਦਾਵਲੀ ਆਵੇਗੀ। ਵਾਰਸ ਨੇ ਆਪਣੀ ਹੀਰ 1763 ਈ: ਵਿੱਚ ਮੁਕਾਈ। ਕੇਸਰ ਸਿੰਘ ਤੇ ਸੇਵਾ ਸਿੰਘ ਛਿੱਬਰ ਪਿਉ ਪੁੱਤਰ ਸਨ। ਸੇਵਾ ਸਿੰਘ ਨੇ ਸੱਸੀ-ਪੁਨੂੰ ਦਾ ਕਿੱਸਾ ਬਹੁਤ ਹੀ ਹੁਨਰੀ ਢੰਗ ਨਾਲ ਮਜ਼ੇਦਾਰ ਭਾਸ਼ਾ ਵਿੱਚ ਰੱਚਿਆ। ਹਾਸ਼ਮ ਸ਼ਾਹ ਨੇ ਵੀ 1783 ਵਿੱਚ ਹੀਰ ਲਿਖੀ। ਸੁਤੰਤਰ ਪੰਜਾਬ (1799-1848) ਦੌਰਾਨ ਪੰਜਾਬੀ ਸਾਹਿਤ ਅੰਦਰ ਇਕ ਵੱਡੀ ਤਬਦੀਲੀ ਆਈ। ਕਿੱਸਿਆ ਦੀ ਗਿਣਤੀ ਵੱਧੀ, ਬਹਿਰਾਮ ਗੋਰ, ਚੰਦਰ ਭਮਾ, ਲੈਲਾ ਮਜਨੂੰ, ਕਾਮ ਰੂਪ ਸੋਹਣੀ, ਕਾਮਲਤ, ਨਲ-ਦਮਿਅਤੀ, ਰਾਜ ਬੀਬੀ ਨਾਮਦਾਰ, ਸੈਫ਼ਲ ਮਲੂਕ, ਸ਼ੀਰੀ-ਫਰਿਆਦ, ਚੰਦਰ ਬਦਨ ਮੇਆਰ, ਹਾਤਮਤਾਈ ਆਦਿ ਪਿਆਰ ਕਹਾਣੀਆਂ ਦੇ ਕਿੱਸੇ ਸਾਹਮਣੇ ਆਏ। ਹਾਸ਼ਮ ਪਿੰਡ ਜਗਦੇਓ ਕਲਾਂ (ਅੰਮ੍ਰਿਤਸਰ) ਜੋ ਸੱਸੀ ਪੁਨੂੰ ਤੇ ਸ਼ੀਰੀ-ਫ਼ਰਆਦ ਦਾ ਲੇਖਕ ਸੀ। ਯੂਸਫ਼-ਜੁਲੈਖਾ ਦਾ ਕਿੱਸਾ ਵੀ 16-ਵੀਂ ਸਦੀ ਦੌਰਾਨ ਪੰਜਾਬੀ ਵਿੱਚ ਜਨਮਿਆ, ਗਾਇਆ ਗਿਆ ਸੀ।

ਪੰਜਾਬ ਦੇ ਸ਼ੁਰੂ ਤੋਂ ਹੀ ਇਕ ਸਰਹੱਦੀ ਸੂਬਾ ਰਿਹਾ ਹੈ। ਇਸੇ ਕਰਕੇ ਜੰਗਾਂ-ਯੁੱਧਾਂ ਕਰਕੇ ਪੰਜਾਬੀਆਂ ਅੰਦਰ ਜਨ-ਚੇਤਨਾ, ਫੁਰਤੀ ਅਤੇ ਸਾਡੌਲਪੁਣਾਂ ਉਨ੍ਹਾਂ ਦੇ ਜੱਦੀ-ਪੁਸ਼ਤੀ ਵਿਰਸਤੀ ਗੁਣ ਹਨ। ਜਿਸ ਕਰਕੇ ਇਸ ਇਤਿਹਾਸਕ ਵਿਲੱਖਣਤਾ ਕਰਕੇ ਪੰਜਾਬੀ ਸਭਿਆਚਾਰ ਦੇ ਜਮਾਤੀਕਰਣ ਅੰਦਰ ਸਰਬ-ਸਾਂਝੀਵਾਲਤਾ, ਨਿਆਪੂਰਣ ਮਨੁੱਖੀ ਸਮਾਨਤਾ ਅਤੇ ਮਨੁੱਖੀ ਆਚਰਣ ਦੀ ਉੱਚਤਾ, ਕਿਰਤੀ ਦੀ ਮਹਿਮਾਂ ਅਤੇ ਸਰਬਤ ਦਾ ਭਲਾ ਉਨਾਂ ਅੰਦਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਭਾਵੇਂ ਪੰਜਾਬੀ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਨਾਲ ਜੂਝਦੇ ਆ ਰਹੇ ਹਨ, ਫਿਰ ਵੀ ਪਿਆਰ ਪੱਖੋ ਅਤੇ ਪ੍ਰੇਮ-ਕਥਾਵਾਂ ਅੰਦਰ ਪੰਜਾਬੀ ਸਾਹਿਤ ਦੇ ਪੱਤਰੇ ਪਿਆਰ ਕਹਾਣੀਆਂ ਨਾਲ ਭਰੇ ਪਏ ਹਨ। ਇਹ ਪਿਆਰ ਕਥਾਵਾਂ ਪੰਜਾਬੀ ਬੋਲੀ ਅਤੇ ਸੱਭਿਆਚਾਰ ਅੰਦਰ ਇਕ ਵੱਡਮੁੱਲੇ ਸਾਹਿਤ ਦਾ ਅਮਰ ਹਿੱਸਾ ਬਣ ਗਈਆਂ ਹਨ। ਪੰਜ-ਦਰਿਆਵਾਂ (ਹੁਣ ਨਹੀਂ) ਦੀ ਇਸ ਧਰਤੀ ਜਿੱਥੇ ਦਸ ਗੁਰੂਆਂ ਤੋ ਬਿਨਾਂ ਬਹੁਤ ਸਾਰੇ ਸੰਤਾਂ, ਰਿਸ਼ੀਆਂ, ਮੁੰਨੀਆਂ ਤੇ ਪੀਰਾਂ ਫਕੀਰਾਂ ਨੇ ਜਨਮ ਲਿਆ ਅਤੇ ਇਸ ਨੂੰ ਰੁਸ਼ਨਾਇਆ ਤੇ ਇਕ ਜਿਊਂਦਾ ਜਾਗਦਾ ਮਨੁੱਖੀ ਇਤਿਹਾਸ ਕਾਇਮ ਕਰਕੇ ਪੰਜਾਬ ਨੂੰ ਹਰ ਪੱਖੋ ਗਤੀਸ਼ੀਲ ਬਣਾ ਦਿੱਤਾ। ਭਾਵੇਂ ਲਗਾਤਾਰ ਇਸ ਖਿਤੇ ਵਿੱਚ ਸ਼ਾਂਤੀ ਨਾ ਰਹਿਣ ਕਰਕੇ ਪੰਜਾਬ ਕਲਾ ਤੇ ਸਾਹਿਤ ਪੱਖੋ ਕਦੋ ਪਿਛੇ ਰਹਿ ਗਿਆ ਸੀ। ਪਰ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਅਮੁੱਲੀ ਦੇਣ ਨੇ ਇਸ ਘਾਟ ਨੂੰ ਸਦਾ ਲਈ ਦੂਰ ਕਰ ਦਿੱਤਾ ਤੇ ਅਮਰ ਬਣਾ ਦਿੱਤਾ।

''ਨਚਣੁ ਕੁਦਣੁ ਮਨ ਕਾ ਚਾਉ
(ਪੰਨਾ 465 ਗੁਰੂ ਗ੍ਰੰਥ ਸਾਹਿਬ)''

ਪੰਜਾਬੀ ਸਭਿਆਚਾਰ ਅਤੇ ਉਤਰ-ਪੱਛਮੀ ਭਾਰਤ ਦੇ ਸੂਬੇ ਪੰਜਾਬ ਅੰਦਰ ਸਦੀਆਂ ਤੋਂ ਲੋਕ ਪ੍ਰੇਮੀ,'ਪਿਆਰ-ਥਾਵਾਂ ਦੇ ਨਾਇਕਾਵਾਂ ਹੀਰ, ਸੋਹਣੀ, ਸਾਹਿਬਾਂ ਅਤੇ ਪੰਜਾਬੋ ਹਟ ਕੇ ਹੋਰ ਪਿਆਰ ਕਥਾਵਾਂ ਸੱਸੀ-ਪੁਨੂੰ, ਸ਼ੀਰੀ-ਫਰਿਆਦ, ਲੈਲਾ-ਮਜਨੂ, ਯੂਸਫ਼-ਜ਼ੁਲੈਖਾ, ਹਾਤਮਤਾਈ ਆਦਿ ਅੰਦਰ ਅਮਰ ਪਿਆਰ ਕਹਾਣੀਆਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਜ ਵੀ ਕਿਸੇ ਨਾ ਕਿਸੇ ਰੂਪ ਵਜੋਂ ਯਾਦ ਕੀਤਾ ਜਾ ਰਿਹਾ ਹੈ। ਇਨ੍ਹਾਂ ਪਿਆਰ ਕਥਾਵਾਂ ਅੰਦਰ ਨਾਇਕਾਵਾਂ ਨੇ ਆਪਣੇ ਸਰੀਰ ਜਾਂ ਆਤਮਾਂ ਦਾ ਮੋਹ ਨਾ ਕੀਤਾ, ਸਗੋਂ ਪਿਆਰ (ਇਸ਼ਕ-ਹਕੀਕੀ) ਦੀ ਖਾਤਰ ਆਪਣਾ ਆਪ ਕੁਰਬਾਨ ਕਰਕੇ ''ਅਮਰ'' ਹੋਣ ਦਾ ਰੁਤਬਾ ਪ੍ਰਾਪਤ ਕੀਤਾ। ਬਹੁਤ ਸਾਰੀਆਂ 27 ਤੋਂ ਵੱਧ,'ਅਤਿ ਸੁੰਦਰ ਇਸਤਰੀਆਂ ਜੋ ਗਿਆਨਵਾਨ ਅਤੇ ਸਮੋਹਕ ਸ਼ਕਤੀਵਾਨ ਸਨ, ਜਿਨ੍ਹਾਂ ਦਾ ਵਰਣਨ ਉਨ੍ਹਾਂ ਦੀ ਪ੍ਰਤੀਭਾ ਕਾਰਨ ਰਿਗਵੇਦ ਵਿੱਚ ਅੰਕਿਤ ਹੈ। ਇੰਦਰਾਣੀ, ਸ਼ਾਂਦ ਗਮਾਤਾ, ਰੋਮਾ, ਸ਼ੇਰਵਸੀ, ਲੋਪਮੁਦਰਾ, ਨਾਟਿਅਮਯਮੀ, ਨਾਰੀ, ਸ਼ਰਮਵਤੀ, ਸ਼ਰੀਰ, ਲਕਸ਼ਮੀ, ਸਰਪਰਜਨੀ, ਵਾਕਸ਼ਰਥਾ, ਔਸ਼ਾ, ਸੂਰੀਆ, ਸਵਿਤਰੀ, ਕੱਤਰੀ, ਦਕਸ਼ਿਣਾ, ਸੇਧਾ ਸਿਕਤਾ, ਕਿਦਾਵਰੀ, ਬ੍ਰਹਮਾ, ਦਾਨਯਾ, ਤ੍ਰਿਪਤਾ ਆਦਿ ਏਨੀਆਂ ਗਿਆਨਵਾਨ ਸਨ, 'ਕਿ ਉਨ੍ਹਾਂ ਦੀ ਰਚਨਾ ਪੰਜਾਬ ਦੀ ਧਰਤੀ 'ਤੇ ਰੱਚੇ ਰਿਗਵੇਦ ਦਾ ਇਕ ਹਿੱਸਾ ਬਣ ਗਈ। ਇਹੀ ਕਾਰਨ ਹੈ,'ਕਿ ਪਜੰਾਬ ਦੇ ਇਤਿਹਾਸ ਅੰਦਰ ਜਮੀਨ, ਜਲ ਅਤੇ ਜੰਗਲ ਜਿਹੇ ਕੁਦਰਤੀ ਸ੍ਰੋਤਾਂ ਜਿਨ੍ਹਾਂ ਨੇ ਪੰਜਾਬ ਸੱਭਿਆਚਾਰ ਨੂੰ ਜਨਮ ਦਿੱਤਾ। ਹਰ ਕਲਾਂ ਅੰਦਰ ਚਾਹੇ ਉਹ ਧਾਰਮਿਕ ਚਿੰਨ੍ਹ ਹਨ, ਬੋਲੀ ਹੈ, ਸੰਗੀਤ ਹੈ,ਕਲਾ ਹੈ, ਗੀਤ-ਸੰਗੀਤ, ਚਿੱਤਰਕਲਾ, ਫੌਜੀ ਜੀਵਨ, ਖੇਡਾਂ, ਖੁਰਾਕ, ਪਹਿਰਾਵਾ, ਗੈਹਣੇ, ਆਦਿ ਸਨ ਦਾ ਇਤਿਹਾਸਕ ਪਿਛੋਕੜ ਅੱਜ ਲੋਕ-ਕਥਾਵਾਂ ਅੰਦਰ ਬੀਤੇ ਦੀਆਂ ਪ੍ਰੇਮ-ਕਥਾਵਾਂ ਦਾ ਇਕ ਪੰਜਾਬੀ ਵਿਰਸਾ ਬਣ ਗਿਆ ਹੈ।

ਪੰਜਾਬ ਅੰਦਰ ਲੋਕ ਕਥਾਵਾਂ ਜਿਹੜੀਆਂ ਕਬੀਲਾ ਯੁੱਗ ਤੋਂ ਲੈ ਕੇ ਮੌਜੂਦਾ ਪੂੰਜੀਵਾਦੀ ਯੁੱਗ ਤਕ ਪੁਜੀਆਂ ਜਿਨ੍ਹਾਂ ਦਾ ਪਿਛੋਕੜ ਕਬੀਲਿਆਂ ਅੰਦਰ ਜੰਗ, ਸਾਮੰਤਵਾਦੀ ਲੜਾਈਆਂ, ਆਲਮੀ ਜੰਗਾਂ ਸਨ ਇਨ੍ਹਾਂ ਦੇ ਵਰਗੀ ਸਬੰਧਾਂ ਨੇ ਹੀ ਪ੍ਰੇਮ-ਕਥਾਵਾਂ ਨੂੰ ਵੀ ਜਨਮ ਦਿੱਤਾ। ਸ਼ਾਇਦ ਇਸੇ ਕਰਕੇ ਹਰ ਮੋੜ ਅੰਦਰ ਵਾਪਰੀਆਂ ਘਟਨਾਵਾਂ ਨੇ, ਜਵਾਨ ਪਤੀ, ਪੁੱਤ, ਯੋਧੇ ਅਤੇ ਕਲਪਨਿਕ ਵਿਛੋੜੇ ਤੇ ਪ੍ਰੇਮ ਸਬੰਧਾਂ ਰਾਹੀ ਇਕ ਜਵਾਨ ਇਸਤਰੀ ਦੇ ਮਨ ਵਿੱਚੋਂ ਨਿਕਲੀ ਭਾਵਨਾ ਨੂੰ ਬਿਰਹਾਂ ਦੇ ਰੂਪ ਵਿੱਚ ਲੋਕ ਪਿਆਰ ਗੀਤਾਂ ਨੂੰ ਸਮੇਂ ਦੇ ਕਵੀਆਂ, ਗੀਤਕਾਰਾਂ ਤੇ ਕਿੱਸਾਂਕਾਰਾ ਨੇ ਜਨਮ ਦਿੱਤਾ। ਉਸ ਸਮੇਂ ਦੇ ਕਲਾਕਾਰਾਂ ਨੇ ਆਪਣੀ ਸੂਝ ਤੇ ਅੰਤਰ-ਮੁੱਖੀ ਹਲਾਤਾਂ ਅਨੁਸਾਰ ਆਪਣੀਆਂ ਰਚਨਾਵਾਂ ਅੰਦਰ ਪ੍ਰੇਮ-ਭਾਵਨਾ, ਦ੍ਰਿਸ਼ਾਂ, ਕੁਦਰਤੀ ਨਜ਼ਾਰਿਆਂ ਤੇ ਕੁਦਰਤ ਨੂੰ ਪੇਸ਼ ਕੀਤਾ। ਹੀਰਾਂ, ਸਾਹਿਬਾਂ, ਸੱਸੀਆਂ, ਲੇਲਾਂ, ਜ਼ੁਲੈਖਾਂ ਦੇ ਹੁਸਨ, ਨਿਜ਼ਾਕਤ, ਸ਼ਿੰਗਾਰ-ਰਸ ਨੂੰ, ਉਨ੍ਹਾਂ ਦੀ ਮੋਰਾਂ ਵਾਲੀ ਚਾਲ ਨੂੰ, ਨੱਚਦਿਆਂ-ਗਾਉਦਿਆਂ, ਛੱਪੜਾਂ, ਖੂਹਾਂ ਤੇ ਨਦੀਆਂ ਤੋਂ ਪਾਣੀ ਭਰਦਿਆਂ, ਚਰਖਾ ਕੱਤਦਿਆ, ਪਿਪਲਾ 'ਤੇ ਪੀਘਾਂ ਝੂਟਦਿਆ, ਹਾਰ-ਸ਼ਿੰਗਾਰ ਕਰਦੀਆਂ, ਦੰਦਾਸਾ ਮਲਦਿਆ, ਅੱਖਾਂ 'ਚ ਕਜਲਾ ਪਾਉਦਿਆਂ, ਸਾਗ ਤੋੜਦਿਆਂ, ਰੋਟੀ ਪਕਾਉਂਦਿਆਂ, ਮੱਖਣ ਕੱਢਦਿਆਂ, ਪਸ਼ੂਆਂ ਨੂੰ ਪੱਠੇ ਪਾਉਂਦਿਆਂ, ਵਿਆਹ ਸ਼ਾਦੀਆਂ ਤੇ ਖੁਸ਼ੀਆਂ ਗਮੀਆਂ 'ਤੇ ਢੁੱਕਦਿਆ, ਗਲ ਕੀ ? ਜਿੰਦਗੀ ਦੇ ਹਰ ਪਲ ਦੇ ਵਾਕਿਆਤ ਨੂੰ ਪੇਸ਼ ਕੀਤਾ। ਰੋਸੇ, ਗੁੱਸੇ ਤੇ ਨਜ਼ਾਕਤਾਂ ਨੂੰ ਸਭ ਕਿਸਾਕਾਰਾਂ, ਲਿਖਾਰੀਆਂ ਅਤੇ ਕਥਾਕਾਰਾਂ ਨੇ ਇਨ੍ਹਾਂ ਪ੍ਰੇਮ-ਕਹਾਣੀਆਂ ਅੰਦਰ ਪੇਸ਼ ਕੀਤੀ ਵਿਧਾ ਰਾਹੀਂ ਇਸਤਰੀ ਨੂੰ ਕਹਾਣੀਆਂ ਦੀ ਪਾਤਰ ਜਾਂ ਅਲੌਕਿਕ ਸੁੰਦਰ ਮੁਟਿਆਰਾਂ ਵੱਜੋ ਨਹੀਂ ਅਤੇ ਨਾ ਹੀ ਵੇਸਵਾ ਜਾਂ ਆਮ ਮੁਜਰਾ ਕਰਨ ਵਾਲੀਆਂ ਦੇ ਰੂਪ ਵਿੱਚ ਪੇਸ਼ ਕੀਤਾ ਹੈ।ਸਗੋਂ 'ਤੇ ਸਗੋਂ ਇਨ੍ਹਾਂ ਪਿਆਰ-ਕਹਾਣੀਆ ਅੰਦਰ ਇਸਤਰੀ ਦਾ ਇਕ ਚਰਿਤਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਸਹਿਜ਼ ਤੇ ਆਮ ਹੈ।

''ਚੰਨ ਗੋਰੀਆਂ ਰੰਨਾਂ ਨੂੰ ਵੇਖੇ, ਸੂਰਜ ਤਪ ਕਰਦਾ।''

ਪੰਜਾਬੀਆਂ ਨੂੰ ਸਦਾ ਹੀ ਵਿਦੇਸ਼ੀ ਹਮਲਾਵਰਾਂ ਨਾਲ ਜੂਝਣਾ ਪਿਆ ਹੈ। ਦੇਸ਼ ਪ੍ਰੇਮ ਅਤੇ ਕੁਰਬਾਨੀ ਉਨ੍ਹਾਂ ਦੇ ਜੀਵਨ ਦਾ ਇਕ ਹਿੱਸਾ ਹੈ। ਪਰ ਦੂਸਰੇ ਪਾਸੇ ਪਿਆਰ ਦਾ ਦਰਿਆ ਵੀ ਠਾਠਾ ਮਾਰਦਾ ਹੈ। ਕੁਰਬਾਨੀ ਅਤੇ ਪਿਆਰ ਦੋਨੇ ਪੰਜਾਬੀਆਂ ਅੰਦਰ ਅਮਰ ਹਨ। 8-ਵੀਂ ਸਦੀ ਵੇਲੇ ਪਨਪੇ ਸੂਫ਼ੀਅਵਾਦ ਨੇ ਪੰਜ-ਦਰਿਆਵਾਂ ਦੇ ਕੰਢਿਆ ਅਤੇ ਪਾਲਿਆ ਉਪਰ ਉਸਾਰੀਆਂ ਮਸਜਿਦਾਂ ਤੇ ਤਨਖਾਹਾਂ ਦੀ ਥਾਂ ਆਪਣੇ ਦਿਲਾਂ ਅੰਦਰ ਪਿਆਰ-ਮੁਹੱਬਤ ਨੂੰ ਰੱਬ ਦਾ ਘਰ ਬਣਾਇਆ।

''ਰਾਂਝਾ-ਰਾਂਝਾ ਕਰਦੀ ਨੀ ਮੈ ਆਪੇ ਰਾਂਝਾ ਹੋਈ (ਬੁਲ੍ਹੇਸ਼ਾਹ),
ਕਾਲੀ ਕੋਇਲ ਤੂੰ ਕਿਤ ਗੁਨ ਕਾਲੀ'' (ਫਰੀਦ ਜੀ)

ਇਸ ਤਰ੍ਹਾਂ ਪਿਆਰ ਨੂੰ ਰੱਬ ਦੀ ਪੂਜਾ ਦੇ ਬਰਾਬਰ ਰੁਤਬਾ ਦੇ ਕੇ ਦੁਪਾਸੜ ਬਣਾ ਦਿੱਤਾ।

ਪੰਜਾਬੀ ਸੱਭਿਆਚਾਰ ਅੰਦਰ ਜਦੋਂ ਤੱਕ ਜੀਵਨ ਅਤੇ ਯਦਾਰਥ ਦਾ ਮੇਲ ਹੈ, ਪ੍ਰੇਮ-ਕਹਾਣੀਆਂ ਅੰਦਰ ਕਾਵਿਤਾ ਦੀ ਹਕੀਕਤ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ ਹੈ, ਭਾਵੇਂ ਕਵਿਤਾ ਇਸ਼ਕ ਨੂੰ ਸ਼ਰਧਾਂਜਲੀ ਹੀ ਦੇ ਰਹੀ ਹੋਵੇ।ਹਕੀਕਤ ਦੇਖੋ: ''ਗੋਰੀ ਨਹਾ ਕੇ ਛੱਪੜ ਚੋਂ ਨਿਕਲੀ, ਸੁਲਫੇ ਦੀ ਲਾਟ ਵਰਗੀ।'' ਭਾਵ ਉਸਦਾ ਚਿਤਰਣ ਅਸਮਾਨ ਤੋਂ ਉਤਰੀ ਅਪਸਰਾ ਜਾਂ ਪਰੀਆਂ ਵਰਗਾ ਨਹੀਂ ਜਿਹੜੀ ਮਾਨ ਸਰੋਵਰ ਝੀਲ ਵਿੱਚੋ ਨਹਾ ਕੇ ਆਈ।ਸਗੋਂ ਉਸ ਦਾ ਚਿਤਰਨ ਆਮ ਧਰਤੀ 'ਤੇ ਵਿਚਰ ਰਹੀਆਂ ਇਸਤਰੀਆਂ ਵਰਗਾ ਹੈ। ਪੰਜਾਬ ਅੰਦਰ ਸਦੀਆਂ ਤੋਂ ਹੀਰਾਂ, ਸੋਹਣੀਆਂ, ਸਾਹਿਬਾਂ, ਸੱਸੀਆਂ ਆਦਿ 'ਤੇ ਪ੍ਰੇਮ ਵਿੱਚ ਕੁਰਬਾਨ ਹੋਈਆਂ ਹੋਰ ਕਈ ਸੁੰਦਰ ਮੁਟਿਆਰਾਂ ਦੀਆਂ ਪਿਆਰ ਕਹਾਣੀਆਂ ਪੀੜੀ ਦਰ ਪੀੜੀ ਸੁਣਾਈਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਦੀ ਮਿੱਠੀ ਯਾਦ ਇਸ ਲਈ ਅਮਰ ਹੈ, 'ਕਿ ਉਹ ਪਿਆਰ ਲਈ ਕੁਰਬਾਨ ਹੋਈਆਂ ! ਉਹ ਇਸ ਲਈ ਨਹੀਂ,'ਕਿ ਉਨ੍ਹਾਂ ਦੇ ਪ੍ਰੇਮੀ ਪਿਆਰ ਖਾਤਰ ਕੁਰਬਾਨ ਹੋਏ। ਇਨ੍ਹਾਂ ਪਿਆਰ ਰੱਤੀਆ ਨੌਜਵਾਨ ਸੁੰਦਰੀਆਂ ਨੇ ਇਸ ਸਮਾਜ ਦੇ ਬੰਧਨਾਂ ਨੂੰ ਚੂਰ-ਚੂਰ ਕਰਨ ਲਈ ਟੱਕਰਲਈ। ਕਿਉਂਕਿ ਉਨ੍ਹਾਂ ਦਾ ਪਿਆਰ ਹੀ ਉਨ੍ਹਾਂ ਲਈ ਸਭ ਕੁਝ ਸੀ। ਆਪਣੇ ਇਸ਼ਟ ਦੀ ਖਾਤਰ ਹੀ ਉਨ੍ਹਾਂ ਨੇ ਆਪਣੇ ਸਰੀਰ ਜਾਂ ਆਦਮਾਂ ਦੇ ਕਸ਼ਟਾਂ ਦੀ ਪਰਵਾਹ ਨਾ ਕਰਦਿਆਂ ਜੀਵਨ ਦੀ ਅਹੂਤੀ ਦੇ ਦਿੱਤੀ।

ਹੀਰ ਰਚਿਤ ਵਾਰਸ ਸ਼ਾਹ ਦੀ ਕਾਵਿ ਰਚਨਾ ਦੀਆਂ ਜੜ੍ਹਾਂ ਇਸ ਫਲਸਫੇ ਨਾਲ ਜੁੜੀਆਂ ਹੋਈਆਂ ਹਨ ਕਿ ਦੁਨੀਆਂ ਇਸ਼ਕ ਤੇ ਕਾਇਮ ਹੈ।

''ਅਵਲ ਹਮਦ ਖੁਦਾ ਦਾ ਵਿਰਦ ਕੀਜੇ, ਇਸ਼ਕ ਕੀਤਾ ਹੈ ਜੱਗ ਦਾ ਮੂਲ ਮੀਆਂ।''

ਕਿਸਾਕਾਰੀ ਦੇ ਇਸ ਵਿਸ਼ਵਾਸ਼ ਨੇ ਹੀ ਪੰਜਾਬ ਅੰਦਰ ਇਸਤਰੀ ਨੂੰ ਰੌਮਾਂਚ ਵਾਲੀ ਆਤਮਾ ਦਿੱਤੀ। ਇਸਤਰੀ ਸੱਚ ਕਹਿਣ ਅਤੇ ਸੱਚ ਤੇ ਪੈਹਰਾ ਦੇਣ ਦਾ ਹੌਸਲਾ ਕਰਦੀ ਹੈ। ਇਸ ਲਈ ਇਹ ਵੀ ਕੁਦਰਤੀ ਹੈ,'ਕਿ ਸਾਨੂੰ ਅਜਿਹੀ ਕੋਈ ਇਸਤਰੀ ਨਾ ਦਿਸਦੀ ਹੋਵੇ ਜਿਹੜੀ ਪਿਆਰ ਲਈ ਘੁੱਟ-ਘੁੱਟ ਕੇ ਮਰ ਰਹੀ ਹੋਵੇ ਜਾਂ ਆਪਣਾ ਪਿਆਰ ਹਿੱਕ ਵਿੱਚ ਲੁਕੋਈ ਫਿਰਦੀ ਹੋਵੇ ? ਇਹੀ ਕਾਰਨ ਹੈ,'ਕਿ ਪਿਆਰ-ਕਹਾਣੀਆਂ ਦੀਆਂ ਸਾਰੀਆਂ ਇਸਤਰੀਆਂ ਹੌਸਲੇ ਵਾਲੀਆਂ ਅਤੇ ਗਤੀਸ਼ੀਲ ਚਰਿੱਤਰ ਵਾਲੀਆਂ ਹਨ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅੱਜ ਦੇ ਲੋਕ ਗੀਤਾਂ ਵਿੱਚ ਇਸਤਰੀਆਂ ਜੈਤੋ ਵਰਗੇ ਧਾਰਮਿਕ ਮੋਰਚਿਆ 'ਚ ਸ਼ਾਮਲ ਹੋਈਆ। ਕਵੀ ਨੂੰ ਇਸਤਰੀਆਂ ਨੂੰ ਤੀਰਥ ਯਾਤਰਾ ਜਾਂਦੀਆਂ ਦੇਖ ਸੱਸੀ ਤੇ ਸੋਹਣੀ ਦਾ ਚੇਤਾ ਆਉਂਦਾ ਹੈ।

''ਅੱਜ ਦੀਆਂ ਸੋਹਣੀਆਂ ਸੱਸੀਆਂ ਚੱਲੀਆ ਜੈਤੋ ਦੇ ਮੇਲੇ।''

ਕਿਸਾਨੀ ਮੋਰਚਿਆਂ ਵਿੱਚ ਸ਼ਮੂਲੀਅਤ ਇਸਤਰੀਆਂ ਦੀ ਨਿਡਰਤਾ ਦਾ ਸਬੂਤ ਹੈ।

ਪੰਜਾਬ ਦੀਆਂ ਪਿਆਰ ਕਥਾਵਾਂ ਅੰਦਰ ਜੋ ਲੋਕ ਮਕਬੂਲ ਹੋਈਆਂ ਕਹਾਣੀਆਂ ਉਨ੍ਹਾਂ ਵਿੱਚ ਹੀਰ, ਸੱਸੀ, ਸੋਹਣੀ, ਸਾਹਿਬਾਂ ਦੀਆਂ ਅਮਰ ਯਾਦਾਂ ਹਨ ਜੋ ਪੀੜ੍ਹੀ ਦਰ ਪੀੜ੍ਹੀ ਸੁਣਾਈਆਂ ਜਾਂਦੀਆਂ ਹਨ। ਇਹ ਉਨ੍ਹਾਂ ਦੀ ਨਿਡਰਤਾ, ਸਾਹਸ ਤੇ ਇਸ਼ਟ ਕਰਕੇ ਹੈ।

''ਹੀਰ''ਝੰਗ ਸਿਆਲ ਦੇ ਜਿਮੀਦਾਰ ਚੂਚਕ ਦੀ ਧੀ ਸੀ। ਰਾਂਝੇ ਦੇ ਮਰ ਮਿਟਣ ਤੋਂ ਪਹਿਲਾ ਉਸ ਨੇ ਸਾਬਤ ਕਰ ਦਿੱਤਾ ਸੀ, 'ਕਿ ਉਹ ਵੱਡੇ ਹੌਸਲੇ ਵਾਲੀ ਨੱਢੀ ਹੈ। ਪ੍ਰਚਲਤ ਕਹਾਣੀਆਂ ਅਨੁਸਾਰ ਸਾਂਬਲ ਸਰਕਾਰ ਨੂਰੇ ਨੇ ਇਕ ਸੁੰਦਰ ਬੇੜੀ ਬਣਵਾਈ ਸੀ, ਜਿਸ ਦਾ ਮਲਾਹ ਲੁੱਡਣ ਸੀ। ਨੂਰਾ ਦਾ ਨੌਕਰਾਂ ਪ੍ਰਤੀ ਵਤੀਰਾ ਬੜਾ ਅੱਖੜ ਸੀ। ਲੁੱਡਣ ਇਕ ਦਿਨ ਤੰਗ ਆ ਕੇ ਬੇੜੀ ਲੈ ਕੇ ਫਰਾਰ ਹੋ ਕੇ ਹੀਰ ਦੀ ਪਨਾਹ 'ਚ ਚਲਾ ਗਿਆ। ਇਸ ਘਟਨਾ ਤੋਂ ਨੂਰਾ ਬਹੁਤ ਔਖਾ ਹੋਇਆ। ਉਸ ਦੇ ਕਰੇਂਦੇ ਲੁੱਡਣ ਨੂੰ ਫੜਨ ਨਿਕਲੇ। ਉਥੇ ਹੀਰ ਤੇ ਉਸਦੀਆਂ ਸਹੇਲੀਆਂ ਦੀ ਨੂਰੇ ਨਾਲ ਟੱਕਰ ਹੋ ਗਈ ਤੇ ਉਸ ਨੂੰ ਭਜਾ ਦਿੱਤਾ। ਇਸ ਘਟਨਾ ਦਾ ਹੀਰ ਦੇ ਭਰਾਵਾਂ ਨੂੰ ਜਦੋਂ ਪਤਾ ਲੱਗਾ ਤੇ ਕਿਹਾ ਕਿ ਜੇਕਰ ਕੋਈ ਘਟਨਾ ਵਾਪਰ ਜਾਂਦੀ। ਹੀਰ ਦਾ ਉਤਰ ਸੀ ਮਦਤ ਦੀ ਤੁਹਾਨੂੰ ਸੱਦਣ ਲਈ ਕੀ ਲੋੜ ਸੀ? ਤੇ ਕਿਹਾੜਾ ਅਕਬਰ ਬਾਦਸ਼ਾਹ ਚੜ੍ਹਾਈ ਕਰਨ ਆਇਆ ਸੀ। ਇਹੋ ਹੀਰ ਸੀ ਜਿਸ ਨੇ ਰਾਂਝੇ ਦੇ ਇਸ਼ਕ ਵਿੱਚ ਆਪਾ ਵਾਰ ਦਿੱਤਾ ਤੇ ਕੂਕ ਉਠੀ ਸੀ,

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ, ਆਖੋ ਨੀਂ ਮੈਨੂੰ ਧੀਦੋ ਰਾਂਝਾ ਹੀਰ ਆਖੇ ਕੋਈ।

ਜਦੋਂ ਹੀਰ ਦਾ ਵਿਆਹ ਉਸ ਦੇ ਮਾਪਿਆ ਨੇ ਉਸ ਦ ਮਰਜ਼ੀ ਵਿਰੁਧ ਖੇੜਿਆ ਨਾਲ ਕਰਨ ਦਾ ਫੈਸਲਾ ਕੀਤਾ ਤਾਂ ਇਹੋ ਹੀਰ ਕਾਜ਼ੀ ਨੂੰ ਨਿਕਾਹ ਕਰਾਉਣ ਵਿਰੁਧ ਚੁਣੌਤੀ ਦਿੰਦੀ ਬੋਲਦੀ ਹੈ: ਮੇਰਾ ਵਿਆਹ ਤਾਂ ਨਬੀ ਕਰੀਬ ਦੀ ਹਾਜ਼ਰੀ ਵਿੱਚ ਪਹਿਲੇ ਦਿਨ ਹੀ ਹੋ ਗਿਆ ਸੀ। ਤੈਨੂੰ ਪਹਿਲਾ ਹੋ ਚੁੱਕੇ ਨਿਕਾਹ ਨੂੰ ਰੱਦ ਕਰਕੇ ਦੂਜਾ ਨਿਕਾਹ ਪੜ੍ਹਾਉਣ ਦੀ ਆਗਿਆ ਕਿਸ ਨੇ ਦਿੱਤੀ ਹੈ ? ਸਮਾਜਕ ਦੁਖਾਂਤ ਇਹ ਹੈ ਕਿ ਤੇਰੇ ਵਰਗੇ ਈਮਾਨ ਦੇ ਰਾਖੇ ਵੱਢੀ ਖਾਕੇ ਆਪਣਾ ਈਮਾਨ ਤੇ ਦੀਨ ਵੇਚਦੇ ਹਨ। ਹੀਰ ਆਪਣੀ ਦ੍ਰਿੜਤਾ ਪ੍ਰਗਟ ਕਰਦੀ ਹੈ,

'ਵਾਰਸ਼ ਸ਼ਾਹ ਨਾ ਮੁੜਾਂ ਮੈਂ ਰਾਂਝਣੇ ਤੋਂ, ਭਾਵੇ ਬਾਪ ਦੇ ਬਾਪ ਦਾ ਬਾਪ ਆਵੇ !'

ਹੀਰ ਦਾ ਨਿਕਾਹ ਖੇੜਿਆ ਦੇ ਸੈਦੇ ਨਾਲ ਕਰ ਦਿੱਤਾ ਜਾਂਦਾ ਹੈ।ਪਰ ਉਹ ਰਾਂਝੇ ਨੂੰ ਭੁਲਦੀ ਨਹੀਂ। ਰਾਂਝਾ ਯੋਗੀ ਬਣ ਕੇ ਉਸਦੇ ਸਹੁਰੇ ਪਿੰਡ ਆ ਜਾਂਦਾ ਹੈ। ਦੋਵੇ ਪ੍ਰੇਮੀ ਇਕ ਕਹਾਵਤ ਅਨੁਸਾਰ ਗਾਇਬ ਹੋ ਜਾਂਦੇ ਹਨ। ਜਦੋਂ ਮਾਪਿਆ ਨੂੰ ਪਤਾ ਲੱਗਦਾ ਹੈ ਤਾਂ ਉਹ ਪਛਤਾਉਂਦੇ ਹਨ ਤੇ ਹੀਰ ਨੂੰ ਰਾਂਝੇ ਨਾਲ ਤੋਰਨ ਦਾ ਇਕਰਾਰ ਕਰਦੇ ਹਨ। ਪਰ ਇਕ ਧੋਖੇ ਰਾਹੀ ਉਸ ਨੂੰ ਜ਼ਹਿਰ ਦੇ ਦਿੱਤਾ ਜਾਂਦਾ ਹੈ। ਭਾਵੇ ਇਸ ਪਿਆਰ ਗਾਥਾ ਅੰਦਰ ਹੀਰ ਤੇ ਰਾਂਝਾ ਆਪਣਾ ਘਰ ਨਹੀਂ ਵਸਾ ਸਕਦੇ। ਪਰ ਲੋਕ ਗੀਤਾਂ ਵਿੱਚ ਹੀਰ ਤੇ ਰਾਂਝੇ ਨੂੰ ਰਾਜ਼ੀ ਖੁਸ਼ੀ ਇਕ ਦੰਪਤੀ ਜੀਵਨ ਬਿਤਾਦਿਆਂ ਦਰਸਾਇਆ ਜਾਂਦਾ ਹੈ। ਜਦੋਂ ਵੀ ਕੋਈ ਪਿਆਰ ਦੀ ਖਾਤਰ ਸਮਾਜ ਨਾਲ ਟੱਕਰ ਲੈ ਕੇ ਮੁਸ਼ਕਿਲਾਂ ਦਾ ਟਾਕਰਾ ਕਰਦਾ ਹੈ ਤਾਂ ਇਹ ਲੋਕ ਚਰਚਾ ਸਾਹਮਣੇ ਆਉਂਦੀ ਹੈ।

''ਚਲ ਸਖੀਏ ਰਲ ਵੇਖਣ ਚਲੀਏ ਰਾਂਝਣ ਦਾ ਚੁਬਾਰਾ, ਹੀਰ ਵਿਚਾਰੀ ਇੱਟਾਂ ਢੋਏ ਰਾਂਝਾ ਢੋਏ ਗਾਰਾ''

ਹੀਰ ਦੀ ਦ੍ਰਿੜਤਾ ਤੇ ਬਲੀਦਾਨ ਸਦਕਾ ਇਹ ਪਿਆਰ ਕਹਾਣੀ ਪੰਜਾਬ ਦੀ ਧਾਰਮਿਕ ਕਵਿਤਾ ਵਰਗੇ ਆਦਰ ਪੂਰਣ ਦਰਜੇ ਤੇ ਪਹੁੰਚੀ ਹੋਈ ਹੈ। ਹੀਰ ਇਕ ਮੁਸਲਮਾਨ ਇਸਤਰੀ ਸੀ, ਪਰ ਫਿਰ ਵੀ ਜਦੋਂ ਵੀ ਹੀਰ ਵਰਗੇ ਕਿਸੇ ਗੈਰ ਮੁਸਲਮਾਨ ਕੁੜੀ ਦੇ ਵਿਆਹ ਦੀ ਗਲ ਚਲਦੀ ਹੈ ਤਾਂ ਹੀਰ ਦੀ ਕਹਾਣੀ ਦਾ ਜ਼ਿਕਰ ਸੁੱਤੇ-ਸਿੱਧ ਆ ਜਾਂਦਾ ਹੈ,'ਪੰਡਤ ਜੀ ਆਉ ਪੜ ਦਿਉ ਮੰਤਰ, ਕਰ ਦਿਉ ਫੇਰੇ ਹੀਰ ਦੇ।' ਸਮਾਜ ਅੰਦਰ ਅਸੀਂ ਭੁੱਲ ਜਾਂਦੇ ਹਾਂ ਕਿ ਹੀਰ ਦੇ ਨਿਕਾਹ ਲਈ ਕਾਜੀ ਸੀ, ਪੰਡਤ ਨਹੀਂ। ਪਰ ਪਿਆਰ ਗਾਥਾ ਵੱਲੋਂ ਪੈਦਾ ਕੀਤੇ ਰੌਮਾਂਸ ਦੇ ਜ਼ੋਰ ਦਾ ਇਹ ਸ਼ਿਖਰ ਹੈ ਤੇ ਸੰਸਾਰ ਦੇ ਸਾਰੇ ਧਰਮ ਇਹ ਪਿਆਰ ਅੱਗੇ ਸਿਜ਼ਦਾ ਕਰਦੇ ਹਨ।

ਸੋਹਣੀ ਝਨਾ ਦਰਿਆ ਦੇ ਕੰਢੇ ਵੱਸਦੇ ਸ਼ਹਿਰ ਗੁਜਰਾਤ ਦੇ ਇਕ ਤੁਲੇ ਘੁਮਿਆਰ ਦੀ ਧੀ ਸੀ। ਉਹ ਸੋਹਣੀ, ਨਾ ਸੋਹਣੀ ਤੇ ਗੁਣਾਂ ਪੱਖੋ ਵੀ ਸੋਹਣੀ ਸੀ। ਆਪਣੇ ਜੱਦੀ ਪੁਸ਼ਤੀ ਕੰਮ ਭਾਂਡੇ ਬਣਾਉਣ, ਚੱਕ ਤੇ ਬਣਦੀਆਂ ਮਿੱਟੀ ਦੀਆਂ ਸੁਰਾਹੀਆਂ ਅਤੇ ਹੋਰ ਭਾਂਡਿਆਂ ਤੇ ਉਹ ਫੁੱਲ-ਬੂਟੇ ਬਣਾ ਕੇ ਮਿੱਟੀ ਦੇ ਭਾਂਡਿਆਂ 'ਚ ਜਾਨ ਭਰਨ ਦੀ ਕਲਾਤਮਕ ਮਾਹਿਰ ਸੀ। ਇਕ ਵਾਰ ਬਲਖ ਬੁਖਾਰੇ ਦਾ ਅਮੀਰ ਸੌਦਾਗਰ ''ਬੇ-ਵਪਾਰ'' ਲਈ ਹਿੰਦੂਸਤਾਨ ਆਇਆ ਤੇ ਸੋਹਣੀ ਨੂੰ ਤਕ ਕੇ ਮਨ-ਮੁਗਧ ਹੋ ਗਿਆ। ਉਹ ਇਥੋ ਦਾ ਹੀ ਹੋ ਗਿਆ। ਵਪਾਰ ਲਈ ਭਰੀਆਂ ਸੋਨੇ ਦੀਆਂ ਅਸ਼ਰਫ਼ੀਆਂ ਨਾਲ ਜੇਬਾਂ ਦੀ ਥਾਂ ਉਸ ਦਾ ਦਿਲ ਪਿਆਰ ਦਾ ਖਜ਼ਾਨਾ ਬਣ ਗਿਆ। ਸੋਹਣੀ ਦੇ ਦਿਦਾਰ ਕਰਨ ਦੀ ਖਾਤਰ ਉਹ ਹਰ ਰੋਜ਼ ਉਸ ਦੇ ਚੱਕ ਤੋਂ ਮਿੱਟੀ ਦੇ ਬਰਤਣ ਖਰੀਦਣ ਲਈ ਸੁਦਾਈ ਹੋ ਗਿਆ। ਸੋਹਣੀ ਵੀ ਉਸ ''ਬੇ'' ਨੂੰ ਦਿਲ ਦੇ ਬੈਠੀ। ਉਠ ਮਿੱਟੀ ਦੇ ਭਾਂਡਿਆਂ ਤੇ ਫੁੱਲ ਬੂਟੇ ਬਨਾਉਣ ਦੀ ਥਾਂ ਉਸ ਨੇ ਆਪਣੇ ਸੁਪਨਿਆਂ ਵਿੱਚ ਪਿਆਰ ਲਈ ਕਿਲੇ ਉਸਾਰਨੇ ਸ਼ੁਰੂ ਕਰ ਦਿੱਤੇ। ''ਬੇ'' ਨੇ ਆਪਣੇ ਸਾਥੀਆਂ ਨੂੰ ਬਲਖ ਬੁਖਾਰੇ ਵਾਪਸ ਭੇਜ ਦਿੱਤਾ ਤੇ ਆਪ ਤੁੱਲਾ ਘੁਮਿਆਰ ਦਾ ਨੌਕਰ ਬਣਕੇ ਮਹੀਆਂ ਚਾਰਨ ਦਾ ਕੰਮ ਵੀ ਕਰਦਾ ਤੇ ਮਹੀਂਵਾਲ ਬਣ ਗਿਆ।

ਸੋਹਣੀ ਤੇ ਮਹੀਂਵਾਲ ਦੇ ਪਿਆਰ ਦੀ ਚਰਚਾ ਲੋਕ ਵਿਸ਼ਾਂ ਬਣਨ 'ਤੇ ਉਸ ਦੇ ਮਾਪਿਆ ਨੇ ਚੁਪ ਚਪੀਤੇ ਸੋਹਣੀ ਦਾ ਵਿਆਹ ਘੁਮਿਆਰਾਂ ਦੇ ਇਕ ਲੜਕੇ ਨਾਲ ਤੈਅ ਕਰ ਦਿੱਤਾ। ਇਕ ਦਿਨ ਜਦੋਂ ਤੁੱਲਾ ਘੁਮਿਆਰ ਦੇ ਘਰ ਜੰਞ ਢੁੱਕ ਗਈ ਤੇ ਬੇ-ਬਸ ਸੋਹਣੀ ਬਹੁਤ ਗਮਗੀਨ ਡੋਲੀ ਚੜ੍ਹ ਗਈ। ਪਰ ਉਸ ਦੇ ਇਸ਼ਕ ਨੂੰ ਡੱਕਿਆ ਨਹੀਂ ਜਾ ਸੱਕਿਆ। ''ਬੇ'' ਨੇ ਸਭ ਕੁਝ ਛੱਡ ਦਿੱਤਾ ਤੇ ਦਰਿਆ ਝਨਾਂ ਦੇ ਕੰਢੇ ਇਕ ਕੁੱਲੀ ਪਾ ਕੇ ਫਕੀਰਾਂ ਵਾਂਗ ਰਹਿਣ ਲੱਗਾ। ਉਸ ਲਈ ਸੋਹਣੀ ਹੀ ਇਸ ਦੁਨੀਆਂ ਤੇ

**(ਬਾਕੀ ਅਗਲੇ ਸਫੇ 'ਤੇ)**

# ਸਾਹਿਤਕ ਖ਼ਜ਼ਾਨੇ ਨੂੰ ਮਾਲੋ-ਮਾਲ ਕਰਨ 'ਚ ਜੁਟੀ ਹੋਈ ਕਲਮ : ਕੁਲਵਿੰਦਰ ਕੌਰ ਮਹਿਕ



ਪ੍ਰੀਤਮ ਲੁਧਿਆਣਵੀ
9876428641

ਪੰਜਾਬੀ ਸਾਹਿਤ ਦੇ ਖ਼ਜਾਨੇ ਨੂੰ ਆਪਣੀ ਲਾ-ਜੁਵਾਬ ਕਲਮ ਨਾਲ ਮਾਲੋ-ਮਾਲ ਕਰਦਿਆਂ ਮੰਜ਼ਲਾਂ ਸਰ ਕਰਦੀ ਅੱਗੇ ਵਧ ਰਹੀ ਕੁਲਵਿੰਦਰ ਕੌਰ ਮਹਿਕ ਇਕ ਐਸੀ ਸੁਭਾਗੀ ਰੂਹ ਹੈ ਜਿਸ ਨੂੰ ਕਵਿੱਤਰੀ ਤੇ ਕਹਾਣੀਕਾਰਾ ਦੀ ਆਤਮਾ ਵਰਦਾਨ ਰੂਪ ਵਿਚ ਮਿਲੀ ਹੈ। ਕਵਿੱਤਰੀ, ਕਹਾਣੀਕਾਰਾ ਤੇ ਸਟੇਜ-ਸੰਚਾਲਕਾ ਆਦਿ ਬਹੁ-ਕਲਾਵਾਂ ਦਾ ਸੁਮੇਲ ਕੁਲਵਿੰਦਰ ਆਪਣੇ ਦੋ ਮੌਲਿਕ ਕਾਵਿ-ਸੰਗ੍ਰਹਿ, 'ਅੱਖਰਾਂ ਦੇ ਮੋਤੀ' ਅਤੇ 'ਅੱਖਰਾਂ ਦੀ ਮਾਲਾ' ਦੇ ਨਾਲ-ਨਾਲ ਦੋ ਮੌਲਿਕ ਕਹਾਣੀ-ਸੰਗ੍ਰਹਿ 'ਰੌਣਕੀ ਪਿੱਪਲ' ਤੇ 'ਯਾਦਾਂ ਦੇ ਕਾਫ਼ਲੇ' ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਉਣ ਉਪਰੰਤ ਪੰਜਵੀਂ ਕਾਵਿ ਪੁਸਤਕ ਰਿਲੀਜ਼ ਕਰਨ ਲਈ ਤਿਆਰ ਬੈਠੀ ਹੈ। ਦੇਸ਼-ਵਿਦੇਸ਼ ਦਾ ਪੰਜਾਬੀ ਦਾ ਸ਼ਾਇਦ ਹੀ ਕੋਈ ਐਸਾ ਪੇਪਰ ਜਾਂ ਮੈਗਜੀਨ ਬਚਿਆ ਹੋਵੇ ਜਿੱਥੇ ਤੱਕ ਉਸ ਦੀ ਕਲਮ ਦੀ ਸਿਰਜਣਾ ਨਾ ਪਹੁੰਚੀ ਹੋਵੇ। ਮੁਹਾਲੀ ਸ਼ਹਿਰ ਵਿਚ ਡੇਰੇ ਲਾ ਕੇ ਉਚੀਆਂ ਕਲਮੀ ਉਡਾਣਾਂ ਭਰ ਰਹੀ ਇਸ ਮੁਟਿਆਰ ਕਲਮਕਾਰਾ ਦੀਆਂ ਜਿੱਥੇ ਕਵਿਤਾਵਾਂ ਅਤੇ ਗੀਤ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਬੁਲੰਦ ਅਵਾਜ ਉਠਾਉਦੇ ਹਨ, ਉਥੇ ਉਸ ਦੀਆਂ ਕਹਾਣੀਆਂ ਵੀ ਸਮਾਜਿਕ ਕੁਰੀਤੀਆਂ ਦੀ ਵਿਰੋਧਤਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਦੀ ਸੰਭਾਲ ਦੇ ਵਿਸ਼ਿਆਂ ਦੁਆਲੇ ਹੀ ਘੁੰਮਦੀਆਂ ਹਨ। ਉਸ ਦੀ ਕਲਮ ਸਿਰਫ ਇਨਾਂ ਮੌਲਿਕ ਪੁਸਤਕਾਂ ਤੱਕ ਹੀ ਸੀਮਿਤ ਨਹੀ, ਬਲਕਿ 'ਕਲਮਾਂ ਦਾ ਸਫਰ' (ਕਾਵਿ-ਸੰਗ੍ਰਹਿ), 'ਜੋੜੀਆਂ ਜਗ ਥੋੜੀਆਂ' (ਕਹਾਣੀ-ਸੰਗ੍ਰਹਿ), 'ਹੋਕਾ ਕਲਮਾਂ ਦਾ' (ਕਾਵਿ-ਸੰਗ੍ਰਹਿ) ਅਤੇ 'ਰੰਗ-ਬਰੰਗੀਆਂ ਕਲਮਾਂ' (ਕਾਵਿ-ਸੰਗ੍ਰਹਿ) ਆਦਿ ਅੱਧੀ ਦਰਜਨ ਤੋਂ ਵੱਧ ਪ੍ਰਕਾਸ਼ਨਾਵਾਂ ਵਿਚ ਵੀ ਬੜੀ ਰੂਹ ਨਾਲ ਭਰਵੀਂ ਹਾਜ਼ਰੀ ਲਗਵਾ ਚੁੱਕੀ ਹੈ, ਉਹ। ਸੰਪਾਦਨਾ ਖੇਤਰ ਵਿਚ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ।) ਦੇ 254 ਕਲਮਾਂ ਦੇ ਕਾਵਿ-ਸੰਗ੍ਰਹਿ, 'ਕਲਮਾਂ ਦਾ ਸਫਰ', 267 ਕਲਮਾਂ ਦੇ ਕਾਵਿ-ਸੰਗ੍ਰਹਿ 'ਰੰਗ-ਬਰੰਗੀਆਂ ਕਲਮਾਂ' ਅਤੇ 906 ਕਲਾ-ਪ੍ਰੇਮੀਆਂ ਦੀ ਟੈਲੀਫੋਨ ਡਾਇਰੈਕਟਰੀ, 'ਵਿਰਸੇ ਦੇ ਪੁਜਾਰੀ' ਦੇ ਸੰਪਾਦਕੀ ਬੋਰਡ ਵਿਚ ਵੀ ਅਹਿਮ ਰੋਲ ਨਿਭਾਇਆ ਹੈ ਉਸ ਨੇ। ਇਸਤੋਂ ਇਲਾਵਾ ਇਸ ਸੰਸਥਾ ਦੇ ਮੀਤ ਪ੍ਰਧਾਨ ਦੀਆਂ ਜਿੰਮੇਵਾਰੀਆਂ ਵੀ ਉਹ ਸਫ਼ਲਤਾ ਪੂਰਵਕ ਨਿਭਾ ਰਹੀ ਹੈ ਅਤੇ ਸੰਸਥਾ ਨੂੰ ਅੱਗੇ ਲਿਜਾਣ ਵਿਚ ਹਰ ਪਲ, ਹਰ ਘੜੀ ਵਫ਼ਾਦਾਰ ਰਹਿੰਦੀ ਹੈ, ਉਹ।



ਮਹਿਕ ਦੀਆਂ ਸਮਾਜਿਕ, ਸਾਹਿਤਕ ਅਤੇ ਸੱਭਿਆਚਾਰਕ ਸੇਵਾਵਾਂ ਦੀ ਕਦਰ ਪਾਉਂਦਿਆਂ ਜਿੱਥੇ ਅਨੇਕਾਂ ਸੰਸਥਾਵਾਂ ਆਪੋ-ਆਪਣੇ ਢੰਗ-ਤਰੀਕੇ ਨਾਲ ਉਸ ਨੂੰ ਅਗਾਂਹ ਵਧਣ ਲਈ ਹੱਲਾ-ਸ਼ੇਰੀ ਦੇ ਚੁੱਕੀਆਂ ਹਨ, ਉਥੇ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ।) ਵੀ ਉਸਨੂੰ 'ਧੀ ਪੰਜਾਬ ਦੀ ਅਵਾਰਡ-2017', 'ਦਲੀਪ ਕੌਰ ਟਿਵਾਣਾ ਅਵਾਰਡ-2018' ਅਤੇ 'ਮਾਣ ਪੰਜਾਬ ਦਾ ਅਵਾਰਡ-2019' ਨਾਲ ਸਨਮਾਨਿਤ ਕਰ ਚੁੱਕੀ ਹੈ। ਇਕ ਮੁਲਾਕਾਤ ਦੌਰਾਨ ਮਹਿਕ ਨੇ ਕਿਹਾ, ''ਇਸ ਮੁਕਾਮ ਤੱਕ ਪਹੁੰਚਣ ਲਈ ਨਾ-ਸਿਰਫ ਮੈਂ ਆਪਣੇ ਜੀਵਨ-ਸਾਥੀ ਸ੍ਰ। ਅਵਤਾਰ ਸਿੰਘ ਪਾਲ ਅਤੇ ਸਮੁੱਚੇ 'ਪਾਲ-ਪਰਿਵਾਰ' ਦੇ ਨਾਲ-ਨਾਲ ਸੁਪ੍ਰਸਿੱਧ ਗੀਤਕਾਰ ਲਾਲ ਸਿੰਘ ਲਾਲੀ ਅਤੇ ਉਨਾਂ ਦੀ ਟੀਮ ਦੇ ਲਛਮਣ ਸਿੰਘ ਮੋਹੋ, ਬਲਵੰਤ ਸੱਲਣ, ਕਿਸ਼ਨ ਰਾਹੀ, ਸ਼ਮਸ਼ੇਰ ਸਿੰਘ ਪਾਲ, ਬਲਬੀਰ ਛਿੱਬਰ ਅਤੇ ਵਰਿੰਦਰ ਕੌਰ ਰੰਧਾਵਾ ਵਰਗੇ ਸੁਹਿਰਦ ਸਾਥੀਆਂ ਦੀ ਹੀ ਰਿਣੀ ਹਾਂ, ਬਲਕਿ ਆਪਣੇ ਵਿਭਾਗ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਥੀਆਂ-ਕਰਮਚਾਰੀਆਂ ਅਤੇ ਅਧਿਕਾਰੀਆਂ ਵੱਲੋਂ ਹੱਲਾ-ਸ਼ੇਰੀ, ਸਹਿਯੋਗ ਅਤੇ ਸੁਜੱਜੀ ਅਗਵਾਈ ਦੇ ਰੂਪ ਵਿਚ ਮਿਲ ਰਹੀ ਕਲਮੀ-ਊਰਜ਼ਾ ਲਈ ਉਨਾਂ ਦੀ ਵੀ ਦੇਣਦਾਰ ਹਾਂ।'' ਰੱਬ ਕਰੇ! ਸਿਦਕੀ, ਸਿਰੜੀ ਤੇ ਸੰਘਰਸ਼ਸ਼ੀਲ ਮੁਟਿਆਰ ਕੁਲਵਿੰਦਰ ਕੌਰ ਮਹਿਕ ਦੇ ਸੰਘਰਸ਼ ਭਰੇ ਸੁਪਨਿਆਂ ਨੂੰ ਭਰਵਾਂ ਬੂਰ ਪਵੇ! ਸਾਹਿਤਕ ਖਿੱਤੇ ਵਿਚ ਉਸਦਾ ਨਾਂ ਧਰੂ ਤਾਰੇ ਦੀ ਨਿਆਂਈਂ ਹੋਰ ਵੀ ਚਮਕ-ਦਮਕ ਉਠੇ, ਦਿਲੀ ਦੁਆਵਾਂ ਤੇ ਜੋਦੜੀਆਂ ਹਨ, ਓਸ ਅਕਾਲ-ਪੁਰਖ ਅੱਗੇ ਮੇਰੀਆਂ !

# ਪੰਜਾਬ ਦੀਆਂ ਪ੍ਰੇਮ ਕਥਾਵਾਂ/ ਪੰਜਾਬੀ ਸਾਹਿਤ ਨੂੰ ਦੇਣ

(ਸਫਾ 22 ਦੀ ਬਾਕੀ)

ਇਕ ਦਰਗਾਹ ਸਮਾਨ ਸੀ। ਉਸ ਨੇ ਸਭ ਕੁਝ ਆਪਣਾ ਦੇਸ਼,ਲੋਕ ਤੇ ਦੁਨੀਆਂ ਭੁਲਾ ਦਿੱਤੀ। ਰਾਤ ਦੇ ਹਨ੍ਹੇਰੇ ਦੀ ਆੜ ਵਿੱਚ ਜਦੋਂ ਸਾਰੀ ਦੁਨੀਆਂ ਸੁੱਤੀ ਹੁੰਦੀ ''ਬੇ'' ਝਨਾਂ ਤਰਕੇ ਸੋਹਣੀ ਨੂੰ ਮਿਲਣ ਆ ਜਾਂਦਾ। ਉਹ ਸੋਹਣੀ ਲਈ ਮੱਛੀ ਪਕਾ ਕੇ ਲਿਆਉਂਦਾ। ਇਕ ਦਿਨ ਜਦੋਂ ਮੱਛੀ ਨਾ ਮਿਲੀ ਤਾਂ ''ਬੇ'' ਨੇ ਆਪਣੇ ਪੱਟ ਦਾ ਮਾਸ ਤਲ ਕੇ ਸੋਹਣੀ ਨੂੰ ਦਿੱਤਾ। ਪਰ ਭੇਦ ਖੁਲ੍ਹਣ ਤੇ ਢਾਅ ਨਿਕਲ ਗਈ।

ਅਗਲੇ ਦਿਨ ਤੋਂ ਸੋਹਣੀ ਨੇ ਮਿੱਟੀ ਦੇ ਘੜੇ 'ਤੇ ਤੈਰ ਕੇ ਝਨਾਅ ਪਾਰ ਕਰਕੇ ਮਹੀਵਾਲ ਨੂੰ ਮਿਲਣਾ ਸ਼ੁਰੂ ਕਰ ਦਿੱਤਾ। ਦੋਨਾਂ ਦਾ ਪਿਆਰ ਫਿਰ ਜੱਗ ਜ਼ਾਹਰ ਹੋ ਗਿਆ। ਸੋਹਣੀ ਦੀ ਨਣਦ ਨੂੰ ਇਸ ਭੇਦ ਦਾ ਪਤਾ ਲੱਗਣ ਤੇ ਉਸ ਪੱਕਾ ਘੜਾ ਬਦਲਕੇ ਕੱਚਾ ਘੜਾ ਰੱਖ ਦਿੱਤਾ। ਅਗਲੀ ਰਾਤ ਜਦੋਂ ਸੋਹਣੀ ਦਰਿਆ ਪਾਰ ਕਰ ਰਹੀ ਸੀ ਤਾਂ ਘੜਾ ਖੁਰਨ ਕਰਕੇ ਡੁੱਬ ਗਈ। ਮਹੀਂਵਾਲ ਨੇ ਸੋਹਣੀ ਨੂੰ ਡੁੱਬਦਿਆ ਦੇਖਿਆ ਤਾਂ ਉਸ ਨੇ ਵੀ ਝਨਾਂ 'ਚ ਛਾਲ ਮਾਰ ਦਿੱਤੀ। ਸੋਹਣੀ ਦੀ ਪਿਆਰ ਕਹਾਣੀ ਪੰਜਾਬਣਾਂ ਦੀ ਦਾਦ ਦਿੰਦੀ ਹੈ।

''ਸੋਹਣੀ ਤਾਂ ਡੁੱਬ ਕੇ ਮਰ ਗਈ, ਪਰ ਉਸ ਦੀ ਆਤਮਾਂ ਤਰੇ ਦਰਿਆ।'' ਸਾਹਿਬਾਂ ਇਕ ਹੋਰ ਪਿਆਰ ਗੜੁੱਚੀ ਹੂਰ ਸੀ। ਕਵੀ ਪੀਹਲੂ ਕਹਿੰਦਾ ਹੈ ਕਿ ਸਾਹਿਬਾਂ ਏਨੀ ਸੁੰਦਰ ਸੀ ਕਿ ਜਦੋਂ ਉਹ ਲੱਕ ਦੁਆਲੇ ਲੁੰਗੀ ਬੰਨ੍ਹ ਕੇ ਨਿਕਲੀ ਤਾਂ ਉਸ ਦਾ ਹੁਸਨ ਦੇਖ ਕੇ ਰੱਬ ਆਪਣੇ ਸਾਹ ਗਿਣਨ ਲੱਗਾ। ਇਹ ਵੀ ਕਹਾਵਤ ਹੈ ਕਿ ਦੁਕਾਨਦਾਰ ਸਕਤੇ ਵਿੱਚ ਆ ਗਿਆ।

''ਸਾਹਿਬਾਂ ਗਈ ਤੇਲ ਨੂੰ ਗਈ ਪੰਸਾਰੀ ਦੀ ਹੱਟ, ਤੇਲ ਭੁਲਾਵੇ ਭੁੱਲਾ ਬਾਣੀਆ ਦਿਤਾ ਸ਼ਹਿਦ ਉਲਟ।''

ਇਸ ਬਹਾਦਰ ਤੇ ਹੁਸਨ ਦੀ ਮੂਰਤ ਸਾਹਿਬਾਂ ਨੂੰ ਮਾਪਿਆਂ ਨੇ ਜ਼ਬਰਦਸਤੀ ਉਸ ਦੀ ਮਰਜ਼ੀ ਦੇ ਵਿਰੁਧ ਆਪਣੇ ਆਸ਼ਕ ਮਿਰਜ਼ੇ ਨਾਲ ਨਿਕਾਹ ਕਰਨਾ ਨਾ ਚਾਹਿਆ ਤਾਂ ਉਸ ਨੇ ਮਿਰਜ਼ੇ ਦੇ ਪਿੰਡ ਦਾਨਾਬਾਦ ਸੁਨੇਹਾ ਭੇਜਿਆ। ਮਿਰਜ਼ਿਆ ਇਹ ਵੇਲਾ ਹੈ ਪਿਆਰ ਨਾਲ ਕੀਤੇ ਕੌਲ ਕਰਾਰ ਪੂਰੇ ਕਰਨ ਦਾ ਤੇ ਸੱਚੇ ਪਿਆਰ ਲਈ ਜਾਨ ਵਾਰਨ ਦਾ। ਮਿਰਜ਼ੇ ਦੀ ਬੱਗੀ ਘੋੜੀ ਤੇ ਪਿਛੇ ਬੈਠ ਕੇ ਦੋਨੋ ਭੱਜੇ ਤਾਂ ਦਾਨਾਬਾਦ ਦੇ ਰਾਹ ਜੰਡ ਹੇਠ ਆਰਾਮ ਕਰਦਿਆਂ ਉਨ੍ਹਾਂ 'ਤੇ ਸਾਹਿਬਾਂ ਦੇ ਭਰਵਾਂ ਨੇ ਹਮਲਾ ਕਰ ਦਿੱਤਾ। ਪਰ ਸਾਹਿਬਾਂ ਨੇ ਮਿਰਜ਼ੇ ਦੇ ਤੀਰਾਂ ਵਾਲਾ ਤਰਕਸ਼ ਨਕਾਰਾ ਕਰ ਦਿੱਤਾ ਤਾਂ ਕਿ ਮਰਜ਼ੇ ਦੇ ਨਿਸ਼ਾਨੇ ਹੇਠ ਉਸ ਦੇ ਭਰਾ ਆ ਕੇ ਨਾ ਮਾਰੇ ਜਾਣ ! ਪਰ ਉਨ੍ਹਾਂ ਨੇ ਮਿਰਜ਼ੇ ਨੂੰ ਕਤਲ ਕਰ ਦਿੱਤਾ ਤੇ ਸਾਹਿਬਾਂ ਨੇ ਵੀ ਆਪਣੇ ਆਸ਼ਕ ਨਾਲ ਲੜਦਿਆ ਜਾਨ ਦੇ ਦਿੱਤੀ। ਪਿਛੇ ਛੱਡ ਗਈ ਆਪਣੇ ਪਿਆਰ ਦੀ ਵਫਾ ਦਾ ਨਾਂ।

ਸੱਸੀ ਵੀ ਇਕ ਹੋਰ ਇਸ਼ਕ ਦੀ ਡੰਡੀ ਆਤਮਾ ਸੀ। ਉਹ ਭੰਬੋਰ ਦੇ ਰਾਜਾ ਆਦਮ ਖਾਂ ਦੀ ਧੀ ਸੀ। ਜੰਮਦਿਆ ਹੀ ਉਸ ਨੂੰ ਭਵਿੱਖ ਬਾਣੀ ਦੇ ਫੰਦਿਆਕਾਰਨ ਦਰਿਅ 'ਚ ਰੁੜ ਦਿੱਤਾ। ਜਿਥੇ ਇਕ ਧੋਬੀ ਨੇ ਰੁੜੀ ਜਾਂਦੀ ਫੜ੍ਹ ਕੇ ਪਾਲੀ। ਵੱਡੀ ਹੋ ਕੇ ਉਸ ਨੇ ਗਜ਼ਨੀ ਵਿਖੇ ਇਕ ਤਸਵੀਰ ਜੋ ਕੀਦਮ ਸ਼ਹਿਰ ਦੇ ਰਾਜੇ ਅਲੀਹੂਤ ਦੇ ਪੁੱਤਰ ''ਪੁਨੂੰ'' ਦੀ ਸੀ, ਉਸ ਦਾ ਪੁਨੂੰ ਨਾਲ ਅਥਾਹ ਪਿਆਰ ਹੋ ਗਿਆ। ਪੁਨੂੰ ਦੇ ਬਲੋਚੀ ਭਰਾਵਾਂ ਨੂੰ ਸੱਸੀ ਦਾ ਪੁਨੂੰ ਨਾਲ ਪਿਆਰ ਚੰਗਾ ਨਾ ਲੱਗਿਆ। ਕਿਸੇ ਆਨੇ-ਬਹਾਨੇ ਉਨ੍ਹਾਂ ਨੇ ਪੁਨੂੰ ਨੂੰ ਸੱਸੀ ਤੋਂ ਵੱਖ ਕਰ ਲਿਆ। ''ਸੱਸੀਏ ਬੇਖਬਰੇ ਤੇਰਾ ਲੁੱਟਿਆ ਸ਼ਹਿਰ ਭੰਬੋਰ।'' ਉਹ ਆਪਣੇ ਪਿਆਰ ਦੀ ਜੁਦਾਈ 'ਚ ਪਾਗਲ ਹੋ ਕੇ ਪੁਨੂੰ-ਪੁਨੂੰ ਕਰਦੀ ਮਾਰੂਥਲਾਂ 'ਚ 'ਕੀਦਮੇ' ਦੇ ਰਾਹ ਪੈ ਗਈ ਤੇ ਆਪਣੇ ਇਸ਼ਕ ਲਈ ਕੁਰਬਾਨ ਹੋ ਗਈ। ਭਾਵੇ ਇਹ ਪਿਆਰ ਕਹਾਣੀ ਪੰਜਾਬ ਦੀ ਨਹੀਂ ਪਰ ਇਹ ਪੰਜਾਬੀ ਬੋਲੀ 'ਚ ਪੂਰੀ ਤਰ੍ਹਾਂ ਜ਼ਜਬ ਹੋ ਗਈ ਹੈ। ਸੱਸੀ ਦਾ ਅੰਤ ਵੀ ਕੂਕਨੂਸ ਵਾਂਗ ਹੀ ਸੀ।

ਪੰਜਾਬ ਦੇ ਅਨੇਕਾਂ ਲੋਕ ਗੀਤਾਂ ਵਿੱਚ ਸੱਸੀ-ਪੁਨੂੰ ਦੇ ਪਿਆਰ ਦੀ ਕਹਾਣੀ, ਹੀਰ ਰਾਂਝੇ ਦੇ ਨਿਡਰ ਇਸ਼ਕ ਗਾਥਾ, ਸੋਹਣੀ-ਮਹੀਵਾਲ ਦਾ ਅਨੂਠਾ ਪਿਆਰ ਅਤੇ ਸਾਹਿਬਾਂ-ਮਿਰਜ਼ਾ ਦੇ ਪਿਆਰ ਦਾ ਦੁਖਾਂਤ ਜਿਥੇ ਇਹ ਉਨ੍ਹਾਂ ਦੀ ਦ੍ਰਿੜਤਾ ਦੀ ਓੜਕ ਹੈ, ਉਥੇ ਇਹ ਪੰਜਾਬ ਦੀ ਧਰਤੀ ਨੂੰ ਪਿਆਰ ਦੀ ਬਖਸ਼ਿਸ਼ ਵੀ ਹੈ। ਕਿਉਂਕਿ ਉਨ੍ਹਾਂ ਦਾ ਇਸ਼ਕ ਹਕੀਕੀ ਸੀ ਤੇ ਪ੍ਰੇਮ ਦਾ ਰੁਤਬਾ ਅਮਰ ਸੀ ! ਉਹ ਅਧਿਆਤਮਕ ਤੌਰ ਤੇ ਉਚ ਦਰਜੇ ਦੇ ਪਾਕ ਵੀ ਸਨ। ਪਰ ਸਾਮੰਤੀ ਸਮਾਜ ਦੀਆਂ ਝੂਠੀਆਂ ਇਖਲਾਕੀ ਕਦਰਾਂ-ਕੀਮਤਾਂ ਹੀਰ ਨੂੰ ਜ਼ਹਿਰ ਦੇਣੀ, ਦੂਸਰੇ ਪਾਸੇ ਨੈਤਿਕ ਤੌਰ ਤੇ ਉਸ ਦੀ ਮਜਾਰ 'ਤੇ ਦੀਵੇ ਬਾਲਣੇ ਦੋਹਰੀ ਮਿਆਰ ਦੇ ਲੱਗਦੇ ਹਨ।

ਜਉ ਤਉ ਪ੍ਰੇਮ ਖੇਲਣ ਦਾ ਚਾਉ। ਸਿਰ ਧਿਰ ਤਲੀ ਗਲੀ ਮੇਰੀ ਆਉ (ਗੁਰੂ ਗ੍ਰੰਥ ਸਾਹਿਬ-1412) ਪਰ ਪਿਆਰ ਖਾਤਰ ਉਹ ਕੁਰਬਾਨ ਹੋ ਗਈਆਂ।



# ਸਿੱਖਿਆ ਸ਼ਾਸਤਰੀਆਂ ਅਤੇ ਉਘੀਆਂ ਸ਼ਖਸੀਅਤਾਂ ਵੱਲੋਂ ਡਾ. ਰੌਣਕੀ ਰਾਮ ਜੀ ਦੀ ਮਾਤਾ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਸਾਡੇ ਬਹੁਤ ਹੀ ਸਤਿਕਾਰਯੋਗ ਡਾ. ਰੌਣਕੀ ਰਾਮ ਜੀ ਦੇ ਮਾਤਾ ਜੀ ਜੋ 12 ਨਵੰਬਰ 2016 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਬਰਸੀ ਮੌਕੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਉਹਨਾਂ ਦੀ ਯਾਦ ਵਿਚ ਉਸ ਵਕਤ ਸ਼ਰਧਾਂਜਲੀ ਦੇ ਦੋ ਪੰਨੇ**























**ਡਾ. ਜਸਵੰਤ ਰਾਏ ਸਾਹਰੀ–**

ਮਾਤਾ ਸ਼ਾਂਤੀ ਦੇਵੀ ਨੇ 12 ਨਵੰਬਰ ਦੇ ਤੜਕਸਾਰ ਆਪਣੇ ਆਖਰੀ ਸਾਹ ਲਏ। ਅੱਜ ਆਪਾਂ ਸਾਰੇ ਉਨ੍ਹਾਂ ਨੂੰ ਭੋਗ ਤੇ ਅੰਤਿਮ ਸ਼ਰਧਾਂਜਲੀ ਦੇਣ ਵਾਸਤੇ ਆਏ ਹਾਂ। ਜਦੋਂ ਅਸੀਂ ਡਾ. ਰੌਣਕੀ ਰਾਮ ਤੇ ਉਹਨਾਂ ਦੇ ਪਰਿਵਾਰ ਦੀਆਂ ਪ੍ਰਾਪਤੀਆਂ ਤੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਉਹਨਾਂ ਨੂੰ ਇਕ ਸਮਰੱਥ ਅਧਿਆਪਕਾ ਦਾ ਆਸ਼ੀਰਵਾਦ ਮਿਲਿਆ ਹੈ। ਸਾਡੀ ਸਾਰਿਆਂ ਦੀ ਪਹਿਲੀ ਅਧਿਆਪਕਾ ਸਾਡੀ ਮਾਂ ਹੈ। ਜੇਕਰ ਮਾਂ ਪੜ੍ਹੀ-ਲਿਖੀ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲਾ ਕੰਮ ਹੋ ਜਾਂਦਾ ਹੈ।

ਮਾਤਾ ਸ਼ਾਂਤੀ ਦੇਵੀ ਦਾ ਜਨਮ ਵੀਹਵੀਂ ਸਦੀ ਦੇ ਤੀਜੇ ਦਹਾਕੇ ਪਾਕਿਸਤਾਨ ਦੇ ਸ਼ਹਿਰ ਲਾਇਲਪੁਰ ਉਸ ਸਮੇਂ ਹੋਇਆ ਜਦੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਤੇ ਉਹਨਾਂ ਦੇ ਸਾਥੀ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਜੱਦੋ ਜਹਿਦ ਕਰ ਰਹੇ ਸਨ। ਮਾਤਾ ਜੀ ਨੇ 1947 ਈ. ਵਿਚ ਲਾਇਲਪੁਰ ਤੋਂ ਮੈਟ੍ਰਿਕ ਕੀਤੀ। ਸੰਤਾਲੀ ਦੇ ਸੰਤਾਪ ਦਾ ਦਰਦ ਹੰਡੀਂ ਹੰਢਾਇਆ ਤੇ ਵੰਡ ਵਡਾਈਏ ਸਮੇਂ ਪਾਕਿਸਤਾਨ ਤੋਂ ਉੱਠ ਕੇ ਮਾਹਿਲਪੁਰ ਨਜ਼ਦੀਕ ਪਿੰਡ ਕਾਲੇਵਾਲ ਭਗਤਾਂ ਪੇਕੇ ਪਿੰਡ ਆ ਗਏ। ਸੰਤਾਲੀ ਵਿਚ ਹੀ ਉਹਨਾਂ ਦੀ ਸ਼ਾਦੀ ਸ੍ਰੀ ਹਰਮੇਸ਼ ਲਾਲ ਨਾਲ ਹੋ ਗਈ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮਾਤਾ ਸ਼ਾਂਤੀ ਦੇਵੀ ਸੰਤਾਲੀ ਵਿਚ ਮੈਟ੍ਰਿਕ ਕਰਨ ਵਾਲੀ ਸਾਡੇ ਪਿੰਡ ਦੀ ਪਹਿਲੀ ਬਹੂ ਹੋਵੇਗੀ। ਦੋ ਸਪੁੱਤਰੀਆਂ ਜਿਹਨਾਂ ਵਿਚੋਂ ਇਕ ਅਠਾਹਟ ਵਰ੍ਹੇ ਦੀ ਉਮਰ ਵਿਚ ਪਹਿਲਾਂ ਹੀ ਰੁਖਸਤ ਹੋ ਚੁੱਕੇ ਹਨ ਅਤੇ ਚਾਰ ਸਪੁੱਤਰਾਂ ਡਾ. ਰੌਣਕੀ ਰਾਮ, ਅਸ਼ਵਨੀ ਕੁਮਾਰ, ਭਾਰਤ ਲਾਲ ਤੇ ਸ਼ਾਹ ਬਾਦਸ਼ਾਹ ਵਿਚੋਂ ਛੋਟੇ ਸਪੁੱਤਰ ਸ਼ਾਹ ਬਾਦਸ਼ਾਹ 2008 ਵਿਚ ਹੀ ਪ੍ਰਮਾਤਮਾ ਦੀ ਗੋਦ 'ਚ ਜਾ ਬਿਰਾਜੇ ਹਨ। ਪਤੀ ਸਵਰਗੀ ਹਰਮੇਸ਼ ਲਾਲ ਹੁਰਾਂ ਨੂੰ ਵੀ ਗਿਆਂ ਦੋ ਦਹਾਕੇ ਤੋਂ ਵਧੇਰੇ ਦਾ ਸਮਾਂ ਹੋ ਚੁੱਕਾ ਹੈ। ਇੰਨੇ ਦੁਖਾਂਤ ਵਿਚੋਂ ਲੰਘਦਿਆਂ ਵੀ ਮਾਤਾ ਜੀ ਨੇ ਸਾਰੇ ਘਰ ਬਾਰ ਨੂੰ ਪਿਆਰ ਨਾਲ ਆਪਣੀ ਬੁੱਕਲ ਵਿਚ ਸਮੇਟੀ ਰੱਖਿਆ।

ਅੱਜ ਇਸ ਸ਼ਰਧਾਂਜਲੀ ਸਮਾਗਮ ਉਤੇ ਮੇਰੇ ਕੋਲ ਪਰਿਵਾਰ ਦੀ ਇਸ ਦੁੱਖ ਦੀ ਘੜੀ ਵਿਚ ਬਹੁਤ ਸਾਰੀਆਂ ਭਰਾਤਰੀ ਜਥੇਬੰਦੀਆਂ ਸਿੱਖਿਆ ਸੰਸਥਾਵਾਂ ਤੇ ਦੇਸ਼ਾਂ-ਵਿਦੇਸ਼ਾਂ ਤੋਂ ਸ਼ੋਕ ਸੰਦੇਸ਼ ਆਏ ਹਨ। ਜੇਕਰ ਮੈਂ ਇਹਨਾਂ ਨੂੰ ਪੜ੍ਹਨ ਲੱਗਾ ਤਾਂ ਸਮਾਂ ਵਧੇਰੇ ਲੱਗੇਗਾ। ਮੈਂ ਸਿਰਫ ਇਹਨਾਂ ਸੰਸਥਾਵਾਂ ਦੇ ਨਾਂ ਹੀ ਬੋਲਾਂਗਾ।

ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਸਭਾ ਰਜਿ. ਹੁਸ਼ਿਆਰਪੁਰ, ਸਾਹਿਤ ਸਭਾ ਮਾਹਿਲਪੁਰ, ਸਾਹਿਤ ਸਭਾ ਗੜ੍ਹਦੀਵਾਲਾ, ਦੁਆਬਾ ਲਿਖਾਰੀ ਸਭਾ ਗੜ੍ਹਸ਼ੰਕਰ, ਸਾਹਿਤ ਆਸ਼ਰਮ ਟਾਂਡਾ, ਪੰਜਾਬੀ ਸਾਹਿਤ ਸਭਾ ਤਲਵਾੜਾ, ਸੱਚ ਫਾਊਂਡੇਸ਼ਨ ਹੁਸ਼ਿਆਰਪੁਰ, ਗਜ਼ਟਿਡ ਅਤੇ ਨਾਨ ਗਜ਼ਟਿਡ ਐਸ. ਸੀ., ਬੀ. ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ, ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ ਅਬੋਹਰ, ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ ਕੈਂਪਸ ਅਬੋਹਰ, ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ, ਖਾਲਸਾ ਕਾਲਜ ਫਾਰ ਵੋਮੈਨ ਲੁਧਿਆਣਾ, ਪੰਜਾਬ ਯੂਨੀਵਰਸਿਟੀ ਕਾਲਜ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ਮੈਂ ਡਾ. ਕਰਮਜੀਤ ਸਿੰਘ ਸਾਬਕਾ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ, ਸਾਬਕਾ ਚੇਅਰਮੈਨ ਪੰਜਾਬੀ ਵਿਭਾਗ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਹੋਰਾਂ ਨੂੰ ਬੇਨਤੀ ਹੈ ਕਿ ਉਹ ਸ਼ਰਧਾਂਜਲੀ ਸ਼ਬਦ ਆਖਣ।

**ਡਾ. ਕਰਮਜੀਤ ਸਿੰਘ:–**

ਡਾ. ਰੌਣਕੀ ਰਾਮ ਦੇ ਮਾਤਾ ਜੀ ਭਾਵੇਂ ਨੱਬੇ ਸਾਲ ਦੀ ਉਮਰ ਭੋਗ ਕੇ ਰੁਖਸਤ ਹੋਏ ਹਨ ਪਰ ਫਿਰ ਵੀ ਮਾਤਾ ਦਾ ਵਿਛੋੜਾ ਸਾਰੇ ਵਿਛੋੜਿਆਂ ਤੋਂ ਵੱਡਾ ਹੁੰਦਾ ਹੈ। ਮਾਤਾ ਸ਼ਾਂਤੀ ਦੇਵੀ ਪੜ੍ਹੇ-ਲਿਖੇ ਹੋਣ ਕਰਕੇ ਹੀ ਸਿੱਖਿਆ ਦੀ ਬਰਕਤ ਡਾ. ਸਾਹਿਬ ਪਰਿਵਾਰ 'ਚ ਹੈ। ਉਸ ਤੋਂ ਵੀ ਵੱਡੀ ਗੱਲ ਕਿ ਉਹ ਅੱਜ ਚੰਡੀਗੜ੍ਹ ਦੇ ਨਾਲ ਨਾਲ ਦੂਜੇ ਦੇਸ਼ਾਂ ਵਿਚ ਵੀ ਪੜ੍ਹਨ-ਪੜ੍ਹਾਉਣ ਦੀਆਂ ਗੱਲਾਂ ਨਾਲ ਜੁੜੇ ਹੋਏ ਹਨ। ਪਰ ਇਸਦੇ ਨਾਲ-ਨਾਲ ਉਹਨਾਂ ਨੇ ਪਿੰਡ ਤੇ ਪਿੰਡ ਦੇ ਲੋਕਾਂ ਨਾਲ ਵੀ ਆਪਣਾ ਮੋਹ ਬਰਕਰਾਰ ਰੱਖਿਆ ਹੈ। ਅੱਜ ਅਸੀਂ ਮਾਤਾ ਸ਼ਾਂਤੀ ਦੇਵੀ ਦੇ ਨਾਲ-ਨਾਲ ਆਪਣੀਆਂ ਮਾਵਾਂ ਨੂੰ ਵੀ ਯਾਦ ਕਰ ਰਹੇ ਹਾਂ। ਮੇਰੇ ਆਪਣੇ ਮਾਤਾ ਨੱਬੇ ਸਾਲ ਦੇ ਹਨ। ਬਿਲਕੁਲ ਨਹੀਂ ਪੜ੍ਹੇ ਲਿਖੇ। ਨਾਂ ਲਿਖਣਾ ਅਸੀਂ ਆਪ ਸਿਖਾਇਆ ਇਕ ਵਾਰ ਉਹਨਾਂ ਨੂੰ ਕੋਈ ਪੁੱਛਣ ਲੱਗਾ ਕਿ ਮਾਤਾ ਜੀ ਕਿੰਨਾ ਪੜ੍ਹੇ ਹੋ?

"ਪੂਰੀਆਂ ਪੰਜਾਹ ਜਮਾਤਾਂ।" ਉਹ ਕਹਿਣ ਲੱਗੇ

"ਪੰਜਾਹ ਜਮਾਤਾਂ ਕਿਵੇਂ?" ਪੁੱਛਣ ਵਾਲੇ ਨੇ ਹੈਰਾਨ ਹੁੰਦਿਆਂ ਅਗਾਂਹ ਫੇਰ ਸਵਾਲ ਕੀਤਾ। ਮਾਤਾ ਜੀ ਕਹਿਣ ਲੱਗੇ, ਮੇਰਾ ਵੱਡਾ ਮੁੰਡਾ ਸੋਲਾਂ ਜਮਾਤਾਂ ਪਾਸ, ਛੋਟੀ ਬਹੂ ਵੀ ਸੋਲਾਂ, ਛੋਟਾ ਮੁੰਡਾ ਚੌਦਾਂ, ਉਹਦੀ ਬਹੂ ਵੀ ਚੌਦਾਂ। ਹੁਣ ਕਰ ਲਓ ਜੋੜ ਸਾਰੀਆਂ ਜਮਾਤਾਂ ਦਾ, ਪੰਜਾਹ ਤੋਂ ਇਕ-ਦੋ ਵੱਧ ਹੋਣੀਆਂ। ਸੋ ਮਾਵਾਂ ਕਰਕੇ ਹੀ ਅਸੀਂ ਪੜ੍ਹ-ਲਿਖ ਸਕੇ ਆਂ। ਪ੍ਰੋ. ਮੋਹਨ ਸਿੰਘ ਇਸ ਲਈ ਤਾਂ ਕਹਿੰਦਾ ਹੈ:-

ਮਾਂ ਵਰਗਾ ਘਣਸ਼ਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ
ਜਿਸਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ।
ਹੋਰ ਕੁੱਲ ਦੁਨੀਆਂ ਦੇ ਬੂਟੇ ਜੜ੍ਹ ਸੁਕਿਆਂ ਸੁੱਕ ਜਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ ਇਹ ਬੂਟਾ ਬੁੱਕ ਜਾਏ।

ਅਗਰ ਬੱਚਿਆਂ ਨੂੰ ਕੁਝ ਹੁੰਦਾ ਹੈ ਤਾਂ ਮਾਂ ਨੂੰ ਸਭ ਤੋਂ ਵੱਡਾ ਸਦਮਾ ਪਹੁੰਚਦਾ ਹੈ। ਅੱਜ ਮਾਤਾ ਸ਼ਾਂਤੀ ਦੇਵੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਮੈਂ ਆਸ ਕਰਦਾ ਹਾਂ ਕਿ ਇਹ ਪਰਿਵਾਰ ਉਹਨਾਂ ਵੱਲੋਂ ਲਾਏ ਸਿੱਖਿਆ ਦੇ ਬੂਟੇ ਨੂੰ ਪਾਲ ਪੋਸ ਕੇ ਵੱਡਾ ਰੁੱਖ ਬਣਾਵੇ। ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।

**ਸ਼ਾਇਰ ਮਦਨ ਵੀਰਾ:–**

ਬਾਰਾਂ ਨਵੰਬਰ ਤੋਂ ਪਹਿਲਾਂ ਘਰ ਦੇ ਬਨੇਰੇ ਬੈਠੇ ਕਾਵਾਂ ਦੀ ਆਵਾਜ਼ ਨੂੰ ਸੁਣ ਕੇ ਮਾਤਾ ਨੂੰ ਪਤਾ ਲੱਗ ਜਾਂਦੈ ਹੋਣੈ ਕਿ ਅੱਜ ਰੌਣਕੀ ਨੇ ਚੰਡੀਗੜ੍ਹੋਂ ਪਿੰਡ ਆਉਣੈ। ਪਰ ਅੱਜ ਇਹਨਾਂ ਸੋਚਾਂ ਦੇ ਅਧਿਆਇ ਦਾ ਇਕ ਅੰਤ ਹੋ ਗਿਆ। ਅੱਗੇ ਅਸੀਂ ਵੀ ਪਿੰਡ ਨੂੰ ਦੌੜੇ ਆਉਣੈ ਜਦੋਂ ਪਤਾ ਲੱਗਣਾ ਕਿ ਡਾ. ਸਾਹਿਬ ਚੰਡੀਗੜ੍ਹ ਤੋਂ ਪਿੰਡ ਆਏ ਹੋਏ ਨੇ। ਸੋਚਣਾ ਨਾਲੇ ਡਾ. ਸਾਹਿਬ ਨੂੰ ਮਿਲ ਆਉਨੇ ਆਂ ਤੇ ਨਾਲੇ ਬੇਬੇ ਦੇ ਹੱਥਾਂ ਦੀ ਪੱਕੀ ਰੋਟੀ ਮਿਲ ਜਾਵੇਗੀ। ਮਾਤਾ ਜੀ ਨੇ ਆਪਣੇ ਧੀਆਂ ਪੁੱਤਾਂ ਦੀ ਬਹੁਤ ਵਧੀਆ ਪਰਵਰਿਸ਼ ਕੀਤੀ। ਵਿੱਦਿਆ ਦਾ ਦਾਨ ਦਿੱਤਾ। ਅੱਜ ਉਹਨਾਂ ਵੱਲੋਂ ਦਿੱਤੀ ਵਿੱਦਿਆ ਕਰਕੇ ਹੀ ਇਹ ਸਿੱਖਿਆ ਦਾ ਬੂਟਾ ਮੌਲ ਰਿਹਾ। ਉਹਨਾਂ ਦੀ ਨੈਤਿਕ ਸਿੱਖਿਆ ਨੇ ਪਿੰਡ ਦਾ ਮੂੰਹ ਮੱਥਾ ਸੁਆਰਨ 'ਚ ਮੁੱਖ ਭੂਮਿਕਾ ਨਿਭਾਈ। ਸਾਨੂੰ ਇਹ ਪਿੰਡ ਚੰਡੀਗੜ੍ਹ ਕੋਈ ਓਪਰਾ ਨਹੀਂ ਲੱਗਦਾ। ਮੈਂ ਅੱਜ ਇਸ ਦੁੱਖ ਦੀ ਘੜੀ 'ਚ ਡਾ. ਸਾਹਿਬ ਦੇ ਪਰਿਵਾਰ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ।

**ਸ੍ਰੀ ਤਰਸੇਮ ਜਲੰਧਰੀ:–**

ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਜੀ ਦਾ ਚਲੇ ਜਾਣਾ ਡਾ. ਸਾਹਿਬ ਦੇ ਪਰਿਵਾਰ ਦੇ ਨਾਲ ਨਾਲ ਸਾਡੇ ਸਾਰੇ ਦੋਸਤਾਂ-ਮਿੱਤਰਾਂ ਲਈ ਵੀ ਬਹੁਤ ਵੱਡਾ ਘਾਟਾ ਹੈ। ਡਾ. ਸਾਹਿਬ ਦਾ ਭਾਵੇਂ ਬਾਕੀ ਸਾਰਾ ਪਰਿਵਾਰ ਪਿੰਡ ਵੱਸ ਰਿਹਾ ਹੈ ਪਰ ਮਾਂ ਦੀ ਯਾਦ ਉਹਨਾਂ ਦੇ ਹਿਰਦੇ ਨੂੰ ਹਮੇਸ਼ਾ ਧੂਹ ਪਾਉਂਦੀ ਰਹੇਗੀ। ਮੇਰੇ ਵੱਡੇ ਭਰਾਤਾ ਜੋ ਪਿਛਲੇ ਵਰ੍ਹੇ ਸਦੀਵੀ ਵਿਛੋੜਾ ਦੇ ਗਏ ਹਨ, ਉਹਨਾਂ ਦੇ ਡਾ. ਸਾਹਿਬ ਦੇ ਪਰਿਵਾਰ ਨਾਲ ਅੱਛੇ ਤਾਲੋਕਾਤ ਸਨ। ਦੂਜੇ ਭਰਾਤਾ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਅਮਰੀਕਾ ਦੀ ਧਰਤੀ ਤੋਂ 'ਦੇਸ਼ ਦੁਆਬਾ', 'ਅੰਬੇਡਕਰ ਟਾਈਮਜ਼' ਅਖਬਾਰਾਂ ਕੱਢ ਰਹੇ, ਹੁਰਾਂ ਨੇ ਵੀ ਡਾ. ਸਾਹਿਬ ਦੇ ਪਰਿਵਾਰ ਲਈ ਸ਼ੋਕ ਸੰਦੇਸ਼ ਭੇਜਿਆ ਹੈ। ਅਮਰੀਕਾ ਵਿਚ ਕੱਢੀਆਂ ਜਾ ਰਹੀਆਂ ਅਖਬਾਰਾਂ ਵਿਚ ਡਾ. ਸਾਹਿਬ ਦੇ ਆਰਟੀਕਲ ਚਰਚਾ ਦਾ ਵਿਸ਼ਾ ਬਣਦੇ ਹਨ। ਧੰਨ ਹੈ ਉਹ ਮਾਂ ਜਿਸਨੇ ਇੱਡੇ ਵੱਡੇ ਵਿਦਵਾਨ ਨੂੰ ਜਨਮ ਦਿੱਤਾ ਜੋ ਅੱਜ ਆਪਣੇ ਗਿਆਨ ਦੀ ਜੋਤ ਰਾਹੀਂ ਪੂਰੀ ਦੁਨੀਆਂ ਨੂੰ ਰੁਸ਼ਨਾ ਰਹੇ ਹਨ। ਮੈਂ ਅੱਜ ਇਸ ਦੁੱਖ ਦੀ ਘੜੀ ਵਿਚ ਆਪਣੇ ਤਰਫੋਂ ਅਤੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਡਾ. ਰੌਣਕੀ ਰਾਮ ਜੀ ਦੇ ਪਰਿਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟ ਕਰਦਾ ਹਾਂ।

**ਰਾਮ ਦਿਆਲ**
**ਚੰਡੀਗੜ੍ਹ ਪੁਲਿਸ ਇੰਸਪੈਕਟਰ–**

ਮੈਂ ਅੱਜ ਇਹ ਸ਼ਰਧਾਂਜਲੀ ਸਮਾਰੋਹ 'ਤੇ ਉਸ ਮਾਂ ਨੂੰ ਨਮਨ ਕਰਦਾ ਜਿਹੜੀ ਆਪ ਤਾਂ ਸਿੱਖਿਆ ਸੀ ਹੀ, ਸਗੋਂ ਉਸਨੇ ਆਪਣੇ ਧੀਆਂ-ਪੁੱਤਾਂ ਨੂੰ ਵੀ ਰੱਜ ਕੇ ਤਾਲੀਮ ਦੁਆਈ।

ਇਹ ਤਾਲੀਮ ਹੀ ਡਾ. ਰੌਣਕੀ ਰਾਮ ਦੇ ਰੂਪ ਵਿਚ ਅੱਗੋਂ ਹੋਰ ਦੀਵਿਆਂ ਨੂੰ ਰੋਸ਼ਨ ਕਰਨ ਦਾ ਉਪਰਾਲਾ ਕਰ ਰਹੀ ਹੈ। ਮੈਂ ਵੀ ਇਹਨਾਂ ਪਿੰਡਾਂ ਦਾ ਹੀ ਜੰਮਿਆ ਪਲਿਆ ਹਾਂ। ਹੁਕੜਾਂ ਮੇਰਾ ਪਿੰਡ ਹੈ ਤੇ ਚੰਡੀਗੜ੍ਹ ਪੁਲਿਸ 'ਚ ਮੈਂ ਜਾਬ ਕਰਦਾ। ਮੈਂ ਅਕਸਰ ਇਹਨਾਂ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਵਿੱਦਿਅਕ ਟੂਰ, ਸੱਭਿਆਚਾਰਕ ਮੁਕਾਬਲੇ ਤੇ ਕਿਸੇ ਨਾ ਕਿਸੇ ਤਰ੍ਹਾਂ ਮਦਦ ਕਰਨ ਦੇ ਯਤਨ ਕਰਦਾ ਰਹਿੰਦਾ ਹਾਂ। ਮੇਰੇ ਇਸ ਮਿਸ਼ਨ ਵਿਚ ਡਾ. ਰੌਣਕੀ ਰਾਮ ਅਕਸਰ ਮੇਰੀ ਮਦਦ ਲਈ ਬਾਂਹ ਫੜਦੇ ਹਨ। ਆਓ ਆਪਾਂ ਅੱਜ ਸਾਰੇ ਮਿਲ ਕੇ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਦੇ ਵਧੀਆ ਮੌਕੇ ਮੁਹੱਈਆ ਕਰਵਾਈਏ, ਕਿਉਂਕਿ ਪੜ੍ਹਾਈ ਨੇ ਹੀ ਇਹਨਾਂ ਨੂੰ ਅੱਗੇ ਲੈ ਕੇ ਜਾਣਾ ਹੈ। ਮੈਂ ਇਕ ਵਾਰ ਫਿਰ ਇਸ ਦੁੱਖ ਦੀ ਘੜੀ 'ਚ ਪ੍ਰੋ. ਸਾਹਿਬ ਦੇ ਪਰਿਵਾਰ ਨਾਲ ਸ਼ਰੀਕ ਹੁੰਦਾ ਹਾਂ।

**ਪ੍ਰੋ. ਯੋਗ ਰਾਜ ਪੀ. ਯੂ. ਚੰਡੀਗੜ੍ਹ –**

ਮੈਂ ਆਪਣੇ ਪੰਜਾਬੀ ਵਿਭਾਗ ਚੰਡੀਗੜ੍ਹ ਵੱਲੋਂ ਮਾਤਾ ਸ਼ਾਂਤੀ ਦੇਵੀ ਦੇ ਵਿਛੋੜੇ ਤੇ ਪਰਿਵਾਰ ਨਾਲ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ। ਇਹ ਇਕ ਮਾਂ-ਪਿਓ ਦਾ ਹੀ ਯੋਗ ਉਪਰਾਲਾ ਕਿਹਾ ਜਾ ਸਕਦਾ ਹੈ ਕਿ ਇਕ ਛੋਟੇ ਜਿਹੇ ਪਿੰਡ ਦਾ ਚਿਰਾਗ ਰੌਣਕੀ ਦੁਨੀਆਂ ਦੀਆਂ ਨਾਮੀ ਯੂਨੀਵਰਸਿਟੀਆਂ ਵਿਚ ਗਿਆਨ ਦੀ ਜੋਤ ਜਗਾ ਰਿਹਾ ਹੈ। ਜਦੋਂ ਮਾਤਾ ਜੀ ਚੰਡੀਗੜ੍ਹ ਸਨ ਤੇ ਮੈਂ ਕਈ ਵਾਰ ਉਨ੍ਹਾਂ ਨੂੰ ਮਿਲਿਆ।

ਉਹ ਆਪਣੇ ਨਾਂ ਵਾਂਗ ਹੀ ਸ਼ਾਂਤ ਚਿੱਤ ਸੁਭਾਅ ਦੇ ਮਾਲਕ ਸਨ। ਸਰੀਰਕ ਤੌਰ 'ਤੇ ਉਹ ਆਪ ਭਾਵੇਂ ਅੱਜ ਸਾਡੇ ਵਿਚ ਨਹੀਂ ਪਰ ਉਹਨਾਂ ਦੀਆਂ ਸਿੱਖਿਆਵਾਂ ਦੀ ਚਮਕ ਦਾ ਪਸਾਰਾ ਅਸੀਂ-ਤੁਸੀਂ ਜ਼ਰੂਰ ਦੇਖ ਸਕਦੇ ਹਾਂ। ਮੈਂ ਇਸ ਦੁੱਖ ਦੀ ਘੜੀ ਵਿਚ ਸਾਰੇ ਪਰਿਵਾਰ ਨਾਲ ਆਪਣੀ ਹਮਦਰਦੀ ਪ੍ਰਗਟ ਕਰਦਾ ਹਾਂ। ਧੰਨਵਾਦ।

(ਬਾਕੀ ਅਗਲੇ ਸਫੇ ਤੇ)

# ਸਿੱਖਿਆ ਸ਼ਾਸਤਰੀਆਂ ਅਤੇ ਉਘੀਆਂ ਸ਼ਖਸੀਅਤਾਂ ਵੱਲੋਂ ਡਾ. ਰੌਣਕੀ ਰਾਮ ਜੀ ਦੀ ਮਾਤਾ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਪ੍ਰੋ. ਸਤੀਸ਼ ਸ਼ਰਮਾ–**

ਡਾ. ਰੌਣਕੀ ਰਾਮ ਜੀ ਦੇ ਮਾਤਾ ਜੀ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਕ ਦਿਨ ਜਾਣਾ ਤਾਂ ਆਪਾਂ ਸਾਰਿਆਂ ਨੇ ਹੀ ਹੈ ਪਰ ਫਿਰ ਵੀ ਮਾਂ ਦਾ ਦੁੱਖ ਵੱਡਾ ਹੈ। ਮੈਂ ਆਪਣੇ ਅਤੇ ਡੀ. ਏ. ਵੀ ਸੰਸਥਾਵਾਂ ਦੀ ਤਰਫੋਂ ਮਾਤਾ ਜੀ ਨੂੰ ਸ਼ਰਧਾ ਸੁੰਮਨ ਅਰਪਣ ਕਰਦਾ ਹਾਂ। ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਆਪਣੀ ਗੋਦ ਵਿਚ ਬਿਰਾਜੇ।

**ਡਾ. ਅਰੁਣ ਗਰੋਵਰ ਵਾਈਸ ਚਾਂਸਲਰ ਪੀ. ਯੂ. ਚੰਡੀਗੜ੍ਹ:–**

ਚਾਰ ਸਾਲ ਪਹਿਲਾਂ ਮੈਂ ਡਾ. ਰੌਣਕੀ ਰਾਮ ਨੂੰ ਨਹੀਂ ਸਾਂ ਜਾਣਦਾ। ਹਾਲਾਂਕਿ ਅਸੀਂ ਇਕੋ ਯੂਨੀਵਰਸਿਟੀ ਵਿਚ ਪੜ੍ਹਾ ਰਹੇ ਹਾਂ। ਜਦੋਂ ਮੈਂ ਵੀ. ਸੀ. ਬਣਿਆ ਤਾਂ ਮੇਰੇ ਘਰ ਦੇ ਕੋਲ ਬਿਲਕੁਲ ਸਾਹਮਣੇ ਡਾ. ਰੌਣਕੀ ਰਾਮ ਦਾ ਘਰ ਸੀ। ਇਕ ਦੂਜੇ ਨਾਲ ਮੇਲ–ਮਿਲਾਪ ਸ਼ੁਰੂ ਹੋਇਆ।ਇਹਨਾਂ ਵੱਲੋਂ ਕੀਤੇ ਜਾਂਦੇ ਕੰਮਾਂ ਨੂੰ ਦੇਖ ਕੇ ਚੰਗਾ ਲੱਗਾ। ਮਾਤਾ ਜੀ ਦੇ ਅਚਾਨਕ ਜਾਣ ਦੀ ਖਬਰ ਸੁਣੀ। ਅੱਜ ਸ਼ਰਧਾਂਜਲੀ ਮੌਕੇ ਮੈਂ ਆਪਣੀ ਸੰਸਥਾ ਪਾਸੋਂ ਦੁੱਖ ਦੀ ਘੜੀ 'ਚ ਪਰਿਵਾਰ ਨਾਲ ਖੜ੍ਹਾ ਹਾਂ।

ਜਦੋਂ ਮੈਂ ਅੱਜ ਪਿੰਡ ਸਾਹਰੀ ਆਇਆ ਤਾਂ ਡਾ. ਰੌਣਕੀ ਰਾਮ ਕਹਿੰਦੇ ਮੇਰਾ ਪਿੰਡ ਦੇਖ ਕੇ ਆਓ, ਇਹਦੀਆਂ ਗਲੀਆਂ, ਇੱਥੋਂ ਦਾ ਸਕੂਲ ਜ਼ਰੂਰ ਜਾ ਕੇ ਦੇਖੋ। ਅਸੀਂ ਗਏ। ਬੜਾ ਵਧੀਆ ਲੱਗਾ ਸਾਰਾ ਪਿੰਡ ਸਾਫ ਸੁਥਰਾ। ਗਲੀਆਂ ਕੰਕਰੀਟ ਦੀਆਂ ਪੱਕੀਆਂ। ਸੀਵਰੇਜ ਪਿਆ ਹੋਇਆ। ਇਸ ਕੰਮ ਦੀ ਸਾਰੀ ਸ਼ੋਭਾ ਡਾ. ਰੌਣਕੀ ਰਾਮ, ਪਿੰਡ ਵਾਸੀ ਤੇ ਪੰਚਾਇਤ ਨੂੰ ਜਾਂਦੀ ਹੈ। ਪਿੰਡ ਦੇ ਲੋਕਾਂ ਦੀ ਲਾਇਕੀ ਨਜ਼ਰ ਆਉਂਦੀ ਹੈ। ਅਸਲ ਵਿਚ ਹੁਸ਼ਿਆਰਪੁਰ ਜ਼ਿਲ੍ਹਾ ਹੈ ਹੀ ਹੁਸ਼ਿਆਰਾਂ ਦਾ। ਇੱਥੋਂ ਦੇ ਬੱਚੇ ਵੱਧ ਪੜ੍ਹਦੇ ਹਨ। ਇਸ ਜ਼ਿਲ੍ਹੇ ਨਾਲ ਮੇਰਾ ਵਾਹ–ਵਾਸਤਾ ਪੁਰਾਣਾ ਹੈ। ਮੇਰੇ ਮਿਸਿਜ਼ ਦੇ ਪਿਤਾ ਜੀ ਇਸੇ ਜ਼ਿਲ੍ਹੇ ਵਿਚ ਪ੍ਰਿੰਸੀਪਲ ਰਹੇ। ਮੇਰੇ ਨਾਨਾ ਜੀ ਦਾ ਵੀ ਇਸ ਸ਼ਹਿਰ ਨਾਲ ਨਾਤਾ ਰਿਹਾ। ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਗਦਰੀ ਬਾਬੇ ਅਤੇ ਦੇਸ਼ ਭਗਤਾਂ ਦਾ ਵੀ ਇਹ ਜ਼ਿਲ੍ਹਾ ਰਿਹਾ ਹੈ। ਸੋ ਅੱਜ ਮਾਤਾ ਜੀ ਦੀ ਸ਼ਖ਼ਸੀਅਤ ਅਤੇ ਇਸ ਪਰਿਵਾਰ ਦੇ ਸਿੱਖਿਆ ਸਾਧਨਾਂ ਵਾਲੀ ਪ੍ਰਵਿਰਤੀ ਨੂੰ ਸੁਣ ਕੇ ਚੰਗਾ ਲੱਗਾ। ਮੈਂ ਮਾਤਾ ਜੀ ਨੂੰ ਸ਼ਰਧਾਂਜਲੀ ਵਜੋਂ ਸ਼ਰਧਾ ਸੁਮਨ ਅਰਪਣ ਕਰਦਾ ਹਾਂ। ਧੰਨਵਾਦ।

**ਸ੍ਰੀਮਤੀ ਅਨੁ ਚਤਰਥ ਫਾਰਮਰ ਮੇਅਰ ਚੰਡੀਗੜ੍ਹ:–**

ਮੈਂ ਆਪਣੇ ਵੱਲੋਂ ਮਾਤਾ ਜੀ ਨੂੰ ਸ਼ਰਧਾ ਸੁੰਮਨ ਭੇਂਟ ਕਰਦੀ ਹਾਂ। ਜਦੋਂ ਮਾਤਾ ਜੀ ਡਾ. ਸਾਹਿਬ ਕੋਲ ਚੰਡੀਗੜ੍ਹ ਰਹਿੰਦੇ ਸਨ ਤਾਂ ਇਕ ਦੋ ਵਾਰ ਮਿਲਣ ਦਾ ਮੌਕਾ ਮਿਲਿਆ। ਉਹ ਬਹੁਤ ਨੇਕ ਦਿਲ ਸਨ। ਧਾਰਮਿਕ ਪ੍ਰਵਿਰਤੀ ਵਾਲੇ ਸਨ। ਇਸੇ ਕਰਕੇ ਉਹਨਾਂ ਦੇ ਸਾਰੇ ਪਰਿਵਾਰ ਤੇ ਇਹ ਛਾਪ ਦਿਸਦੀ ਹੈ। ਮੈਂ ਦੁੱਖ ਦੀ ਘੜੀ ਵਿਚ ਸਾਰੇ ਪਰਿਵਾਰ ਦੇ ਨਾਲ ਹਾਂ। ਪ੍ਰਮਾਤਮਾ ਮਾਤਾ ਜੀ ਦੀ ਆਤਮਾ ਨੂੰ ਸ਼ਾਂਤੀ ਦੇਵੇ।

ਇਸੇ ਪਿੰਡ ਦੇ ਜੰਮਪਲ ਤੇ ਸਟੇਜ ਦੀ ਕਾਰਵਾਈ ਚਲਾ ਰਹੇ ਡਾ. ਜਸਵੰਤ ਰਾਏ ਨੇ ਦੱਸਿਆ ਕਿ ਮਾਤਾ ਸ਼ਾਂਤੀ ਦੇਵੀ ਦਾ ਸਾਰਾ ਆਰ–ਪਰਿਵਾਰ ਬਹੁਤ ਸੇਵਾ ਭਾਵਨਾ ਵਾਲਾ ਹੈ। ਮਾਤਾ ਜੀ ਦੀ ਸੋਚ ਸੀ ਕਿ ਜਿਵੇਂ ਮੇਰਾ ਵੱਡਾ ਪੁੱਤਰ ਰੌਣਕੀ ਪੜ੍ਹਿਆ ਹੈ, ਨਗਰ ਦੇ ਬਾਕੀ ਬੱਚੇ ਵੀ ਇਵੇਂ ਪੜ੍ਹਨ। ਇਸ ਨਾਲ ਨਗਰ ਦਾ ਨਾਂ ਉੱਚਾ ਹੋਵੇਗਾ। ਇਸ ਲਈ ਉਹ ਆਪਣੇ ਪੁੱਤਰਾਂ ਨੂੰ ਸਿੱਖਿਆ ਸਬੰਧੀ ਉਪਰਾਲੇ ਕਰਨ ਲਈ ਆਖਦੇ ਰਹਿੰਦੇ। ਮਾਤਾ ਜੀ ਦੇ ਬੋਲਾਂ ਨੂੰ ਪ੍ਰਗਟਾਉਂਦਿਆਂ ਡਾ. ਰੌਣਕੀ ਰਾਮ ਨੇ ਪਿੰਡ ਤੋਂ ਵਿਦੇਸ਼ ਗਈ, ਐਨ. ਆਰ. ਆਈ. ਵੀਰਾਂ ਦੀ ਮਦਦ ਨਾਲ ਪਿੰਡ ਦੇ ਸਰਕਾਰੀ ਹਾਈ ਸਕੂਲ ਦੀ ਇਮਾਰਤ ਲੱਗਭੱਗ ਚਾਲੀ ਲੱਖ ਰੁਪਏ ਖਰਚ ਕਰਕੇ ਨਵੀਂ ਬਣਾਈ। ਸਾਰੇ ਪਿੰਡ ਵਿਚ ਸੀਵਰੇਜ ਅਤੇ ਵਾਟਰ ਸਪਲਾਈ ਦਾ ਪ੍ਰਬੰਧ ਕੀਤਾ ਗਿਆ। ਪਿੰਡ ਦੀ ਪੰਚਾਇਤ ਅਤੇ ਹੋਰ ਉਦਮੀਆਂ ਨਾਲ ਮਿਲ ਕੇ ਪਿੰਡ ਦੀ ਦਿੱਖ ਸ਼ਹਿਰ ਵਰਗੀ ਬਣਾਈ ਗਈ ਹੈ।

ਮਹਾਤਮਾ ਬੁੱਧ ਜੀ ਨੇ ਇਕ ਗੱਲ ਬੜੀ ਵਧੀਆ ਕਰੀ ਹੈ ਕਿ ਇਕ ਚੰਦਨ ਰੁੱਖ ਦੀ ਮਹਿਕ ਸਦਾ ਹਵਾ ਦੀ ਦਿਸ਼ਾ ਵੱਲ ਹੀ ਰਹੇਗੀ ਪਰ ਇਕ ਸਿੱਖਿਅਕ ਵਿਅਕਤੀ ਦੇ



ਸਵਰਗੀ ਮਾਤਾ ਸ਼ਾਂਤੀ ਦੇਵੀ ਜੀ

ਗਿਆਨ ਦਾ ਪਾਸਾਰ ਚਾਰੋਂ ਦਿਸ਼ਾਵਾਂ ਵੱਲ ਹੁੰਦਾ ਹੈ। ਮਾਤਾ ਸ਼ਾਂਤੀ ਦੇਵੀ ਜਿਸਨੂੰ ਡਾ. ਰੌਣਕੀ ਰਾਮ ਆਪਣੇ ਗਾਈਡ ਮੰਨਦੇ ਹਨ, ਦੀਆਂ ਸਿੱਖਿਆਵਾਂ ਨੇ ਮਹਾਤਮਾ ਬੁੱਧ ਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਹੈ। ਪਿੰਡ ਸਾਹਰੀ ਸੰਤਾਂ ਮਹਾਂਪੁਰਸ਼ਾਂ ਦੀ ਧਰਤੀ ਹੈ। ਇਸੇ ਮਿੱਟੀ ਦੇ ਜਾਏ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਨੇ ਬਰਮਾ ਕਾਂਸੀਪੀਰੇਸੀ ਕੇਸ ਰਾਹੀਂ ਫਾਂਸੀ ਦਾ ਫੰਦਾ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ। ਜਦੋਂ ਵੀ ਸਾਨੂੰ ਕਿਤੇ ਦੂਰ–ਪਾਰ ਸਿੱਖਿਅਕ ਸੰਸਥਾਵਾਂ ਵਿਚ ਵਿਚਾਰ ਵਿਅਕਤ ਕਰਨ ਦਾ ਮੌਕਾ ਮਿਲਦਾ ਹੈ ਤਾਂ ਲੋਕ ਅਕਸਰ ਸਾਡੇ ਪਿੰਡ ਦਾ ਨਾਂ ਸੁਣ ਕੇ ਨਤਮਸਤਕ ਹੁੰਦੇ ਹਨ ਕਿ ਇਹ ਗਦਰੀ ਬਾਬਿਆਂ ਦੇ ਪਿੰਡੋਂ ਨੇ। ਉਹਨਾਂ ਦਾ ਦੂਜਾ ਸਵਾਲ ਹੁੰਦਾ ਹੈ ਕਿ ਇਸੇ ਪਿੰਡ ਦੇ ਹੀ ਡਾ. ਰੌਣਕੀ ਰਾਮ ਵੀ ਨੇ। ਇਹ ਸੁਣ ਕੇ ਸਾਡਾ ਸੀਨਾ ਚੌੜਾ ਹੋ ਜਾਂਦਾ ਹੈ ਤੇ ਸਰੀਰ ਵਿਚ ਖੂਨ ਦਾ ਦੌਰ ਵੱਧ ਜਾਂਦਾ ਹੈ। ਸੱਚੀ ਮੁੱਚੀ ਮਾਣ ਮਹਿਸੂਸ ਹੁੰਦਾ ਹੈ ਕਿ ਅਸੀਂ ਪਿੰਡ ਸਾਹਰੀ ਦੇ ਵਾਸੀ ਹਾਂ। ਹੁਣ ਮੈਂ ਬੇਨਤੀ ਕਰਦਾ ਹਾਂ ਕਿ ਆਏ ਹੋਏ ਸਾਰੇ ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ ਅਤੇ ਦੋਸਤਾਂ ਲਈ ਧੰਨਵਾਦੀ ਸ਼ਬਦ ਆਖਣ।

**ਡਾ. ਰੌਣਕੀ ਰਾਮ:–**

ਮੈਂ ਆਪਣੀ ਮਾਤਾ ਨੂੰ ਬੀਬੀ ਕਹਿੰਦਾ ਹੁੰਦਾ ਸੀ। ਮੁੱਕਣ ਤੋਂ ਕੁਝ ਦਿਨ ਪਹਿਲਾਂ ਮੈਂ ਜਪਾਨ ਤੋਂ ਬੀਬੀ ਨਾਲ ਫੋਨ 'ਤੇ ਗੱਲਬਾਤ ਕੀਤੀ। ਮੈਂ ਗੱਲਾਂ ਗੱਲਾਂ 'ਚ ਮਜ਼ਾਕ ਕਰਦਾ ਉਹਨਾਂ ਨੂੰ ਹਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਨੂੰ ਕਹਿਣ ਲੱਗੇ- ਪੁੱਤ ਹੁਣ ਵੇਲਾ ਆ ਗਿਆ। ਚਲੇ ਜਾਣਾ ਮੈਂ ਹੁਣ। ਮੈਂ ਕਿਹਾ ਬੀਬੀ ਇੱਦਾਂ ਦੀਆਂ ਗੱਲਾਂ ਕਿਉਂ ਕਰਦੇ ਹੋ। ਨਿਆਣੇ ਚਿੰਤਾ ਕਰਨਗੇ। ਕੁਝ ਨੀ ਹੁੰਦਾ। ਗੱਲਾਂ–ਗੱਲਾਂ ਵਿਚ ਮੈਂ ਉਹਨਾਂ ਨੂੰ ਹਸਾਉਂਦਾ ਰਿਹਾ। ਮੈਨੂੰ ਕਹਿਣ ਲੱਗੀ ਮੈਂ ਭਾਰਤੀ ਨੂੰ ਕਹਿਨੀ ਆਂ ਕਿ ਤੇਰੇ ਕੋਠੜੇ ਜਿਹੇ ਦੀ ਸਫਾਈ ਕਰ ਛੱਡੇ, ਉਥੇ ਮਦੋੜੀਆਂ ਲੱਗੀਆਂ ਆਂ। ਭਾਰਤੀ ਮੇਰਾ ਛੋਟਾ ਭਰਾ ਆ। ਅਖੇ ਜਦੋਂ ਤੇਰਾ ਮੁੰਡਾ ਚੰਡੀਗੜ੍ਹੋਂ ਆਉਂਦਾ ਉਹਦੇ ਕਿਤੇ ਲੜ ਨਾ ਜਾਣ। ਉਹ ਆ ਕੇ ਕਹਿੰਦਾ ਮਾਂ ਸਾਡਾ ਘਰ ਕਿਹੜਾ? ਮੈਂ ਕਿਹਾ ਪੁੱਤ ਸਾਰਾ ਪਿੰਡ ਤੇਰਾ ਘਰ ਆ। ਜਿੱਥੇ ਮਰਜ਼ੀ ਰਹਿ। ਮੇਰੇ ਕੋਲ ਕੁਝ ਪੈਸੇ ਪਏ ਆ ਕੋਠੜੀ ਦੇ ਸਫਾਈ ਹੋਜੂ। ਮੈਂ ਹਾਸੇ 'ਚ ਗੱਲ ਪਾਈ। ਕਿਹਾ ਬੀਬੀ ਮਦੋੜੀਆਂ ਦਾ ਰੰਗਾ ਕਿਹੜਾ? ਕਹਿੰਦੀ ਪੀਲਾ। ਮੈਂ ਕਿਹਾ ਫਿਰ ਸੂਰਜ ਦਾ ਰੰਗ ਕਿਹੜਾ? ਕਹਿੰਦੀ ਪੀਲਾ। ਮੈਂ ਸੂਰਜ ਫੇਰ ਕੀ ਕਰਦਾ ਆਂ? ਕਹਿੰਦੀ ਗਰਮੀ ਦਿੰਦਾ ਸਾਰਿਆਂ ਨੂੰ। ਮੈਂ ਕਿਹਾ ਬੱਸ ਫਿਰ ਤੇਰੀ ਉੜੱਨਵੇਂ ਸਾਲ ਦੀ ਉਮਰ ਵਿਚ ਸ਼ਕਤੀ ਵੀ ਮਦੋੜੀਆਂ ਕਰਕੇ ਆ। ਮੈਂ ਹਸਾਇਆ ਉਹਨੂੰ ਏਦਾਂ ਦੀਆਂ ਛੇੜਖਾਨੀਆਂ ਕਰਕੇ। ਅਗਲੇ ਦਿਨ ਜਦੋਂ ਮੈਨੂੰ ਬੀਬੀ ਬਾਰੇ ਖਬਰ ਮਿਲੀ ਕਿ ਉਹ ਨਹੀਂ ਰਹੇ ਤਾਂ ਮੈਂ ਉਸ ਸਮੇਂ ਮੋਦੀ ਸਾਹਿਬ ਨੂੰ ਮਿਲਣ ਜਾ ਰਿਹਾ ਸੀ। ਰਸਤੇ ਵਿਚ ਹੀ ਸੀ। ਉਹ ਜਾਪਾਨ ਆਏ ਸਨ। ਮੈਨੂੰ ਪਤਾ ਨੀ ਸੀ ਲੱਗ ਰਿਹਾ ਕਿ ਮੈਂ ਅੱਗੇ ਜਾਵਾਂ ਜਾਂ ਵਾਪਸ ਆ ਜਾਵਾਂ।


ਸਮਾਜ ਸੇਵਾ ਦੇ ਕੰਮ ਕਰਨੋਂ ਉਹਨਾ ਮੈਨੂੰ ਕਦੇ ਨਹੀਂ ਸੀ ਰੋਕਿਆ। ਕਹਿੰਦੀ ਪੁੱਤ ਇਹੀ ਕੰਮ ਸਾਨੂੰ ਕਰਨੇ ਪੈਣੇ ਆਂ। ਜਦੋਂ ਮੈਂ ਪਿੰਡ ਬਾਰੇ ਗੱਲ ਕੀਤੀ ਕਿ ਬੀਬੀ ਮੈਂ ਚਾਹੁੰਨੈ ਮੇਰੇ ਪਿੰਡ ਦੇ ਲੋਕ ਵੀ ਟੂਟੀਆਂ 'ਚੋਂ ਪਾਣੀ ਪੀਣ ਤਾਂ ਉਹ ਬਹੁਤ ਖੁਸ਼ ਹੋਏ। ਕਹਿੰਦੀ ਪੁੱਤ ਮੈਂ ਵੀ ਲਾਇਲਪੁਰ ਪੜ੍ਹਦਿਆਂ ਇਹ ਗੱਲ ਸੋਚੀ ਸੀ। ਮੈਂ ਕਿਹਾ ਬੀਬੀ ਮੈਂ ਜਾ ਕੇ ਆਵਾਂ ਤੇਰੇ ਪਿੰਡ ਪਾਕਿਸਤਾਨ। ਕਹਿੰਦੀ ਨਾ ਪੁੱਤ ਅੱਗੇ ਦੋ ਵਾਰ ਗਏ ਸੀ, ਤੇਰੇ ਮਾਮੇ ਬੜੀ ਮੁਸ਼ਕਿਲ ਨਾਲ ਬਚ ਕੇ ਆਏ ਆ। ਅੱਛਾ ਜੇ ਤੂੰ ਜਾਣਾ ਈ ਏ ਤਾਂ ਨਨਕਾਣਾ ਸਾਹਿਬ ਗੁਰਦੁਆਰੇ ਜ਼ਰੂਰ ਜਾ ਕੇ ਆਈਂ। ਉਥੋਂ ਮੇਰੇ ਲਈ ਮਿੱਟੀ ਲੈ ਕੇ ਆਈਂ। ਇੱਦਾਂ ਦੀਆਂ ਗੱਲਾਂ ਕਰਦੀ ਹੁੰਦੀ ਸੀ ਬੀਬੀ। ਅੱਜ ਉਹਦੀਆਂ ਬਹੁਤ ਸਾਰੀਆਂ ਗੱਲਾਂ ਮੈਨੂੰ ਚੇਤੇ ਆ ਰਹੀਆਂ। ਨਿੱਕੇ ਹੁੰਦੇ ਨੇ ਜਦੋਂ ਮੈਂ ਪੜ੍ਹਨਾ ਤਾਂ ਬੀਬੀ ਨੇ ਕਹਿਣਾ ਪੁੱਤ ਰੋਟੀ ਪਕਾਉਣੀ ਸਿੱਖ ਲੈ, ਕੱਪੜੇ ਧੋਣੇ ਸਿੱਖ ਲੈ। ਮੈਂ ਕਈ ਵਾਰ ਖਿਝਣਾ ਬਈ ਬੀਬੀ ਮੈਨੂੰ ਕਿਹੜੇ ਕੰਮ ਕਰਨ ਨੂੰ ਕਹੀ ਜਾਂਦੀ ਆ। ਹੁਣ ਜਦੋਂ ਮੈਂ ਵਿਦੇਸ਼ਾਂ ਵਿਚ ਜਾਂਦਾ, ਖਾਸ ਕਰਕੇ ਜਾਪਾਨ ਵਰਗੇ। ਜਿੱਕੇ ਭਾਰਤੀ ਤਾਂ ਕੀ ਕੋਈ ਪਾਕਿਸਤਾਨੀ ਜਾਂ ਬੰਗਲਾਦੇਸ਼ ਦਾ ਬੰਦਾ ਵੀ ਨੇੜੇ ਦਿਖਾਈ ਨਹੀਂ ਦਿੰਦਾ ਤਾਂ ਮੈਨੂੰ ਬੀਬੀ ਦੀਆਂ ਗੱਲਾਂ ਯਾਦ ਆਉਂਦੀਆਂ।

ਫਿਰ ਮੈਨੂੰ ਸਮਝ ਆਉਂਦੀ ਕਿ ਉਹ ਮੈਨੂੰ ਕਿਉਂ ਨਿੱਕੇ ਹੁੰਦੇ ਕੰਮ ਸਿਖਾਉਣਾ ਚਾਹੁੰਦੀ ਸੀ। ਉਸਨੂੰ ਪਤਾ ਸੀ ਕਿ ਜੇ ਮੈਨੂੰ ਇਹ ਸਾਰੇ ਕੰਮ ਆਉਂਦੇ ਹੋਣਗੇ ਤਾਂ ਮੈਂ ਕਿਤੇ ਵੀ ਜਾ ਕੇ ਆਜ਼ਾਦੀ ਨਾਲ ਰਹਿ ਸਕਦਾ ਹਾਂ। ਮੈਨੂੰ ਕਿਸੇ ਵੱਲ ਤੱਕਣ ਦੀ ਜ਼ਰੂਰਤ ਨਹੀਂ ਪਵੇਗੀ। ਇਸ ਤਰ੍ਹਾਂ ਦੀਆਂ ਅਨੇਕਾਂ ਯਾਦਾਂ ਨੇ ਬੀਬੀ ਬਾਰੇ ਜੋ ਮੇਰੇ ਮਨ ਮਸਤਕ 'ਚ ਘਰ ਕਰੀ ਬੈਠੀਆਂ। ਤੁਸੀਂ ਸਾਰੇ ਚੱਲ ਕੇ ਆਏ। ਮੈਂ ਤੁਹਾਡੇ ਸਾਰਿਆਂ ਦਾ ਆਪਣੇ ਵੱਲੋਂ ਤੇ ਪਿੰਡ ਦੀ ਪੰਚਾਇਤ ਵੱਲੋਂ ਧੰਨਵਾਦ ਕਰਦਾ ਹਾਂ।

**ਡਾ. ਜਸਵੰਤ ਰਾਏ–**

ਗੱਲਾਂ ਮੇਰੇ ਮਨ ਵਿਚ ਕਈ ਹੋਰ ਨੇ ਮਾਤਾ ਸ਼ਾਂਤੀ ਦੇਵੀ ਜੀ ਬਾਰੇ ਕਰਨ ਵਾਲੀਆਂ ਪਰ ਸਮਾਂ ਕਾਫੀ ਹੋ ਚੁੱਕਿਆ ਹੈ। ਹੁਣ ਪਰਿਵਾਰ ਨਾਲ ਸਬੰਧਤ ਇਕ ਪੱਗੜੀ ਦੀ ਰਸਮ ਹੋਵੇਗੀ। ਉਪਰੰਤ ਲੰਗਰ ਤਿਆਰ ਹੈ। ਸਾਰੇ ਮਾਈ–ਭਾਈ ਲੰਗਰ ਜ਼ਰੂਰ ਛਕ ਕੇ ਜਾਣਾ ਜੀ। ਤੁਹਾਡਾ ਬਹੁਤ ਬਹੁਤ ਧੰਨਵਾਦ।

ਸ਼ਰਧਾਂਜਲੀ ਸਮਾਗਮ ਵਿਚ ਪ੍ਰਿੰਸੀਪਲ ਗੁਰਦੀਪ ਸਿੰਘ, ਪ੍ਰੋ. ਬਲਵੀਰ ਸਿੰਘ, ਪ੍ਰੋ. ਵਰਿੰਦਰ ਨੇਗੀ, ਪ੍ਰੋ. ਕੁਲਦੀਪ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਮੇਸ਼ ਕੁਮਾਰ ਪੀ. ਪੀ., ਵਿਨੇ ਕੁਮਾਰ ਐਡਵੋਕੇਟ, ਬਲਦੇਵ ਸਿੰਘ ਧੁੰਨੇ ਹਾਲੈਂਡ, ਥਾਂਦੀ ਸਾਹਿਬ ਹਾਲੈਂਡ, ਅਸ਼ਵਨੀ ਕੁਮਾਰ ਹਾਂਡਾ ਦਿੱਲੀ, ਪ੍ਰਮਿੰਦਰਜੀਤ ਸਿੰਘ ਚੀਮਾ, ਜਸਕਰਨ ਸਿੰਘ ਵੜੈਚ, ਪ੍ਰੋ. ਜਤਿੰਦਰ ਗਰੋਵਰ, ਪ੍ਰੋ. ਵਿਸ਼ਾਲ ਸ਼ਰਮਾ, ਪ੍ਰੋ. ਸੰਜੀਵ ਗੌਤਮ, ਨਵਦੀਪ ਗੋਇਲ, ਸ੍ਰੀ ਸੰਜੀਵ ਗੁਪਤਾ ਡੀ. ਜੀ. ਪੀ. ਪੰਜਾਬ, ਪ੍ਰੋ. ਕਮਲਜੀਤ ਸਿੰਘ ਸਿੰਡੀਕੇਟ ਮੈਂਬਰ, ਪ੍ਰੋ. ਗੁਰਦੀਪ ਸ਼ਰਮਾ, ਪ੍ਰਿੰਸੀਪਲ ਕੁਲਦੀਪ ਸਿੰਘ ਕਲਸੀ, ਪ੍ਰਿੰਸੀਪਲ ਇੰਦਰਜੀਤ ਸਿੰਘ ਕਲਸੀ, ਪ੍ਰਿੰਸੀ. ਸੁਨੀਲ ਖੋਸਲਾ, ਡਾਇਰੈਕਟਰ ਸਰਵਾਨੰਦ ਗਿਰੀ ਰਿਜਨਲ ਸੈਂਟਰ ਹੁਸ਼ਿਆਰਪੁਰ, ਸੋਹਣ ਲਾਲ ਕੋਜੀ ਐਡਵੋਕੇਟ, ਪੀਊਸ਼ ਖੰਨਾ ਐਡਵੋਕੇਟ, ਇੰਦਰਪਾਲ ਸਿੰਘ ਸੈਨੇਟਰ, ਜਗਦੀਪ ਸਿੰਘ ਸੈਨੇਟਰ, ਪ੍ਰੋ. ਸੁਨੀਲ ਕੌਸ਼ਲ, ਪ੍ਰੋ. ਗੁਰਵਿੰਦਰ ਸਿੰਘ ਡਾਇਰੈਕਟਰ ਸਪੋਰਟਸ, ਰਜਿਸਟਰਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸ੍ਰੀ ਜੀ. ਐਸ. ਚੱਡਾ, ਬੀ. ਕੇ. ਹਾਂਡਾ ਮੈਨੇਜਰ ਸ਼ਿਵਾਲਿਕ ਖੇਤਰੀ ਬੈਂਕ, ਸ੍ਰੀ ਅਜੈ ਮਹਾਜਨ ਐਡਵਾਇਜ਼ਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਰਾਜੇਸ਼ ਸ਼ਰਮਾ ਬੰਬੇ, ਹਰਬੰਸ ਸਿੰਘ ਇੰਗਲੈਂਡ, ਚਤਰਭੁਜ ਸਿੰਘ ਗੋਇਲ, ਜੋਗਿੰਦਰ ਸਿੰਘ ਮੈਨੇਜਰ, ਜਤਿੰਦਰ ਗਰੋਵਰ ਚੀਫ ਸਕਿਉਰਿਟੀ ਅਫਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਵਿਦਿਆ ਸਾਗਰ (ਇੰਸਪੈਕਟਰ ਪੰਜਾਬ ਪੁਬਿਸ) ਬਟਾਲਾ, ਭਾਰਤ ਲਾਲ ਲੰਬੜਦਾਰ, ਅਸ਼ਵਨੀ ਕੁਮਾਰ, ਰਜਿੰਦਰ ਕੁਮਾਰ, ਬਗੀਚਾ ਸਿੰਘ ਸਾਬਕਾ ਸਰਪੰਚ, ਸੋਹਣ ਸਿੰਘ ਸਰਪੰਚ, ਡਾ. ਪਰਵੀਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਨਰਿੰਦਰ ਕੁਮਾਰ ਸਾਬਕਾ ਸਰਪੰਚ, ਸ੍ਰੀ ਤਰਸੇਮ ਜਲੰਧਰੀ ਸੰਪਾਦਕ "ਦੇਸ਼ ਦੁਆਬਾ" ਅਮਰੀਕਾ, ਸਵਰਗੀ ਸ੍ਰੀ ਸੀ. ਐਲ. ਚੁੰਬਰ ਜੀ ਦੇ ਸਪੁੱਤਰ ਜਨਸੰਗਰਾਮ ਚੁੰਬਰ, ਪੰਚਾਇਤ ਮੈਂਬਰ, ਇਲਾਕਾ ਨਿਵਾਸੀ ਅਤੇ ਰਿਸ਼ਤੇਦਾਰਾਂ ਨੇ ਪਰਿਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟਾਈ।




KHALSA COLLEGE FOR WOMEN
AFFILIATED TO PUNJAB UNIVERSITY, CHANDIGARH
Civil Lines, Ludhiana-141001.
Ph. : 0161-2420987
Email: kcwldh@outlook.com

Ref. No. 8805/[illegible]/2016 Dated 24-11-2016

CONDOLENCE MESSAGE

The Principal and Staff of Khalsa College for Women, Civil Lines, Ludhiana place on record their profound sense of grief over the sad demise of the mother of Dr. Ronki Ram Prof. Shaheed Bhagat Singh Chair in department of Political Science, Panjab University, and Chandigarh.

May God bestow peace on the departed soul and grant his family the strength to bear the loss.




PANJAB UNIVERSITY CONSTITUENT COLLEGE PATTO HIRA SINGH
(Nihal Singh Wala),Dist. Moga.
Dr. Kuldip Singh (M.A., M.Phil., Ph.D.LLB)
Principal ( Ex-Fellow Panjab University)
204, Mahavir Nagar, Opp. MBD Mall,
Fzr. Road, Ludhiana-141012
Ph. Resi, 0161-2551560Cell.985559648 e-mail: drkuldipgspcctu@yahoo

Ludhiana 24/11/2016

CONDOLENCE

The teaching and non-teaching staff of PUCC Patto Hira Singh express deep anguish and sorrow on the sudden demise of revered Mata Shanti Devi ji mother of Prof Ronki Ram- who left for heavenly abode on November 12, 2016. It is really an irreparable loses to the family as well as to the society. We pray to the Almighty to grant peace and solace to the departed soul and courage to the family to bear the agony.

Dr. Kuldip Singh (Principal)




DAV COLLEGE OF EDUCATION , ABOHAR
Mobile : 99885-92233
Email: reemapahuja_22@gmail.com
Reema Pahuja
Assistant Professor
DAV College of Edu
Abohar

Prof. Ronki Ram
Panjab University
Chandigarh

I am so saddened to hear about the sudden demise of your mother who is a real jewel in our life and there is nothing comparable to her.May God grant you the strength to bear this personal and irreparable loss and bless the soul with heavenly abode.

I really appreciate your care and sense of loving responsibility bestowed on your mother.

(Reema Pahuja) 22/11/16.
Asstt.Prof.



D.A.V. COLLEGE OF EDUCATION
D.A.V. CAMPUS, ABOHAR - 152116 (Pb.
(Under DAV College Managing Committee, New Delh
(Affiliated To Panjab University, Chandigarh
Estd. 19

Ref. No. 2920 Dated 22/11/16

Condolence Resolution


Principal & Staff of D.A.V College of Education, Abohar place on record deep sense of grief and sorrow over the sad demise of your Revered Mother.

We join to express our deep sympathies with the members of the bereaved family and pray to the almighty to bless the departed soul with eternal peace and provide enough courage and strength to all the members of family to bear this irreparable loss.

Ms. Reema & Mrs. Raj
Incharges Education Society

Dr.(Mrs.) Urmil Sethi
Principal

Prof. Ronki Ram
Panjab University
Chandigarh



Ramgarhia Girls College
Miller Ganj, Ludhiana
(Affiliated to Panjab University, Chandigarh.)
Phone : 0161-2543516 Fax : 0161-2546228
E-mail : ldh_rgc@yahoo.com, Website : www.ramgarhiacollege.com

Ref No. 3588 Dated 24/11/16

ਸ਼ੋਕ ਮਤਾ

ਮੈ, ਰਾਮਗੜ੍ਹੀਆ ਗਰਲਜ਼ ਕਾਲਜ, ਮਿਲਰ ਗੰਜ, ਲੁਧਿਆਣਾ ਦੀ ਪ੍ਰਬੰਧਕੀ ਕਮੇਟੀ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋ ਡਾ: ਰੌਣਕੀ ਰਾਮ ਜੀ ਦੇ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਦੇ ਬੇਵਕਤੀ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹਾਂ। ਇਸ ਨਾਸ਼ਵਾਨ ਸੰਸਾਰ ਤੋ ਸ੍ਰੀਮਤੀ ਸ਼ਾਂਤੀ ਦੇਵੀ ਦਾ ਅਚਾਨਕ ਵਿਛੋੜਾ ਪਰਿਵਾਰ ਅਤੇ ਸਾਡੇ ਸਾਰਿਆਂ ਲਈ ਵੱਡੀ ਮੰਦਭਾਗੀ ਘਟਨਾ ਹੈ। ਅਸੀ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਦੇ ਹੋਏ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਹੋਈ ਆਤਮਾ ਨੂੰ ਅਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

ਦੁਖੀ ਹਿਰਦੇ ਸਹਿਤ,

ਪ੍ਰਿੰਸੀਪਲ
Principal
Ramgarhia Girls College
M.G. LUDHIANA-3

# ਕਹਾਣੀ

# ਰਾਜੂ ਬਾਲਮ

ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409



ਰਾਜੂ ਇਕ ਸਾਲ ਦਾ ਸੀ ਜਦੋਂ ਉਸ ਨੂੰ ਉਸ ਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸ ਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਹਿਤ ਜਾਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸ ਦਾ ਮਾਤਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ।

ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜੂ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੰਗੇ ਕੋਈ ਤੇਜ਼ ਨੇਰ੍ਹੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾਗ਼ ਵਿਚ ਕੋਈ ਜਵਾਰ ਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ ਸਬੂਤੇ ਮਜਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ?

ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਮੇਰੇ ਮਾਤਾ ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮਰੀ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਕਿ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ।

ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨਾਂ ਨੇ ਉਸ ਨਾਲ ਕੋਈ ਬੇਇੰਨਸਾਫ਼ੀ ਕੀਤੀ ਹੋਵੇ। ਜਿਵੇਂ ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨ ਦੇ ਬਾਅਦ ਉਹ ਅਪਣੇ ਨਕਲੀ ਮਾਂ ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ।

ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸ ਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ ਪਰ ਉਸ ਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਅਤੇ ਉਹ ਪੀ।ਆਰ ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖ਼ਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ ਮਾਲ ਸੀ। ਉਸ ਦਾ ਛੇ ਫੁੱਟ ਭਰਵਾਂ ਕੱਦ ਕਾਠ ਕਿਸੇ ਤੇਜ਼ਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਨੂੰ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾਂ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਿਰਾ ਦੇਦਿੰਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਊਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ।

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ "ਕਿ ਰਾਜੂ, ਤੇਰੇ ਮੰਮੀ ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਅਤੇ ਐਹ ਉਨ੍ਹਾਂ ਦਾ ਫੋਨ ਨੰਬਰ ਹੈ।"

ਰਾਜੂ ਦੀ ਮਿਲਣਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਂਘ ਪੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫੋਨ ਕੀਤਾ, ਤਾਂ ਫੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ ਉਸ ਦੀ ਮਾਂ ਦੀ ਹੀ ਸੀ।

ਰਾਜੂ ਨੇ ਹੌਲੀ ਜਿਹੀ ਰੋਆਂਸੀ ਖ਼ਿੜਕਦੀ ਆਵਾਜ਼ ਵਿਚ ਕਿਹਾ," ਮਾਂ...! ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂ-ਮੀਗਤ ਅਣਪਛਾਣੀ ਜਗਿਆਸਾ ਮਈ ਇੱਛਾ ਦੀ ਦਰਦ ਭਰੀ ਲਹਿਰ ਦੋੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਕੌਣ, ਬੇਟਾ ਤੁਸੀ ਕੌਮ ਬੋਲ ਰਹੇ ਹੋ? ਕਿਸ ਨੂੰ ਮਿਲਆ ਏ ਬੇਟਾ?"

ਮਾਂ...।। ਮਾਂ......ਮੈਂ...।ਮੈਂ.........।ਰਾਜੂ ਬੋਲ ਰਿਹਾ ਹਾਂ।" ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਲਬਾ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸਤ ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਬਾਰਿਸ਼ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਪਣਤਾ ਨੂੰ ਛੂਹ ਗਿਆ। ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪੁਲਟ ਹੋ ਗਿਆ ਹੋਵੇ ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖ਼ੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ।

ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਲਲਕ ਇਕ ਲਪਕ ਦੀ ਤੜਪ ਵਿਚ ਕਿਹਾ, "ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਆਂ? ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟ ਕੇ ਜੱਫੀ ਵਿਚ ਲੈ-ਲੈ। ਮੇਰੇ ਪੁਤਰ ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ?

ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੋਏ ਕਿਹਾ, " ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾ ਹਾਂ।

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖ਼ੁਸ਼ੀ ਵਿਚ ਮੂਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖ਼ੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖ਼ੁਸ਼ੀ ਦੇ ਅਸਮਾਨ 'ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜੀ ਲਈ। ਜਿਵੇਂ ਕਿ ਮੰਦਿਰ 'ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨੇ ਹੋਣ ਸਾਕਾਰ ਰੂਪ ਵਿਚ।

ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗੀ ਦੀ ਖ਼ੂਬਸੂਰਤ ਕਾਰ 'ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ 'ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਆਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਜ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ।

ਡੈਡੀ ਅਤੇ ਭੈਣ, ਭਰਾ ਮਿਲ। ਖ਼ੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਣ, ਪਕਵਾਣ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਗਲੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖ਼ਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾ ਮਈ ਲਿਲਕੜੀ ਵਿਚ ਪੁੱਛਿਆ, ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖ਼ਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?

ਤਾਂ ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉਚੇ ਨੀਵੇਂ ਮਾੜੇ ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ਪੁੱਤਰ, ਤੇਰੇ ਨਾਲ ਕੌਣ ਏ? ਕਿਉਂਕਿ ਉਹ ਮੇਰੇ ਹੁਲੀਆ ਅਤੇ ਘਬਰ-ਾਏ ਚਿਹਰੇ ਤੋਂ ਅੰਦਾਜ਼ਾ ਲਗਾ ਗਈ ਸੀ ਕਿ ਮੇਰੀ ਮਨੋਦਸ਼ਾ ਕੀ ਹੈ?

ਮੈਂ ਉਸ ਬਜ਼ੁਰਗ ਔਰਤ ਨੂੰ ਕਿਹਾ, ਕਿ ਮੇਰਾ ਇਸ ਦੁਨੀਆਂ 'ਤੇ ਕੋਈ ਨਹੀਂ ਹੈ, ਮੈਂ ਇਕੱਲਾ ਹੀ ਹਾਂ।

ਉਹ ਔਰਤ ਮੈਨੂੰ ਅਪਣੇ ਘਰ ਲੈ ਆਈ। ਉਹ ਇਕੱਲੀ ਹੀ ਰਹਿੰਦੀ ਸੀ। ਉਸ ਨੇ ਮੈਨੂੰ ਪਾਲਿਆ ਪੋਸਿਆ। ਕੁਝ ਸਾਲ ਬਾਅਦ ਉਸ ਦੀ ਮੌਤ ਹੋ ਗਈ। ਉਹ ਇਕ ਘਰ ਮੇਰੇ ਨਾਮ ਕਰ ਗਈ ਸੀ। ਮੈਂ ਉਹ ਘਰ ਵੇਚ ਕੇ ਟਰਾਂਟੋ ਚਲਾ ਗਿਆ। ਉਥੇ ਜਾ ਕੇ ਬਹੁਤ ਮਿਹਨਤ ਕੀਤੀ। ਕੁਝ ਸਾਲ ਟੈਕਸੀ ਚਲਾਈ ਅਤੇ ਫ਼ਿਰ ਕੁਝ ਸਾਲਾਂ ਬਾਅਦ ਮੈਂ ਇਕ ਟਰੱਕ ਖ਼ਰੀਦ ਲਿਆ। ਹੁਣ ਮੇਰੇ ਕੋਲ ਦੋ ਟਰੱਕ ਹਨ।

ਮਾਂ-ਬਾਪ ਅਤੇ ਸਾਰਾ ਪਰਿਵਾਰ ਖ਼ੁਸ਼ੀ ਵਿਚ ਮਾਲਾ-ਮਾਲ ਹੋ ਗਏ। ਬੁੱਝਿਆ ਹੋਇਆ ਦੀਪਵ ਮੁੜ ਜਗ ਪਿਆ। ਖ਼ੁਸ਼ੀ, ਰੌਸ਼ਨੀ ਵਿਚ ਤਬਦੀਲ ਹੋ ਕੇ ਹਿਕ ਬੁਲੰਦੀ 'ਤੇ ਜਾ ਕੇ ਰੁਕ ਗਈ।

# ਕੰਙਣ

ਮਨ ਦੇ ਵਿਹੜੇ ਕੰਙਣ ਖਿਲਰੇ
ਕੰਙਣ ਖਿਲਰੇ ਚਾਵਾਂ ਦੇ
ਮੈਂ ਨਾ ਤੱਕਾਂ ਧਰਮ ਦੁਆਰੇ
ਮੁੱਖ ਤੱਕਾਂ ਮੈਂ ਮਾਵਾਂ ਦੇ।

ਸੁੱਖ ਮਿਲਦਾ ਹੈ ਨੇਕੀ ਬਦਲੇ
ਜੇ ਮਨ ਸੱਚਾ ਹੋਵੇ ਤਾਂ
ਕੋਈ ਕਿਧਰੇ ਵੀ ਵਸ ਜਾਵੇ
ਫਰਕ ਨਹੀਂ ਪੈਂਦੇ ਥਾਵ੍ਹਾਂ ਦੇ।

ਬਾਝ ਭਰਾਵਾਂ ਕੋਈ ਨੀ ਪੁੱਛਦਾ
ਸਮਿਆਂ ਦਾ ਸੱਚ ਹੁੰਦਾ ਸੀ
ਹੁਣ ਤਾਂ ਆਪੇ ਲੜਨਾ ਪੈਂਦੈ
ਜ਼ੋਰ ਆਪਣੀਆਂ ਬਾਹਵਾਂ ਦੇ।

ਲੱਖ ਆਖੋ ਤੇ ਲੱਖ ਸਮਝਾਵੋ
ਮੈਨੂੰ ਇਹੋ ਈ ਸਮਝ ਪਈ
ਮਨ ਬੰਦੇ ਦਾ ਰੈਣ-ਬਸੇਰਾ
ਬਣ ਜਾਏ ਵਾਂਗ ਸਰਾਵਾਂ ਦੇ।

ਬੰਦੇ ਦੀ ਹੈ ਅਓਧ ਨਿਗੂਣੀ
ਫੇਰ ਵੀ ਚੇਤੇ ਰੱਖਦਾ ਨਹੀਂ
ਕੀ ਖੱਟੇਂਗਾ ਕਰਕੇ ਬਦੀਆਂ
ਬਹੁਤੇ ਪਲ ਨਹੀਂ ਸਾਹਵਾਂ ਦੇ।

ਇੱਥੇ ਫਿਰਦੇ ਲੋਕ ਨਿਤਾਣੇ
ਏਨ੍ਹਾਂ ਵੱਲੇ ਨਜ਼ਰ ਕਰੇਂ
ਕਰਕੇ ਦੇਖ ਦੁਖੀ ਦੀ ਸੇਵਾ
ਅੰਤ ਨਹੀਂ ਰਹਿਣੇ ਚਾਵਾਂ ਦੇ।

ਮੂਰਖ ਲੋਕ ਦਿਖਾਵਾ ਕਰਕੇ
ਆਪਣਾ ਹੀ ਪ੍ਰਛਾਵਾਂ ਫੜਦੇ
ਜੇ ਨਹੀਂ ਮਨ ਬੰਦੇ ਦਾ ਸੱਚਾ
ਅਸਰ ਨਾ ਹੋਣ ਦੁਆਵਾਂ ਦੇ।

ਮਰਦਾਂ ਦੀ ਸਰਦਾਰੀ ਏਥੇ
ਏਸ ਸਮਾਜੀ ਢਾਂਚੇ 'ਤੇ
ਆਪ ਕਰਨ ਧੀਆਂ ਦੀ ਹੱਤਿਆ
ਨਾਂ ਲਾ ਦੇਂਦੇ ਮਾਵਾਂ ਦੇ।

ਤੋਰ ਭਾਵੇਂ ਸਮਿਆਂ ਨੇ ਬਦਲੀ
ਕੁਦਰਤ ਭੇਤ ਲਕੋਈ ਫਿਰਦੀ
ਹੱਠ ਨਾ ਛੱਡਿਆ ਧਰਤ ਵਾਸੀਆਂ
ਵਹਿਣ ਮੋੜੇ ਦਰਿਆਵਾਂ ਦੇ।

ਪਾ ਕੇ ਭਗਵੇਂ ਸੰਤ ਕਹਾਵਣ
ਰੀਤ ਸਮਾਜੀ ਜਾਨਣ ਨਾਂ
'ਬੇਗਮਪੁਰੇ' ਇਹ ਕਿੰਜ ਪੁੱਜਣਗੇ
ਵਾਕਿਫ ਨਹੀਂ ਜਦ ਰਾਹਵਾਂ ਦੇ।



ਕੇਹਰ ਸ਼ਰੀਫ
+49 173 3546050

# ਜਨਹਿੱਤ ਸੰਮਤੀ (ਰਜਿ) ਵੱਲੋਂ ਮੈਰਾਥਨ ਦਾ ਪੋਸਟਰ ਰਲੀਜ਼


**ਪਟਿਆਲਾ-** ਬੀਤੇ ਦਿਨੀਂ ਜਨਹਿੱਤ ਸੰਮਤੀ (ਰਜਿ) ਵੱਲੋਂ ਆਉਂਦੇ ਐਤਵਾਰ 14 ਨਵੰਬਰ, ਐਤਵਾਰ ਨੂੰ ਹੋਣ ਵਾਲੀ ਅੱਠਵੀਂ ਹਾਫ ਮੈਰਾਥਨ ਦੀ ਤਿਆਰੀ ਸਬੰਧੀ ਇੱਕ ਹੰਗਾਮੀ ਮੀਟਿੰਗ ਜਨਰਲ ਸਕੱਤਰ ਮੋਹਨ ਸ਼ਰਮਾ ਦੀ ਅਗਵਾਹੀ ਵਿੱਚ ਕੀਤੀ ਗਈ। ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਫਿਟਨੈੱਸ ਗਰੁੱਪ ਪਟਿਆਲਾ ਰਨਰਜ਼, ਬੌਰਨ ਰਨਰਜ਼ (ਰਜਿ), ਰਨਰਜ਼ ਸਕੁਐਡ, ਬਾਜ਼ ਰਨਰਜ਼, ਰੋਆਇਲ ਰਾਇਡਰਜ਼ ਦੇ ਨੁਮ-ਾਇੰਦਿਆਂ ਨੇ ਸ਼ਿਰਕਤ ਕਰਕੇ ਆਪਣੇ ਸੁਝਾਅ ਪੇਸ਼ ਕੀਤੇ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਗੋਪੀ, ਹੈਰੀ, ਜਸਵਿੰਦਰ ਸਿੰਘ ਜੱਸੀ, ਸੁਖਚੈਨ ਸਿੰਘ, ਈਸ਼ਵਰ ਚੌਧਰੀ, ਪੂਰਨ ਸਿੰਘ ਗਰੇਵਾਲ, ਡਾਕਟਰ ਗਰੋਵਰ, ਡਾਕਟਰ ਸਿਮਰਨ ਆਦਿ ਖਾਸ ਤੌਰ ਤੇ ਹਾਜ਼ਰ ਸਨ। ਜਗਤਾਰ ਜੱਗੀ ਨੇ ਦੱਸਿਆ ਕਿ ਇਸ ਮੌਕੇ ਸੰਸਥਾ ਵੱਲੋਂ ਮੈਰਾਥਨ ਦਾ ਪੋਸਟਰ ਰਲੀਜ ਕੀਤਾ ਗਿਆ। ਉਹਨਾਂ ਦੱਸਿਆ ਕਿ ਇਹ ਮੈਰਾਥਨ ਦਾ ਮਕਸਦ ਲੋਕਾਂ ਨੂੰ ਚੰਗੀ ਸਿਹਤ ਪ੍ਰਤਿ ਜਾਗਰੂਕ ਕਰਨਾ ਹੈ। ਇਹ ਦੌੜ ਰਜਿੰਦਰਾ ਜਿੰਮਖਾਨਾ ਅਤੇ ਮਹਾਰਾਣੀ ਕਲੱਬ ਲਿਮਟਿਡ ਬਾਂਰਾਦਰੀ ਗਾਰਡਨ ਤੋਂ ਆਰੰਭ ਹੋਵੇਗੀ। ਬੈਠਕ ਵਿੱਚ ਮੈਰਾਥਨ ਲਈ ਵੱਖ-ਵੱਖ ਸਮੇਂ ਦੇ ਪੇਸਰ ਨਿਯੁਕਤ ਕੀਤੇ ਹਨ ਜਿਸ ਨਾਲ ਦੌੜਾਕਾਂ ਨੂੰ ਆਪਣੀ ਦੌੜ ਨੂੰ ਨਿਰਧਾਰਿਤ ਸਮੇਂ ਵਿੱਚ ਖਤਮ ਕਰਨ ਵਿੱਚ ਸੌਖ ਹੋਵੇਗੀ। ਸੰਮਤੀ ਦੇ ਜਨਰਲ ਸਕੱਤਰ ਮੋਹਨ ਸ਼ਰਮਾ ਨੇ ਦੱਸਿਆ ਕਿ ਰੇਸ ਵਾਲੇ ਦਿਨ ਰਨਰਜ਼ ਦੇ ਲਈ ਟੀ ਸ਼ਰਟ, ਜ਼ੁੰਬਾ, ਭੰਗੜਾ, ਰਿਫਰੈੱਸਮੈਂਟ, ਮੈਡੀਕਲ ਸੇਵਾ, ਹਾਈਡਰੇਸ਼ਨ ਦਾ ਖਾਸ ਪ੍ਰਬੰਧ ਹੋਵੇਗਾ। ਉਹਨਾਂ ਲੋਕਾਂ ਨੂੰ ਮੈਰਾਥਨ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਭਾਗ ਲੈਣ ਲਈ ਅਪੀਲ ਕੀਤੀ। ਇੱਥੇ ਜ਼ਿਕਰਯੋਗ ਹੈ ਕਿ ਜਨਹਿੱਤ ਸੰਮਤੀ (ਰਜਿ) ਸੰਸਥਾ ਲੋਕਾਂ ਨੂੰ ਫਿੱਟ ਰੱਖਣ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੀਆਂ ਲੋਕ ਭਲਾਈ ਕੰਮਾਂ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ।




# ਰਾਵਿੰਦਰ ਸਿੰਘ ਸੋਢੀ ਦਾ ਨਾਟਕ ਜਿਥੇ ਬਾਬਾ ਪੈਰ ਧਰੇ:ਲੋਕਾਈ ਨੂੰ ਸਿੱਧੇ ਰਸਤੇ ਪਾਉਣ ਦਾ ਉਦਮ


ਉਜਾਗਰ ਸਿੰਘ
91-94178 13072

ਰਾਵਿੰਦਰ ਸਿੰਘ ਸੋਢੀ ਮੁਢਲੇ ਤੌਰ 'ਤੇ ਵਿਦਿਅਕ ਮਾਹਿਰ ਹਨ। ਉਨ੍ਹਾਂ ਹੁਣ ਤੱਕ 6 ਨਾਟਕ ਦੀਆਂ ਪੁਸਤਕਾਂ, ਇਕ ਆਲੋਚਨਾ, ਇਕ ਜੀਵਨੀ, ਇਕ ਖੋਜ, ਇਕ ਕਵਿਤਾ ਅਤੇ ਦੋ ਸਿੱਖ ਧਰਮ ਨਾਲ ਸੰਬੰਧਤ ਕੁਲ 10 ਪੰਜਾਬੀ ਅਤੇ ਇਕ ਹਿੰਦੀ ਵਿੱਚ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ। ਜਿਥੇ ਬਾਬਾ ਪੈਰ ਧਰੇ ਉਨ੍ਹਾਂ ਦਾ ਨਾਟਕ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਲੋਕਾਈ ਦਾ ਸੁਧਾਰ, ਵਹਿਮਾਂ ਭਰਮਾ ਵਿੱਚੋਂ ਬਾਹਰ ਕੱਢਣ ਅਤੇ ਕਰਮਾਤਾਂ ਦਾ ਖੰਡਨ ਕਰਕੇ ਉਨ੍ਹਾਂ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦਾ ਹੈ। ਨਾਟਕਕਾਰ ਦਾ ਇਹ ਨਾਟਕ ਲਿਖਣ ਦਾ ਮੰਤਵ ਇਨਸਾਨੀਅਤ ਨੂੰ ਚੰਗਿਆਈ ਦਾ ਪੱਲਾ ਫੜਨ ਅਤੇ ਰੱਬ ਦੀ ਰਜਾ ਵਿੱਚ ਰਹਿੰਦਿਆ ਭਾਈਚਾਰਕ ਸਾਂਝ ਬਣਾਉਂਦੇ ਹੋਏ ਧਰਮਾ ਦੀਆਂ ਵੰਡੀਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦੇਣਾ ਹੈ। ਰਾਵਿੰਦਰ ਸਿੰਘ ਸੋਢੀ ਦਾ ਇਹ ਨਾਟਕ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਦੇ ਕੁਝ ਕੁ ਸ਼ਰਧਾਲੂਆਂ ਵੱਲੋਂ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨ ਲਈ ਸਾਖੀਆਂ ਵਿੱਚ ਕਰਾਮਾਤਾਂ ਸ਼ਾਮਲ ਕੀਤੀਆਂ ਗਈਆਂ ਹਨ, ਅਸਲ ਵਿੱਚ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰ ਦੇ ਵਿਰੁੱਧ ਹਨ। ਉਨ੍ਹਾਂ ਲੋਕਾਂ ਨੂੰ ਗੁਮਰਾਹ ਹੋਣ ਤੋਂ ਬਚਾਉਣ ਲਈ ਵੀ ਇਹ ਨਾਟਕ ਲਿਖਕੇ ਚੰਗਾ ਉਪਰਾਲਾ ਕੀਤਾ ਲਗਦਾ ਹੈ। ਇਸ ਨਾਟਕ ਨੂੰ 11 ਦ੍ਰਿਸ਼ਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਦ੍ਰਿਸ਼ ਵਿੱਚ ਇਕ ਪੰਡਤ ਦੇ ਸਾਹਮਣੇ ਹੀ ਦੋ ਵਿਹਲੜ ਨੌਜਵਾਨ ਤਾਸ਼ ਖੇਡਦੇ ਵਿਖਾਏ ਹਨ। ਪੰਡਤ ਜੀ ਉਨ੍ਹਾਂ ਨੂੰ ਤਾਸ਼ ਖੇਡਕੇ ਵਕਤ ਗੁਆਉਣ ਤੋਂ ਰੋਕਣ ਦੀ ਵਿਜਾਏ ਆਪ ਉਨ੍ਹਾਂ ਨਾਲ ਹਾਸਾ ਠੱਠਾ ਕਰਦੇ ਹਨ। ਉਹ ਨੌਜਵਾਨ ਪੰਡਤ ਜੀ ਦੀ ਇਜ਼ਤ ਵੀ ਨਹੀਂ ਕਰਦੇ, ਇਸ ਮੌਕੇ ਤੇ ਇਕ ਗੁਰਦੁਆਰੇ ਦਾ ਭਾਈ ਸਮਾਜ ਸੁਧਾਰਕ ਦੇ ਰੂਪ ਵਿੱਚ ਆਉਂਦਾ ਹੈ ਜੋ ਨੌਜਵਾਨਾ ਨੂੰ ਵੱਡਿਆਂ ਦੀ ਇਜ਼ਤ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਪੰਡਤ ਜੀ ਨੂੰ ਵੀ ਨੌਜਵਾਨਾ ਨਾਲ ਵਿਚਰਨ ਤੋਂ ਰੋਕਦੇ ਹਨ। ਭਾਵ ਆਪਣੀ ਇਜ਼ਤ ਆਪਣੇ ਹੱਥ ਹੁੰਦੀ ਹੈ। ਭਾਈ ਜੀ ਨੌਜਵਾਨਾ ਨੂੰ ਕੋਈ ਕਾਰੋਬਾਰ ਕਰਨ ਦੀ ਨਸੀਹਤ ਦਿੰਦੇ ਹਨ। ਜਾਪੀ ਪਾਤਰ ਕਹਿੰਦੇ ਹਨ ਪੜ੍ਹ ਲਿਖਕੇ ਆਪਣੇ ਬਾਪੂ ਨਾਲ ਦਿਹਾੜੀ ਕਰਨ ਜਾਣਾ ਠੀਕ ਨਹੀਂ। ਦੂਜਾ ਪਾਤਰ ਕਰਮਾ ਕਹਿੰਦਾ ਹੈ ਕਿ ਉਸਦਾ ਪਿਤਾ ਜਿਸ ਫ਼ੌਜੀ ਦੇ ਨਾਲ ਸੀਰੀ ਹਨ, ਉਹ ਗਾਲਾਂ ਕੱਢਦੇ ਹਨ। ਭਾਈ ਨੌਜਵਾਨਾ ਨੂੰ ਗੁਰਦੁਆਰਾ ਸਾਹਿਬ ਆ ਕੇ ਪਾਠ ਕਰਨ ਲਈ ਮਨਾਉਂਦੇ ਹਨ। ਜਾਪੀ ਕਹਿੰਦੇ ਹਨ ਕਿ ਗੁਰੂ ਜੀ ਦੀਆਂ ਜਨਮ ਸਾਖੀਆਂ ਵਿੱਚ ਕਰਾਮਾਤਾਂ ਵਿਖਾਈਆਂ ਗਈਆਂ ਹਨ, ਇਨ੍ਹਾਂ ਵਿੱਚ ਕਿਤਨੀ ਸਚਾਈ ਹੈ। ਭਾਈ ਜੀ ਦਸਦੇ ਹਨ ਕਿ ਗੁਰੂ ਜੀ ਲੋਕਾਂ ਨੂੰ ਅਜਿਹੇ ਵਹਿਮਾ ਭਰਮਾ ਤੋਂ ਬਾਹਰ ਕੱਢਦੇ ਸਨ। ਸਾਖੀਆਂ ਵਿੱਚ ਕੁਝ ਸ਼ਰਧਾਲੂਆਂ ਨੇ ਗੁਰੂ ਸਾਹਿਬ ਨੂੰ ਰੱਬ ਦਾ ਦਰਜਾ ਦੇ ਦਿੱਤਾ। ਗੁਰੂ ਸਾਹਿਬ ਤਾਂ ਇਨ੍ਹਾਂ ਗੱਲਾਂ ਦੇ ਵਿਰੁੱਧ ਸਨ। ਭਾਈ ਸਾਹਿਬ ਜਾਪੀ ਅਤੇ ਕਰਮੇ ਨੂੰ ਅਸਲੀਅਤ ਤੋਂ ਜਾਣੂ ਕਰਵਾਉਂਦੇ ਹਨ। ਪਹਿਲਾ ਦ੍ਰਿਸ਼ ਖ਼ਤਮ ਹੋ ਜਾਂਦਾ ਹੈ। ਦੂਜੇ ਦ੍ਰਿਸ਼ ਵਿੱਚ ਮੋਦੀਖਾਨੇ ਵਿੱਚ ਕੰਮ ਕਰਨ ਕਰਕੇ ਕੁਝ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਦੀ ਨਵਾਬ ਕੋਲ ਸ਼ਿਕਾਇਤ ਕਰ ਦਿੱਤੀ, ਜੋ ਸਰਾਸਰ ਗ਼ਲਤ ਸਾਬਤ ਹੋਈ। ਨਵਾਬ, ਰਾਏ ਬੁਲਾਰ ਅਤੇ ਗੁਰੂ ਨਾਨਕ ਦੇਵ ਜੀ ਦੇ ਅਧਿਆਪਕਾਂ ਦੇ ਸਾਹਮਣੇ ਨਵਾਬ ਪਛਤਾਵਾ ਕਰ ਰਹੇ ਹਨ ਕਿ ਮੈਂ ਗੁਰੂ ਜੀ 'ਤੇ ਲੋਕਾਂ ਦੇ ਕਹਿਣ 'ਤੇ ਸ਼ੱਕ ਕਰ ਲਈ, ਜਿਸ ਤੋਂ ਬਾਅਦ ਗੁਰੂ ਜੀ ਲੰਬੀ ਉਦਾਸੀ 'ਤੇ ਚਲੇ ਗਏ। ਇਸ ਦ੍ਰਿਸ਼ ਵਿੱਚ ਸਾਰੇ ਪਤਵੰਤੇ ਗਰੂ ਜੀ ਦੀ ਇਨਸਾਨੀਅਤ ਦੀ ਪ੍ਰਵਿਰਤੀ ਦੀ ਤਾਰੀਫ਼ ਕਰਦੇ ਵਿਖਾਏ ਗਏ ਹਨ। ਤੀਜੇ ਦ੍ਰਿਸ਼ ਵਿੱਚ ਮਲਕ ਭਾਗੋ ਗੁਰੂ ਜੀ ਵੱਲੋਂ ਉਨ੍ਹਾਂ ਦੇ ਗ੍ਰਿਹਿ ਵਿਖੇ ਆ ਕੇ ਭੋਜਨ ਕਰਨ ਦੀ ਥਾਂ ਭਾਈ ਲਾਲੋ ਦੇ ਘਰ




ਜਾਣ ਨਾਲ ਆਪਣੀ ਹੇਠੀ ਸਮਝਦੇ ਹੋਏ, ਸਿੱਧੇ ਰਸਤੇ ਚਲਕੇ ਸੱਚੀ ਸੁੱਚੀ ਕਮਾਈ ਕਰਨ ਦਾ ਪ੍ਰਣ ਕਰਦੇ ਹੋਏ ਆਪਣੀਆਂ ਆਪਹੁਦਰੀਆਂ 'ਤੇ ਪਛਤਾਵਾ ਕਰਦੇ ਵਿਖਾਏ ਹਨ। ਮਲਕ ਭਾਗੋ ਦੀ ਬੇਗਮ ਵਾਰ ਵਾਰ ਸੋਚਣ ਦੀ ਗੱਲ ਕਰਦੇ ਹਨ। ਦੁਨੀ ਚੰਦ ਦਾ ਪਾਤਰ ਵੀ ਦੋ ਮੁਸਾਫ਼ਰਾਂ ਨੂੰ ਆਪਣੀ ਫ਼ੋਕੀ ਸ਼ੋਹਰਤ ਦੀ ਗ਼ਲਤੀ ਦਾ ਅਹਿਸਾਸ ਕਰਦਾ ਹੋਇਆ ਦੱਸਦਾ ਹੈ ਕਿ ਗੁਰੂ ਜੀ ਨੇ ਮੈਨੂੰ ਸਮਝਾ ਦਿੱਤਾ ਹੈ ਕਿ ਮੌਤ ਤੋਂ ਬਾਅਦ ਕੋਈ ਵਸਤੂ ਨਾਲ ਨਹੀਂ ਜਾਣੀ, ਫਿਰ ਇਹ ਧਨ ਕਿਉਂ ਇਕੱਤਰ ਕੀਤਾ ਜਾਵੇ? ਇਕ ਸਜਣ ਨਾਮ ਦਾ ਪਾਤਰ ਜਿਹੜਾ ਆਪਣੀ ਧਰਮਸ਼ਾਲਾ ਵਿੱਚ ਦੋ ਦਲਾਲਾਂ ਰਸੂਲ ਅਤੇ ਨੂਰਾਂ ਰਾਹੀਂ ਲਿਆਂਦੇ ਮੁਸਾਫਰਾਂ ਨੂੰ ਮਾਰ ਕੇ ਲੁੱਟ ਲੈਂਦਾ ਸੀ। ਜਦੋਂ ਰਸੂਲ ਅਤੇ ਨੂਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਰਦਾਨੇ ਨੂੰ ਸਜਣ ਦੀ ਧਰਮਸ਼ਾਲਾ ਵਿੱਚ ਲੈ ਕੇ ਜਾਂਦੇ ਹਨ ਤਾਂ ਉਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸੁਣਕੇ ਸਿੱਧੇ ਰਸਤੇ ਪੈ ਗਿਆ। ਨੂਰਾਂ ਅਤੇ ਰਸੂਲ ਨੂੰ ਸਿੱਧੇ ਰਸਤੇ ਪਾਉਣ ਲਈ ਲੇਖਕ ਨੇ ਇਕ ਜੋਤ ਰੌਸ਼ਨੀ ਦੇ ਰੂਪ ਵਿੱਚ ਵਿਖਾਕੇ ਉਨ੍ਹਾਂ ਦੋਹਾਂ ਦਾ ਵੀ ਉਧਾਰ ਕੀਤਾ ਹੈ। ਚੌਥੇ ਦ੍ਰਿਸ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਹਰਿਦੁਆਰ ਵਿਖੇ ਸੂਰਜ ਨੂੰ ਪਾਣੀ ਦੇਣ ਸਮੇਂ ਆਪ ਆਪਣੇ ਖੇਤਾਂ ਨੂੰ ਪਾਣੀ ਦੇਣ ਅਤੇ ਜਿਹੜੇ ਪਿੰਡ ਦੇ ਲੋਕਾਂ ਨੇ ਉਨ੍ਹਾਂ ਨਾਲ ਚੰਗਾ ਵਰਤਾਓ ਨਹੀਂ ਕੀਤਾ ਸੀ, ਉਨ੍ਹਾਂ ਨੂੰ ਵਸਦੇ ਰਹੋ ਕਹਿਣਾ ਅਤੇ ਆਦਰ ਮਾਣ ਕਰਨ ਵਾਲੇ ਪਿੰਡ ਦੇ ਲੋਕਾਂ ਨੂੰ ਉਜੜ ਜਾਓ ਕਹਿਣ ਨੂੰ ਬੜੇ ਸੁਚੱਜੇ ਢੰਗ ਨਾਲ ਪਾਂਡਿਆਂ ਵੱਲੋਂ ਲੋਕਾਂ ਨੂੰ ਗੁਮਰਾਹ ਕਰਨ ਅਤੇ ਉਨ੍ਹਾਂ ਦਾ ਸੁਧਾਰ ਕਰਨ ਨੂੰ ਦ੍ਰਿਸ਼ਟਾਂਤਿਕ ਤੌਰ ਤੇ ਰੰਗ ਮੰਚ ਤੇ ਦਰਸਾ ਕੇ ਕਮਾਲ ਕੀਤੀ ਗਈ ਹੈ। ਪੰਜਵੇਂ ਦ੍ਰਿਸ਼ ਵਿੱਚ ਗੋਪਾਲ ਅਤੇ ਤਰਲੋਕੀ ਪਾਤਰਾਂ ਦੀ ਵਿਚਾਰ ਚਰਚਾ ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਦੇ ਦੁਆਲੇ ਘੁੰਮਦੀ ਵਿਖਾਈ ਗਈ ਹੈ, ਜਿਸਦਾ ਭਾਵ ਅਰਥ ਗੁਰੂ ਨੇ ਲੋਕਾਈ ਨੂੰ ਵਹਿਮਾਂ ਭਰਮਾ ਵਿੱਚੋਂ ਕੱਢਕੇ ਸਿੱਧੇ ਰਸਤੇ ਪਾਇਆ ਹੈ। ਛੇਵੇਂ ਦ੍ਰਿਸ਼ ਵਿੱਚ ਬਾਬਰ ਬਾਦਸ਼ਾਹ ਮੰਚ 'ਤੇ ਆਪਣੀ ਅੰਤਰ ਆਤਮਾ ਦੀ ਆਵਾਜ਼ ਸੁਣਦਾ ਹੈ ਕਿ ਉਸਨੇ ਅਨੇਕ ਜ਼ੁਲਮ ਕੀਤੇ ਹਨ ਪ੍ਰੰਤੂ ਉਸਨੂੰ ਇਕ ਹੋਰ ਆਵਾਜ਼ ਆਉਂਦੀ ਹੈ, ਜਿਸਨੂੰ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਮਝਦਾ ਹੈ, ਉਹ ਹੀ ਉਸਨੂੰ ਸਿੱਧੇ ਰਸਤੇ 'ਤੇ ਚਲਣ ਦੀ ਪ੍ਰੇਰਨਾ ਕਰਦੀ ਹੈ। ਇਸ ਦ੍ਰਿਸ਼ ਵਿੱਚ ਬਾਬਰ ਦਾ ਸੁਧਾਰ ਹੁੰਦਾ ਵਿਖਾਇਆ ਜਾਂਦਾ ਹੈ। ਸੱਤਵੇਂ ਦ੍ਰਿਸ਼ ਵਿੱਚ ਨਾਟਕਕਾਰ ਨੇ ਚਰਪਟ ਨਾਥ, ਲੋਹਾਰੀਪਾ ਅਤੇ ਭੰਗਰ ਨਾਥ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਿਲਣੀ ਤੋਂ ਬਾਅਦ ਆਪਸੀ ਪਰੀਚਰਚਾ ਕਰਵਾਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਰਮ ਕਾਂਡ ਅਤੇ ਯੋਗ ਰਾਹੀਂ ਦੁਨੀਆਂ ਤੋਂ ਦੂਰ ਰਹਿਕੇ ਪ੍ਰਮਾਤਮਾ ਦੀ ਪ੍ਰਾਪਤੀ ਕਰਨਾ ਜ਼ਾਇਜ਼ ਨਹੀਂ, ਸਗੋਂ ਸੰਸਾਰੀ ਹੁੰਦਿਆਂ ਵੀ ਪਰਮ ਪ੍ਰਮਾਤਮਾ ਨੂੰ ਪ੍ਰਾਪਤ ਕੀਤਾ ਜਾ ਕਦਾ ਹੈ। ਅੱਠਵੇਂ ਦ੍ਰਿਸ਼ ਵਿੱਚ ਕਾਜ਼ੀ, ਤਾਜੁਦੀਨ ਅਤੇ ਜ਼ੈਨੂਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਜਿਸ ਵਿੱਚ ਪ੍ਰਮਾਤਮਾ ਹਰ ਥਾਂ ਚਾਰੇ ਪਾਸੇ ਅਤੇ ਹਰ ਸ਼ੈ ਵਿੱਚ, ਜ਼ਾਤ ਪਾਤ ਤੋਂ ਰਹਿਤ ਸਮਾਜ ਅਤੇ ਧਰਮਾ ਦੇ ਕੱਟੜ ਮਜ਼ਹਬੀ ਅਸੂਲ ਲੋਕਾਂ ਦੀ ਬਿਹਤਰੀ ਨਹੀਂ ਕਰ ਸਕਦੇ ਵਰਗੇ ਸੰਵਾਦ ਕਰਦੇ ਵਿਖਾਏ ਗਏ ਹਨ। ਅਖ਼ੀਰ ਵਿੱਚ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰਾਹ ਦਸੇਰਾ ਮੰਨਦੇ ਹਨ। ਨੌਵੇਂ ਦ੍ਰਿਸ਼ ਵਿੱਚ ਪੀਰ ਦਸਤਗੀਰ, ਅਬਦੁਲ ਅਤੇ ਅਕਰਮ ਦਰਮਿਆਨ ਸੰਬਾਦ ਕਰਵਾਕੇ ਇਹ ਸਾਬਤ ਕਰ ਦਿੱਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਕਹਿੰਦੇ ਹਨ ਪਰਮਾਤਮਾ, ਅੱਲਾ ਤਾਲਾ ਅਤੇ ਖ਼ੁਦਾ ਇਕ ਹੀ ਹੈ। ਉਹ ਹੀ ਸਾਰੇ ਸੰਸਾਰ ਨੂੰ ਪੈਦਾ ਕਰਦਾ ਹੈ ਅਤੇ ਖ਼ੁਦਾ ਵਿਖਾਈ ਨਹੀਂ ਦਿੰਦਾ ਪ੍ਰੰਤੂ ਹਰ ਵਸਤੂ ਵਿੱਚ ਮੌਜਦ ਹੈ।

ਖ਼ੁਦਾ ਦੇ ਹੱਥ ਸਭ ਕੁਝ ਹੈ, ਅਰਥਾਤ ਗ਼ਰੀਬ ਨੂੰ ਅਮੀਰ ਅਤੇ ਅਮੀਰ ਨੂੰ ਗ਼ਰੀਬ ਬਣਾ ਸਕਦਾ ਹੈ। ਉਹ ਤਖ਼ਤ ਤਾਜ ਤੇ ਬਿਠਾ ਅਤੇ ਉਤਾਰ ਸਕਦਾ ਹੈ। ਦਸਵੇਂ ਦ੍ਰਿਸ਼ ਵਿੱਚ ਨਾਟਕਕਾਰ ਨੇ ਵਲੀ ਕੰਧਾਰੀ ਅਤੇ ਉਸਦੇ ਨੌਕਰ ਰਾਹੀਂ ਸੰਬਾਦ ਕਰਕੇ ਦਰਸਾਇਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਤੋੜ ਕੇ ਉਨ੍ਹਾਂ ਨੂੰ ਇਨਸਾਨੀਅਤ ਦਾ ਪੱਲਾ ਫੜਨ ਲਈ ਆਪਣੀ ਵਿਦਵਤਾ ਦੀ ਚਾਬੀ ਨਾਲ ਸਿੱਧੇ ਰਸਤੇ ਪਾਇਆ ਹੈ। ਗਿਆਰਵੇਂ ਅਤੇ ਆਖ਼ਰੀ ਦ੍ਰਿਸ਼ ਵਿੱਚ ਦਰਵੇਸ਼, ਪਹਿਲਾ ਆਦਮੀ ਅਤੇ ਦੂਜਾ ਆਦਮੀ ਪਾਤਰਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਨਸਾਨੀਅਤ, ਜ਼ਾਤ ਪਾਤ, ਵਹਿਮਾ ਭਰਮਾ, ਇਨਸਾਨੀਅਤ ਦੇ ਦਿਮਾਗਾਂ ਵਿੱਚ ਆਤਮ ਰੌਸ਼ਨੀ ਪੈਦਾ ਕਰਨ, ਧਰਮ ਦੇ ਠੇਕਦਾਰਾਂ ਤੋ ਬਚਣ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦਾ ਵਿਚਾਰ ਕਰਦੇ ਵਿਖਾਏ ਗਏ ਹਨ। ਇਨਸਾਨ ਨੂੰ ਸਮਾਜਿਕ, ਧਾਰਮਿਕ, ਭੂਗੋਲਿਕ ਅਤੇ ਪਰਮਾਤਮਾ ਦੀ ਵਿਚਾਰਧਾਰਾ ਦੀਆਂ ਵੰਡੀਆਂ ਪਾਉਣ ਤੋਂ ਪ੍ਰਹੇਜ਼ ਕਰਨ ਦਾ ਸੁਨੇਹਾ ਦਿੱਤਾ ਗਿਆ ਹੈ।

# ਮੰਜ਼ਿਲ ਵੱਲ ਸਰਗਰਮੀ ਨਾਲ ਵਧ ਰਹੀ ਖ਼ੂਬਸੂਰਤ ਤੇ ਸੁਰੀਲੀ ਮੁਟਿਆਰ ਗਾਇਕਾ : ਪ੍ਰਭ ਦਹਿਲੋੜ


ਪ੍ਰੀਤਮ ਲੁਧਿਆਣਵੀ
9876428641

ਗੀਤ-ਸੰਗੀਤ ਦੀ ਕਲਾ ਦੀਆਂ ਬਖਸ਼ਿਸ਼ਾਂ ਕਰਨ ਵਾਲੀ ਸਰਸਵਤੀ ਮਾਤਾ ਬਖਸ਼ੀਸ਼ ਕਰਨ ਲੱਗੀ ਇਹ ਨਹੀਂ ਦੇਖਦੀ ਕਿ ਜਿਸ ਉਤੇ ਮੇਹਰਾਂ ਦਾ ਮੀਂਹ ਵਰਸਾਉਣਾ ਹੈ ਉਹ ਅਮੀਰ ਹੈ ਜਾਂ ਗਰੀਬ : ਉਹ ਕਿਰਤੀ-ਮਜਦੂਰ ਹੈ ਜਾਂ ਰਾਜਾ। ਉਹ ਤਾਂ ਬਸ ਨੀਤਾਂ ਦੇਖਦੀ ਹੈ ਤੇ ਸੱਚੀਆਂ ਨੀਤਾਂ ਵਾਲਿਆਂ ਦੀਆਂ ਝੋਲ਼ੀਆਂ ਆਪਣੀਆਂ ਕਲਾਵਾਂ ਨਾਲ ਭਰਨ ਦਾ ਸਬੱਬ ਬਣਾ ਕੇ ਉਨ੍ਹਾਂ ਨੂੰ ਸ਼ੁਹਰਤ ਦੀਆਂ ਉਚ ਮੰਜ਼ਲਾਂ ਦਿਖਾਉਂਦੀ ਉਨ੍ਹਾਂ ਦੀ ਬੱਲੇ ਬੱਲੇ ਕਰਵਾਂਉਂਦੀ ਹੈ। ਸੱਚੀਆਂ ਨੀਤਾਂ ਨੂੰ ਮੁਰਾਦਾਂ ਹਾਸਲ ਕਰਨ ਵਾਲਿਆਂ ਵਿਚ ਮੱਧ-ਵਰਗੀ ਪਰਿਵਾਰ ਵਿਚ ਪੈਦਾ ਹੋਇਆ ਇਕ ਖ਼ੂਬਸੂਰਤ ਨਾਂ ਹੈ ਪ੍ਰਭ ਦਹਿਲੋੜ।

ਹੁਸਨ ਦੀ ਮਾਲਿਕਾ, ਮਨਮੋਹਕ ਅਦਾਵਾਂ ਵਾਲੀ ਸੋਹਣੀ ਸੁਨੱਖੀ ਮੁਟਿਆਰ ਪ੍ਰਭ ਦਹਿਲੋੜ ਦਾ ਜਨਮ ਪਿੰਡ ਬਹਿਲੋਲ ਪੁਰ (ਜਿਲ੍ਹਾ ਮੋਹਾਲੀ) ਵਿੱਚ ਪਿਤਾ ਸ੍ਰ.ਲਖਵੀਰ ਸਿੰਘ ਦੇ ਗ੍ਰਿਹਿ ਵਿਖੇ ਮਾਤਾ ਸ੍ਰੀਮਤੀ ਸੰਤੋਸ਼ ਕੌਰ ਦੀ ਪਾਕਿ ਕੁੱਖੋਂ ਹੋਇਆ। ਪ੍ਰਭ ਦੱਸਦੀ ਹੈ ਕਿ ਸਰਸਵਤੀ ਮਾਤਾ ਨੇ ਬਚਪਨ ਤੋਂ ਹੀ ਉਸ ਨੂੰ ਮਿੱਠੀ, ਸੁਰੀਲੀ ਤੇ ਦਮਦਾਰ ਅਵਾਜ਼ ਦੀ ਬਖ਼ਸ਼ੀਸ਼ ਕਰਦਿਆਂ ਗਾਇਕੀ ਦੇ ਆਪਣੇ ਨਿਵੇਕਲੇ ਦਿਲਕਸ਼ ਰੰਗਾਂ ਵਿਚ ਰੰਗ ਦਿੱਤਾ ਸੀ। ਜਿਨ੍ਹਾਂ ਰੰਗਾਂ ਸਦਕਾ ਉਹ ਆਪਣੇ ਪਿੰਡ ਬਹਿਲੋਲਪੁਰ ਦੇ ਸਰਕਾਰੀ ਸਕੂਲ ਵਿੱਚ ਪੜ੍ਹਨ ਸਮੇਂ ਆਪਣੀ ਗਾਇਕੀ ਕਲਾ ਦੇ ਰੰਗ ਵਿਖੇਰਨ ਲੱਗ ਗਈ ਸੀ। ਜਿੱਥੇ ਵੀ ਉਸਨੂੰ ਗਾਉਣ ਦਾ ਮੌਕਾ ਮਿਲਣਾ ਆਪਣੀ ਕਲਾ ਦੇ ਜੌਹਰ ਦਿਖਾ ਕੇ ਉਸ ਨੇ ਵਾਹ-ਵਾਹ ਖੱਟ ਲੈਣੀ। ਉਹ ਜਦੋਂ ਟੀ. ਵੀ. 'ਤੇ ਜਾਂ ਵਿਆਹਾਂ-ਸ਼ਾਦੀਆਂ ਵਿਚ ਗੀਤ ਸੁਣਦੀ ਤਾਂ ਉਸ ਅੰਦਰ ਵੀ ਇਕ ਹੂਕ ਜਿਹੀ ਨਿਕਲਦੀ, ਕਾਸ਼ ! ਮੈਂ ਵੀ ਇਨ੍ਹਾਂ ਵਾਂਗ ਸੁਰੀਲੀਆਂ ਹੇਕਾਂ ਲਾ ਕੇ ਆਪਣੇ ਅੰਦਰ ਛੁਪੀ ਕਲਾ ਨੂੰ ਲੋਕਾਂ ਨਾਲ ਸਾਂਝੀ ਕਰਾਂ! ਗੱਲਬਾਤ ਦੌਰਾਨ ਪ੍ਰਭ ਨੇ ਕਿਹਾ, "ਮੇਰੀ ਸਮੱਸਿਆ ਇਹ ਸੀ ਕਿ ਮੇਰੀ ਗਾਇਕੀ ਕਲਾ ਨੂੰ ਬਾਹਰ ਸਕੂਲ ਵਿਚ ਤਾਂ ਸਲੂਟ ਪੈਂਦੇ ਸਨ ਪਰ, ਘਰ ਵਿਚ ਨਹੀਂ। ਘਰ ਵਿਚ ਇਕ ਪਿਤਾ ਹੀ ਸੀ ਜੋ ਮੈਨੂੰ ਸ਼ਾਬਾਸ਼ ਦੇਕੇ ਮੇਰੀ ਕਲਾ ਦਾ ਮੁੱਲ ਪਾਉਂਦਾ ਸੀ, ਹੋਰ ਕੋਈ ਨਹੀਂ। ਮਾਤਾ ਸਰਸਵਤੀ ਨੇ ਮੈਦਾਨ 'ਚ ਖੁੱਲ੍ਹਕੇ ਨਿੱਤਰਨ ਦਾ ਮੇਰਾ ਸਬੱਬ ਬਣਾਇਆ। ਮੈਂ ਇਕ ਸੋਲੋ ਗੀਤ, 'ਦਿਲ ਜੱਟੀ ਦਾ' ਮਾਰਕੀਟ ਵਿਚ ਉਤਾਰਿਆ। ਇਨ੍ਹਾਂ ਗੀਤਾਂ ਤੋਂ ਬਾਅਦ ਮੇਰੇ ਪੂਰੇ ਪਰਿਵਾਰ ਨੇ ਹੀ ਮੇਰੀ ਗਾਇਕੀ ਕਲਾ ਦੀ ਕਦਰ ਕਰਨੀ ਸ਼ੁਰੂ ਕਰ ਦਿੱਤੀ।''





ਵੀਡੀਓ ਟਿੱਕ-ਟਾਕ 'ਤੇ ਪਾਈ। ਉਸ ਵੀਡੀਓ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ ਤੇ ਮੈਨੂੰ ਧੜਾ-ਧੜ ਫੋਨ ਆਉਣੇ ਸ਼ੁਰੂ ਹੋ ਗਏ। ਮੈਂ ਹੌਸਲਾ ਜਿਹਾ ਕਰ ਕੇ ਫਿਰ ਗੀਤ 'ਕਰੈਕ ਹੈਡ' ਗੀਤਕਾਰ ਤੇ ਗਾਇਕ ਹੁਸਨ ਧਾਂਦਲੀ ਨਾਲ ਰਿਕਾਰਡ ਕਰਵਾਇਆ। ਇਸ ਤੋਂ ਬਾਅਦ ਮੈਂ ਨਿਸ਼ਾਨ ਹੰਸ ਦਾ ਲਿਖਿਆ

ਪ੍ਰਭੂ ਦਹਿਲੋੜ ਹੁਣ ਜਿੱਥੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰਾਈਵੇਟ ਬੀ. ਏ. ਫਾਈਨਲ ਕਰ ਰਹੀ ਹੈ, ਉਥੇ ਐਲ. ਆਈ. ਸੀ ਵਿਚ ਨੌਕਰੀ ਕਰਨ ਦੇ ਨਾਲ-ਨਾਲ ਆਪਣੀ ਗਾਇਕੀ ਕਲਾ ਨੂੰ ਵੀ ਪੂਰੇ ਸ਼ੌਂਕ, ਚਾਅ, ਲਗਨ, ਮਿਹਨਤ ਅਤੇ ਰੂਹ ਨਾਲ ਸਮਰਪਿਤ ਹੋ ਕੇ ਪਾਲ ਰਹੀ ਹੈ। ਇਸੇ ਸੰਘਰਸ਼ਮਈ ਤਪੱਸਿਆ ਦੇ ਨਤੀਜਨ ਉਸਨੂੰ ਹੁਣ ਤੱਕ ਕਈ ਸਟਾਰ ਕਲਾਕਾਰਾਂ ਨਾਲ ਆਪਣੀ ਕਲਾ ਦਿਖਾਉਣ ਦਾ ਮੌਕਾ ਮਿਲ ਚੁੱਕਾ ਹੈ, ਜਿਨ੍ਹਾਂ ਵਿੱਚ ਗੀਤ, 'ਸੈਲਫਿਸ਼' (ਗੀਤਕਾਰ ਤੇ ਗਾਇਕ ਨਿਸ਼ਾਨ ਹੰਸ ਤੇ ਪ੍ਰਭ ਦਹਿਲੋੜ), 'ਕਰੈਕ ਹੈੱਡ (ਪ੍ਰਭ ਦਹਿਲੋੜ ਤੇ ਗੀਤਕਾਰ, ਗਾਇਕ ਹੁਸਨ ਧਾਂਦਲੀ), 'ਅੱਖੀਆਂ ਵਾਲਾ ਸੁਰਮਾ' (ਗੀਤਕਾਰ ਹੈਪੀ ਰਾਇ ਕੋਟੀ, ਗਾਇਕਾ ਪ੍ਰਭ ਦਹਿਲੋੜ ਤੇ ਗਾਇਕ ਜੱਸਪੂਰਨ ਢਿੱਲੋਂ) ਆਦਿ ਵਿਸੇਸ਼ ਵਰਨਣ ਯੋਗ ਹਨ। ਅੱਜ ਕੱਲ ਪ੍ਰਭ ਦਹਿਲੋੜ ਆਪਣੀ ਕਲਾ ਨੂੰ ਨਿਖਾਰਨ ਲਈ ਪ੍ਰਸਿੱਧ ਗਾਇਕ ਸਵ : ਸਾਬਰ ਕੋਟੀ ਜੀ ਦੇ ਲਾਡਲੇ ਸ਼ਾਗਿਰਦ ਗਾਇਕ ਕਰਨ ਗਿੱਲ ਜੀ ਕੋਲੋਂ ਸੰਗੀਤਕ ਬਰੀਕੀਆਂ ਸਿੱਖ ਰਹੀ ਹੈ।

ਗਾਇਕੀ ਨੂੰ ਆਪਣੀ ਜਿੰਦ ਜਾਨ ਸਮਝਕੇ ਰਿਆਜ਼ ਕਰਨ ਵਾਲੀ ਪ੍ਰਭ ਦੇ ਗੀਤਾਂ ਦੀ ਰਿਕਾਰਡਿੰਗ ਦੇ ਕਈ ਪ੍ਰੋਜੈਕਟ ਇਸ ਵਕਤ ਚੱਲ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਉਹ ਬਹੁਤ ਜਲਦੀ ਹੀ ਸਰੋਤਿਆਂ ਲਈ ਨਵੇਂ ਨਵੇਂ ਗੀਤ ਲੈਕੇ ਹਾਜ਼ਰ ਹੋ ਰਹੀ ਹੈ। ਉਹ ਆਪਣੇ ਮਾਤਾ-ਪਿਤਾ, ਭੈਣ-ਭਰਾ, ਆਪਣੇ ਉਸਤਾਦ ਕਰਨ ਗਿੱਲ, ਰੱਬ ਵਰਗੇ ਸਰੋਤਿਆਂ ਅਤੇ ਗੀਤਕਾਰ ਰਾਜੂ ਨਾਹਰ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ਜਿਨ੍ਹਾਂ ਦੇ ਨਿੱਘੇ ਸਹਿਯੋਗ ਸਦਕਾ ਉਹ ਆਪਣੇ ਸੁਪਨੇ ਸਾਕਾਰ ਕਰ ਰਹੀ ਹੈ। ਉਹ ਦਿਨ ਦੂਰ ਨਹੀ ਜਦੋਂ ਇਸ ਸੁਰੀਲੀ ਮੁਟਿਆਰ ਗਾਇਕਾ ਦਾ ਨਾਂ ਬੱਚੇ-ਬੱਚੇ ਦੀ ਜੁਬਾਨ ਉਤੇ ਗੂੰਜਦਾ ਫ਼ਿਜ਼ਾ ਵਿਚ ਚਾਰੋ ਪਾਸੇ ਧੂੰਮ ਮਚਾਏਗਾ।

ਰੱਬ ਕਰੇ ! ਉਹ ਸੁਲੱਖਣੇ ਪਲਾਂ ਭਰੀ, ਇਸ ਮੁਟਿਆਰ ਦੀ ਗਾਇਕੀ ਦੀਆਂ ਮਹਿਕਾਂ ਵਿਖੇਰਦੀ ਸੱਜਰੀ ਸਵੇਰ ਜਲਦੀ ਆਵੇ! ਆਮੀਨ !

## ਬਹੁਜਨ ਮਿਸ਼ਨ ਪ੍ਰਤੀ ਹਮੇਸ਼ਾ ਸਮਰਪਿਤ ਰਹਾਂਗੇ - ਲਾਖਾ

# ਸਾਲ 2022 'ਚ ਕਨੇਡਾ ਦੀ ਧਰਤੀ ਤੇ ਹਰਭਜਨ ਲਾਖਾ ਵਾਰੇ ਹੋਵੇਗੀ ਪੁਸਤਕ ਰਿਲੀਜ਼

### ਹਰਭਜਨ ਲਾਖਾ ਐਕਸ ਐਮ.ਪੀ. ਸਪੋਰਟਸ, ਵੈੱਲਫੇਅਰ ਅਤੇ ਕਲਚਰਲ ਕਲੱਬ ਦਾ ਗਠਨ



ਲੋਕ ਸਭਾ ਹਲਕਾ ਫਿਲੌਰ 'ਤੋਂ ਬਹੁਜਨ ਸਮਾਜ ਪਾਰਟੀ ਦੇ ਦੋ ਵਾਰ ਸਾਂਸਦ ਰਹੇ ਸ਼੍ਰੀ ਹਰਭਜਨ ਲਾਖਾ ਦੀ ਯਾਦ ਨੂੰ ਤਾਜ਼ਾ ਰੱਖਦੇ ਹੋਏ ਜ਼ਿਲ੍ਹਾ ਪੱਧਰੀ ਕਲੱਬ, ਹਰਭਜਨ ਲਾਖਾ ਐਕਸ ਐਮ.ਪੀ. ਸਪੋਰਟਸ, ਵੈੱਲਫੇਅਰ ਅਤੇ ਕਲਚਰਲ ਕਲੱਬ ਦਾ ਗਠਨ ਕੀਤਾ ਗਿਆ। ਜਿਸ ਦਾ ਮੁੱਖ ਉਦੇਸ਼ ਖੇਡਾਂ ਨੂੰ ਉਤਸ਼ਾਹਿਤ ਕਰਨਾ ਹੋਵੇਗਾ, ਨਾਲ ਦੀ ਨਾਲ ਸਮਾਜ ਭਲਾਈ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਸ਼੍ਰੀ ਪਰਮਜੀਤ ਲਾਖਾ ਜੋ ਇਸ ਕਲੱਬ ਦੇ ਚੇਅਰਮੈਨ ਹਨ ਅਤੇ ਕਨੇਡਾ ਤੋਂ ਵਿਸ਼ੇਸ਼ ਤੌਰ 'ਤੇ ਆਏ ਹਨ, ਉਹਨਾਂ ਨੇ ਕਲੱਬ ਵਲੋਂ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵਾਰੇ ਕਿਹਾ ਕਿ ਉਹਨਾਂ ਨੂੰ ਸਾਥੀਆਂ ਵਲੋਂ ਕਲੱਬ ਦਾ ਚੇਅਰਮੈਨ ਉੱਘੇ ਵ੍ਹੇਟ ਲਿਫਟਰ ਜਗਦੀਸ਼ ਗੁਰੂ, ਜਨਰਲ ਸਕੱਤਰ ਵਿਜੈ ਗੁਣਾਚੌਰ, ਉੱਪ ਪ੍ਰਧਾਨ ਜਗਤਾਰ ਬੀਕਾ, ਖਜਾਨਚੀ ਮਨਜੀਤ ਕਰਨਾਣਾ ਪੰਜਾਬ ਪੁਲਿਸ ਨੂੰ ਬਣਾਇਆ ਗਿਆ ਹੈ।

ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਸੰਘਰਸ਼ ਦੇ ਮੁੱਢਲੇ ਰਹੇ ਸਾਥੀ ਤੇ ਸਮਾਜ ਵਿੱਚ ਬਾਬਾ ਬੋਹੜ ਕਹੇ ਜਾਂਦੇ ਲੋਕ ਸਭਾ ਹਲਕਾ ਫਿਲੌਰ ਤੋਂ ਦੋ ਵਾਰ ਸਾਂਸਦ ਚੁਣੇ ਗਏ ਸ਼੍ਰੀ ਹਰਭਜਨ ਲਾਖਾ ਦੇ ਕਨੇਡਾ ਰਹਿ ਰਹੇ ਸਪੁੱਤਰ ਪਰਮਜੀਤ ਲਾਖਾ ਨਾਲ ਕੀਤੀ ਮੁਲਾਕਾਤ ਦੌਰਾਨ ਉਹਨਾਂ ਕਿਹਾ ਕਿ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਪਾਰਟੀ ਬਣਾਈ। ਰਾਜਨੀਤੀ ਵਿੱਚ ਉਤਰਾਅ-ਚੜਾਅ ਆਉਂਦੇ ਰਹਿੰਦੇ ਹਨ, ਪਰ ਮਿਸ਼ਨ ਹਮੇਸ਼ਾ ਚੱਲਦਾ ਰਹਿੰਦਾ ਹੈ। ਉਹਨਾਂ ਕਿਹਾ ਕਿ ਸਾਲ 2022 ਵਿੱਚ ਲਾਖਾ ਜੀ ਦੀ ਬਰਸੀ 'ਤੇ ਉਹਨਾਂ ਦੀ ਜ਼ਿੰਦਗੀ ਨਾਲ ਸੰਬੰਧਤ ਵੱਖ-ਵੱਖ ਪਹਿਲੂਆਂ ਨੂੰ ਨਾਲ ਲੈ ਕੇ ਇੱਕ ਕਿਤਾਬ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਤੇ ਜਿਨ੍ਹਾਂ ਸਾਥੀਆਂ ਨਾਲ ਉਹਨਾਂ ਨੇ ਬਹੁਤਾ ਸਮਾਂ ਗੁਜਾਰਿਆ, ਉਹਨਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਉਹਨਾਂ ਨੇ ਜੋ ਲਾਖਾ ਜੀ ਦੇ ਨਾਮ 'ਤੇ ਕਲੱਬ ਦਾ ਗਠਨ ਕੀਤਾ ਹੈ ਉਸ ਵਿੱਚ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ, ਉਹਨਾਂ ਦੀ ਖੁਰਾਕ ਤੇ ਮੁਫ਼ਤ ਸਿਖਲਾਈ ਦੇਣਾ, ਉਹਨਾਂ ਦਾ ਪ੍ਰਮੁੱਖ ਕਾਰਜ ਖੇਤਰ ਹੈ। ਇਸ ਦੇ ਨਾਲ-ਨਾਲ ਉਹ ਸੱਭਿਆਚਾਰ ਤੇ ਸਮਾਜ ਸੇਵੀ ਕੰਮਾਂ ਨੂੰ ਤਰਜੀਹ ਦੇਣਗੇ। ਉਹਨਾਂ ਕਿਹਾ ਕਿ ਪੰਜਾਬ ਵਿੱਚ ਜਗਦੀਸ਼ ਗੁਰੂ ਤੇ ਵਿਜੈ ਗੁਣਾਚੌਰ ਤੇ ਬਾਕੀ ਟੀਮ ਖਿਡਾਰੀਆਂ ਲਈ ਸਹਿਯੋਗ, ਮਿਸ਼ਨ ਪ੍ਰਤੀ ਸੁਹਿਰਦ ਰਹਿਣਗੇ ਤੇ ਮਹਾਨ ਪੁਰਸ਼ਾਂ ਲਈ ਉਹ ਦੇਸ਼ ਤੇ ਵਿਦੇਸ਼ ਵਿੱਚ ਤੱਤਪਰ ਰਹਿਣਗੇ। ਵਰਨਣਯੋਗ ਹੈ ਕਿ ਜਿੱਥੇ ਕਮਲਜੀਤ ਲਾਖਾ, ਰਸ਼ਪਾਲ ਲਾਖਾ ਤੇ ਪਰਮਜੀਤ ਲਾਖਾ ਆਪਣੀ ਮਾਤਾ ਚਰਨ ਕੌਰ ਨਾਲ ਕਨੇਡਾ ਵਿੱਚ ਖੁਸ਼ਹਾਲ ਜ਼ਿੰਦਗੀ ਬਤੀਤ ਕਰਦੇ ਹਨ, ਉੱਥੇ ਸਮੇਂ-ਸਮੇਂ ਤੇ ਲੋੜਵੰਦਾਂ ਤੇ ਸਮਾਜ ਨਾਲ ਹਮੇਸ਼ਾਂ ਜੁੜੇ ਹੋਏ ਹਨ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਸ਼੍ਰੀ ਹਰਭਜਨ ਲਾਖਾ ਨੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਕਹਿਣ 'ਤੇ 1978 ਵਿੱਚ ਏਅਰ ਫੋਰਸ ਦੀ ਉੱਚ ਦਰਜੇ ਦੀ ਨੌਕਰੀ ਛੱਡ ਕੇ ਬਾਮਸੇਫ, ਡੀ.ਐੱਸ. ਫੋਰ ਤੇ ਬਹੁਜਨ ਸਮਾਜ ਪਾਰਟੀ ਦੇ ਵਫ਼ਾਦਾਰ ਸਿਪਾਹੀ ਬਣੇ ਰਹੇ। ਪਰ ਮੌਜੂਦਾ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਨਾਲ ਕੁੱਝ ਕਾਰਨਾਂ ਤੇ ਵਿਚੋਲਿਆਂ ਵਲੋਂ ਗਲਤ ਜਾਣਕਾਰੀ ਦੇ ਕੇ ਮਤਭੇਦ ਜਰੂਰ ਪੈਦਾ ਕਰ ਦਿੱਤੇ ਹਨ। ਇਸ ਵਾਰੇ ਪੰਜਾਬ ਦੇ ਮੌਜੂਦਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਤੇ ਸਮੁੱਚੇ ਦੇਸ਼ ਵਿੱਚ ਸ਼੍ਰੀ ਹਰਭਜਨ ਲਾਖਾ ਦਾ ਨਾਮ ਅੱਜ ਵੀ ਬੜੇ ਸਤਿਕਾਰ ਨਾਲ ਪਾਰਟੀ ਵਿੱਚ ਲਿਆ ਜਾਂਦਾ ਹੈ। ਪੰਜਾਬ ਬਹੁਜਨ ਸਮਾਜ ਪਾਰਟੀ ਉਹਨਾਂ ਪਾਸੋਂ ਸਮਾਜ ਤੇ ਪਾਰਟੀ ਨਾਲ ਜੁੜ ਕੇ ਕੰਮ ਕਰਨ ਦੀ ਮਨਸ਼ਾ ਰੱਖਦੀ ਹੈ।




ਬਹੁਜਨ ਸਮਾਜ ਪਾਰਟੀ ਦੇ ਬਾਬਾ ਬੋਹੜ ਕਹੇ ਜਾਂਦੇ ਸ਼੍ਰੀ ਹਰਭਜਨ ਲਾਖਾ ਜੀ ਦੇ ਸਪੁੱਤਰ ਸ਼੍ਰੀ ਪਰਮਜੀਤ ਲਾਖਾ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਯੂ.ਐਨ.ਓ. ਤੱਕ... ਪੁਸਤਕ ਭੇਂਟ ਕਰਦੇ ਹੋਏ ਲੇਖਕ ਤੇ ਪੱਤਰਕਾਰ ਸੰਤੋਖ ਸਿੰਘ ਜੱਸੀ ਨਾਲ ਵਿਜੈ ਗੁਣਾਚੌਰ, ਜਗਤਾਰ ਬੀਕਾ, ਇੰਜੀਨੀਅਰ ਹਰਮੇਸ਼ ਵਿਰਦੀ।



**ਸੰਤੋਖ ਸਿੰਘ ਜੱਸੀ**
**91-70876-19800**

ਇੱਥੇ ਇਹ ਵੀ ਦੱਸਣਯੋਗ ਹੈ ਕਿ 1991 ਵਿੱਚ ਜਦੋਂ ਹਰਭਜਨ ਲਾਖਾ ਪੰਜਾਬ ਦੇ ਜਨਰਲ ਸਕੱਤਰ ਸਨ ਤੇ 9 ਸੀਟਾਂ ਤੇ ਹਾਥੀ ਚੋਣ ਨਿਸ਼ਾਨ ਤੇ ਵਿਧਾਇਕ ਚੁਣੇ ਗਏ ਸਨ। ਪਰ ਪਾਰਟੀ ਦੇ ਕੁੱਝ ਆਗੂਆਂ ਦੀ ਵਜ੍ਹਾ ਕਾਰਨ ਸਾਹਿਬ ਸ਼੍ਰੀ ਕਾਂਸ਼ੀ ਰਾਮ ਤੇ ਮਾਇਆਵਤੀ ਨੂੰ ਗਲਤ ਸਲਾਹਾਂ, ਗਲਤ ਅੰਕੜੇ ਦੇ ਕੇ ਨੇਤਾਵਾਂ ਨੂੰ ਇੱਕ ਦੂਜੇ ਦਾ ਵਿਰੋਧੀ ਬਣਾ ਦਿੱਤਾ। ਜਦਕਿ ਅਜਿਹਾ ਕਰਨ ਵਾਲੇ ਕਰੋੜਾਂ ਤੋਂ ਅਰਬਪਤੀ ਬਣਨ ਦੀਆਂ ਕਨਸੋਆਂ ਹਨ। ਜਦਕਿ ਮਿਸ਼ਨਰੀ ਵਰਕਰ ਅੱਜ ਵੀ ਭੁੱਖੇ-ਪਿਆਸੇ ਰਹਿ ਕੇ ਪਾਰਟੀ ਲਈ ਪਹਿਲਾਂ ਵਾਂਗ ਵਫ਼ਾਦਾਰ ਹਨ, ਪਰ ਲੀਡਰਾਂ ਦੀਆਂ ਚੁਸਤ-ਚਲਾਕੀਆਂ ਤੇ ਇੱਕ-ਦੂਜੇ ਨੀਵਾਂ ਦਿਖਾਉਣ ਤੇ ਆਪਣੀ ਦੁਕਾਨਦਾਰੀ ਚਲਾਉਣ ਖਾਤਿਰ ਬਹੁਜਨ ਸਮਾਜ ਪਾਰਟੀ ਨੂੰ ਹਾਸ਼ੀਏ ਤੇ ਲਿਆ ਕੇ ਖੜ੍ਹਾ ਕਰ ਦਿੱਤਾ। ਜੇਕਰ ਸਾਰੇ ਆਗੂ ਮਿਹਨਤ ਤੇ ਵਫ਼ਾਦਾਰ ਮਿਸ਼ਨਰੀ ਰਹਿੰਦੇ ਤੇ ਪੰਜਾਬ 'ਚ ਬਾਬਾ ਸਾਹਿਬ ਤੇ ਮਹਾਂਪੁਰਸ਼ਾਂ ਦੇ ਸੁਪਨਿਆਂ ਦਾ ਰਾਜ ਭਾਗ ਸਥਾਪਿਤ ਹੋਣਾ ਸੀ।

ਸ਼੍ਰੀ ਪਰਮਜੀਤ ਲਾਖਾ ਨੇ ਕਿਹਾ ਕਿ ਉਹ ਪਹਿਲਾਂ ਵੀ ਸਮਾਜ ਨਾਲ ਸਨ ਤੇ ਅੱਜ ਵੀ ਸਮਾਜ ਦੇ ਦੁੱਖ-ਸੁੱਖ ਵਿੱਚ ਸ਼ਾਮਿਲ ਸਨ। ਭਾਵੇਂ ਕਿ ਉਹ ਕਨੇਡਾ ਵਰਗੇ ਮੁਲਕ 'ਚ ਖੁਸ਼ਹਾਲ ਤੇ ਵਧੀਆ ਕਾਰੋਬਾਰ ਕਰ ਰਹੇ ਹਨ, ਪਰ ਸਮਾਜ ਦੀ ਤੜਫ਼ਨਾ ਅੱਜ ਵੀ ਉਹਨਾਂ ਦੇ ਅੰਦਰ ਜੋ ਕੁੱਟ-ਕੁੱਟ ਕੇ ਭਰੀ


## ਪੁਸਤਕ ਸਮੀਖਿਆ

# ਭਾਰਤ ਦਾ ਸੰਵਿਧਾਨ

### ਪੰਜਾਬੀ ਅਨੁਵਾਦਕ ਡਾ. ਇੰਦਰਜੀਤ ਕੁਮਾਰ

ਕਿਸੇ ਵੀ ਦੇਸ਼ ਦੇ ਰਾਜ ਪ੍ਰਸ਼ਾਸਨ ਨੂੰ ਚਲਾਉਣ ਲਈ ਸੰਵਿਧਾਨ ਦੀ ਲੋੜ ਪੈਂਦੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਭਾਰਤ ਦਾ ਮੂਲ ਸੰਵਿਧਾਨ ਮੂਲ ਰੂਪ ਵਿੱਚ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਵਿੱਚ ਹੈ। ਸੰਵਿਧਾਨ ਕਿਸੇ ਵੀ ਦੇਸ਼ ਦਾ ਬਹੁਤ ਹੀ ਅਹਿਮ ਕਾਨੂੰਨੀ ਦਸਤਾਵੇਜ਼ ਹੁੰਦਾ ਹੈ। ਭਾਰਤੀ ਸੰਵਿਧਾਨ ਦਾ ਇਹ ਕਮਾਲ ਹੀ ਕਿਹਾ ਜਾ ਸਕਦਾ ਹੈ ਕਿ ਪਿਛਲੇ ਹਜਾਰਾਂ ਸਾਲਾਂ ਤੋਂ ਚੱਲੀਆਂ ਆ ਰਹੀਆਂ ਕੁਰੀਤੀਆਂ ਜਿਵੇਂ ਛੂਆ-ਛਾਤ, ਅਨਪੜ੍ਹਤਾ, ਸਤੀ ਪ੍ਰਥਾ, ਦਹੇਜ਼ ਪ੍ਰਥਾ, ਲਿੰਗ ਭੇਦ ਆਦਿ ਨੂੰ ਖਤਮ ਕਰਨ ਲਈ ਇੱਕ ਇਤਿਹਾਸਕ ਦਸਤਾਵੇਜ਼ ਹੈ। 313 ਪੰਨਿਆਂ 'ਚ ਸਮੋਇਆ ਇਹ ਪੰਜਾਬੀ ਅਨੁਵਾਦ ਦੀ ਭੂਮਿਕਾ ਜਸਟਿਸ ਜਤੇਂਦਰ ਚੌਹਾਨ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੁਆਰਾ 6 ਦਸੰਬਰ 2020 ਨੂੰ ਲਿਖੀ ਗਈ ਹੈ। ਪੰਜਾਬੀ ਅਨੁਵਾਦ ਦਾ ਦੂਜਾ ਅਡੀਸ਼ਨ ਅਕਤੂਬਰ, 2021 ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਸੋਧੇ ਹੋਏ ਦੂਜੇ ਅਡੀਸ਼ਨ 'ਚ ਕੁੱਲ 105 ਸੋਧਾਂ ਹੋ ਚੁੱਕੀਆਂ ਹਨ। ਇਹਨਾਂ ਸੋਧਾਂ ਨੂੰ 19 ਅਗਸਤ 2021 ਨੂੰ ਰਾਸ਼ਟਰਪਤੀ ਵਲੋਂ ਪ੍ਰਵਾਨਗੀ ਮਿਲ ਚੁੱਕੀ ਹੈ।

ਭਾਰਤ ਦੇ ਸੰਵਿਧਾਨ ਮੁਤਾਬਿਕ ਹਰੇਕ ਨਾਗਰਿਕ ਬਰਾਬਰ ਹੈ। ਭਾਰਤ ਦਾ ਸੰਵਿਧਾਨ ਦੁਨੀਆਂ ਦੇ ਵੱਡੇ ਆਕਾਰ ਦੇ ਲਿਖਤੀ ਸੰਵਿਧਾਨਾਂ ਵਿੱਚੋਂ ਇੱਕ ਹੈ। ਆਪਣਾ ਸੰਵਿਧਾਨ ਹੋਣ ਦਾ ਮਕਸਦ ਦੇਸ਼ ਨੂੰ ਸੁਤੰਤਰ ਤੌਰ 'ਤੇ ਆਪਣੇ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ। ਪੰਜਾਬੀ ਅਨੁਵਾਦ ਦੇ ਵਿਸ਼ਾ ਸੂਚੀ ਮੁਤਾਬਕ ਭੂਮਿਕਾ, ਕੁੱਝ ਸ਼ਬਦ (ਪਹਿਲਾ ਐਡੀਸ਼ਨ), ਕੁੱਝ ਸ਼ਬਦ (ਦੂਜਾ ਅਡੀਸ਼ਨ) ਉਪਰੰਤ ਪ੍ਰਸਤਾਵਨਾ ਦਰਸਾਈ ਗਈ ਹੈ ਕਿ ੨ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ-ਸੰਪੰਨ, ਧਰਮ ਨਿਰਪੱਖ, ਸਮਾਜਵਾਦੀ, ਲੋਕਤੰਤਰਿਕ ਗਣਰਾਜ) ਬਣਾਉਣ ਲਈ ਅਤੇ ਉਸਦੇ ਸਾਰੇ ਨਾਗਰਿਕਾਂ ਲਈ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ ਪ੍ਰਗਟ ਕਰਨ, ਵਿਸ਼ਵਾਸ ਅਤੇ ਪੂਜਾ ਕਰਨ ਦੀ ਸੁਤੰਤਰਤਾ, ਆਦਰ ਅਤੇ ਮੌਕਿਆਂ ਵਿੱਚ ਸਮਾਨਤਾ ਅਤੇ ਸਾਰਿਆਂ ਵਿੱਚ ਇਸ ਦਾ ਪ੍ਰਚਾਰ, ਵਿਅਕਤੀ ਦੇ ਗੌਰਵ (ੁਜ਼ਭਟਜ਼ੳਢ) ਅਤੇ ਰਾਸ਼ਟਰ ਦੀ ਏਕਤਾ ਤੇ ਅਖੰਡਤਾ ਨੂੰ ਯਕੀਨੀ ਕਰਨ ਵਾਲਾ ਭਾਈਚਾਰਾ ਬਣਾਉਣ ਲਈ ਦ੍ਰਿੜ ਸੰਕਲਪ ਹੋ ਕੇ ਸੰਵਿਧਾਨ ਸਭਾ ਵਿੱਚ 26 ਨਵੰਬਰ 1949 ਈ: ਵਾਲੇ ਦਿਨ ਇਸ ਸੰਵਿਧਾਨ ਨੂੰ ਪਾਸ ਕੀਤਾ ਗਿਆ। 26 ਜਨਵਰੀ 1950 ਨੂੰ ਭਾਰਤ ਭਰ 'ਚ ਲਾਗੂ ਕੀਤਾ ਗਿਆ।"




ਸੰਵਿਧਾਨ ਅਨੁਸਾਰ ਇਸ ਦੇਸ਼ ਦਾ ਅੰਗਰੇਜੀ ਨਾਮ ਇੰਡੀਆ ਅਤੇ ਹਿੰਦੀ ਨਾਮ ਭਾਰਤ ਹੈ। ਹਿੰਦੁਸਤਾਨ ਸ਼ਬਦ ਸੰਵਿਧਾਨ ਵਿੱਚ ਕਿਤੇ ਵੀ ਨਹੀਂ ਵਰਤਿਆ ਗਿਆ।

ਸੰਵਿਧਾਨ ਦਾ ਪੰਜਾਬੀ ਅਨੁਵਾਦ ਪੜ੍ਹਿਆ ਤੇ ਹੋਈਆਂ ਸੋਧਾਂ ਮੁਤਾਬਿਕ ਪਤਾ ਲੱਗਦਾ ਹੈ ਕਿ ਇੱਕ-ਇੱਕ ਅੱਖਰ 'ਤੇ ਪੂਰੀ ਤਰ੍ਹਾਂ ਬਹਿਸ ਹੋਣ ਉਪਰੰਤ ਹੀ ਸੰਵਿਧਾਨ ਤਿਆਰ ਹੋਇਆ ਹੈ। ਸੰਵਿਧਾਨ ਸਭ ਨੂੰ ਬਰਾਬਰਤਾ ਦੇ ਮੌਕੇ ਦਿੰਦਾ ਹੈ ਤੇ ਪਿੱਛੇ ਰਹਿ ਗਏ ਵਰਗਾਂ ਲਈ ਵਾਧੂ ਮੌਕੇ ਦੇ ਕੇ ਬਰਾਬਰਤਾ ਲਈ ਕਾਨੂੰਨੀ ਹੱਕ ਦਿੰਦਾ ਹੈ। ਹੋਣਹਾਰ, ਪ੍ਰਤਿਭਾਸ਼ਾਲੀ ਨੌਜਵਾਨ ਡਾ. ਇੰਦਰਜੀਤ ਕੁਮਾਰ ਨੇ ਇੱਕ ਜਿੰਮੇਵਾਰ ਨਾਗਰਿਕ ਵਜੋਂ ਸੰਵਿਧਾਨ ਦਾ ਅਨੁਵਾਦ ਬੜੀ ਸਰਲ ਤੇ ਪੰਜਾਬੀ ਭਾਸ਼ਾ ਦੇ ਪੜ੍ਹਨ ਤੇ ਸਮਝਣ ਵਾਲਿਆਂ ਲਈ ਲਾਭਕਾਰੀ ਸਿੱਧ ਹੋਵੇਗਾ। ਮੈਂ ਸਨਿਮਰ ਬੇਨਤੀ ਸਹਿਤ ਸਿਫਾਰਿਸ਼ ਕਰਾਂਗਾ ਕਿ ਹਰ ਭਾਰਤੀ ਨੂੰ ਭਾਰਤ ਦਾ ਸੰਵਿਧਾਨ ਪੜ੍ਹਨਾ ਚਾਹੀਦਾ ਹੈ ਕਿਉਂਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵਲੋਂ 2 ਸਾਲ 11 ਮਹੀਨੇ 18 ਦਿਨਾਂ ਦੀ ਅਣਥੱਕ ਮਿਹਨਤ ਤੋਂ ਬਾਅਦ ਤਿਆਰ ਕਰਕੇ ਸੰਵਿਧਾਨ ਦੀ ਪਹਿਲੀ ਕਾਪੀ 26 ਨਵੰਬਰ 1949 ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਨੂੰ ਭੇਂਟ ਕੀਤੀ ਗਈ।

ਜੇਕਰ ਇੱਕ ਵਾਕ ਵਿੱਚ ਭਾਰਤੀ ਸੰਵਿਧਾਨ ਵਾਰੇ ਲਿਖਣਾ ਹੋਵੇ ਤਾਂ ਇਹ ਨਿਆਂ, ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦਾ ਮੁਜੱਸਮਾ ਹੈ। ਸੰਵਿਧਾਨ ਦਾ ਪੰਜਾਬੀ ਅਨੁਵਾਦ ਭਾਸ਼ਾ ਵਿਭਾਗ ਪੰਜਾਬ ਵਲੋਂ 1953 ਅਤੇ ਭਾਰਤ ਸਰਕਾਰ ਦੇ ਕਾਨੂੰਨ ਤੇ ਨਿਆਂ ਮੰਤਰਾਲਾ ਵਲੋਂ 2015 ਵਿੱਚ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ। 2018 ਵਿੱਚ ਉੱਘੇ ਦਲਿਤ ਚਿੰਤਕ ਤੇ ਮਿਸ਼ਨਰੀ ਕਵੀ ਸ਼੍ਰੀ ਸੋਹਣ ਸਹਿਜਲ ਜੀ ਵਲੋਂ ਆਪਣੀਆਂ ਕਵਿਤਾਵਾਂ ਨਾਲ ਰੋਚਕਤਾ ਤੇ ਗਿਆਨਵਰਧਕ ਤਰੀਕੇ ਨਾਲ ਵੀ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ।

ਹੁਣ ਜੋ ਅਨੁਵਾਦ ਡਾ. ਇੰਦਰਜੀਤ ਕੁਮਾਰ ਨੇ ਕੀਤਾ ਹੈ। ਵਾਕਿਆ ਹੀ ਕਾਬਲੇ-ਤਾਰੀਫ਼ ਹੈ। ਅਸੀਮ ਸੰਭਾਵਨਾਵਾਂ ਭਰਪੂਰ, ਹੋਣਹਾਰ ਨੌਜਵਾਨ ਦੇ ਦੇਸ਼ ਪ੍ਰਤੀ ਨਿਭਾਏ ਫ਼ਰਜਾਂ ਕਾਰਨ ਉਸ ਦਾ ਹੌਸਲਾ ਅਫ਼ਜਾਈ ਕਰਨਾ ਸਾਡਾ ਸਭ ਦਾ ਫਰਜ਼ ਹੈ। ਉਸ ਦੀ ਮਿਹਨਤ ਨੂੰ ਸਲਾਮ ਹੈ। ਇਸ ਹੋਣਹਾਰ ਨੌਜਵਾਨ ਦੇ ਸੁਨਹਿਰੇ ਭਵਿੱਖ ਲਈ ਕਾਮਨਾ ਹੈ ਕਿ ਉਹ ਕਾਨੂੰਨ ਦੇ ਵਿਦਿਆਰਥੀ ਹੋਣ ਦੇ ਨਾਤੇ ਪੰਜਾਬੀ ਪਾਠਕਾਂ ਨੂੰ ਨਿਰੰਤਰ ਕਿਤਾਬਾਂ ਰਾਹੀਂ ਵਡਮੁੱਲੀ, ਇਤਿਹਾਸਕ, ਨਵੀਨਤਮ ਜਾਣਕਾਰੀ ਵਾਲੀਆਂ ਪੁਸਤਕਾਂ ਪੰਜਾਬ ਮਾਂ ਬੋਲੀ ਦੀ ਝੋਲੀ 'ਚ ਪਾਉਂਦੇ ਰਹਿਣਗੇ। ਇਸ ਵਾਰੇ ਸਮਾਜ ਦਾ ਵੀ ਫਰਜ਼ ਹੈ ਕਿ ਉਹ ਇਸ ਇਤਿਹਾਸਕ ਕਾਰਜਾਂ ਲਈ ਆਰਥਿਕ ਮਦਦ ਲਈ ਅੱਗੇ ਆਉਣ। ਇੱਕ ਵਾਰ ਫਿਰ ਇਸ ਮਹਾਨ ਕਾਰਜ ਲਈ ਧੰਨਵਾਦ ਤੇ ਸੰਵਿਧਾਨ ਦੇ ਪੰਜਾਬੀ ਰੂਪ ਨੂੰ ਜੀ ਆਇਆਂ ।

**-ਸੰਤੋਖ ਸਿੰਘ ਜੱਸੀ**
**ਮੋਬਾ. ਨੰ: 70876-1980**

# ਵੁਸ਼ੂ ਖੇਡ ਮੁਕਾਬਲਿਆਂ ਵਿੱਚ ਪੰਜਾਬ 'ਚੋਂ ਮੁਸਕਾਨ ਸੱਲ੍ਹਾਂ ਨੇ ਜਿੱਤਿਆ ਸੋਨ ਤਗ਼ਮਾ

**ਬੰਗਾ (ਨਵਾਂਸ਼ਹਿਰ) ਸੰਤੋਖ ਸਿੰਘ ਜੱਸੀ:** ਸਥਾਨਕ ਪਿੰਡ ਸੱਲ੍ਹਾਂ ਦੇ ਵਸਨੀਕ ਚਰਨਜੀਤ ਸਿੰਘ ਨੰਬਰਦਾਰ ਤੇ ਕੁਲਵਿੰਦਰ ਕੌਰ ਦੀ ਹੋਣਹਾਰ ਧੀ ਮੁਸਕਾਨ ਜਿਸ ਨੇ ਪਿਛਲੇ ਸਾਲ ਖੇਡ ਮੁਕਾਬਲਿਆਂ ਵਿੱਚ ਵੁਸ਼ੂ ਖੇਡ ਮੁਕਾਬਲਿਆਂ 'ਚੋਂ ਭਾਰਤ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਇਸ ਮਿਹਨਤੀ ਤੇ ਪ੍ਰਤਿਭਾਸ਼ਾਲੀ ਧੀ ਨੇ ਇਸ ਸਾਲ ਵੀ ਪਹਿਲਾ ਆਪਣੇ ਜ਼ਿਲ੍ਹੇ ਤੋਂ ਤੇ ਹੁਣ ਆਪਣੇ ਸੂਬੇ ਤੋਂ ਗੋਲਡ ਮੈਡਲ ਪ੍ਰਾਪਤ ਕੀਤਾ ਹੈ। ਇਸ ਸਾਲ ਸੀਨੀਅਰ ਟੀਮ ਵਿੱਚ ਖੇਡ ਰਹੀ ਹੈ ਤੇ 56 ਕਿਲੋਗ੍ਰਾਮ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਉਸ ਨੇ ਆਪਣੀ ਪੜ੍ਹਾਈ ਵੀ ਚੰਗੇ ਨੰਬਰਾਂ ਵਿੱਚ ਪ੍ਰਾਪਤ ਕੀਤੀ ਹੈ। ਹੁਣ ਉਹ ਨੈਸ਼ਨਲ ਪੱਧਰ ਦੀ ਤਿਆਰੀ ਕਰ ਰਹੀ ਹੈ। ਉਸ ਦੇ ਕੋਚ ਮਨਜੀਤ ਸਿੰਘ ਲੌਂਗੀਆ ਕਾਫੀ ਮਿਹਨਤ ਕਰ ਰਹੇ ਹਨ। ਇਸ ਹੋਣਹਾਰ ਧੀ ਦੇ ਸਬਰ, ਸਿਦਕ, ਸਿਰੜ ਤੇ ਅਭਿਆਸ ਨੂੰ ਦੇਖਦੇ ਹੋਏ ਕਈ ਸੰ-ਸਥਾਵਾਂ ਨੇ ਉਸਦੀ ਮਦਦ ਕੀਤੀ ਹੈ। ਜਿਹਨਾਂ ਵਿੱਚ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ, ਡਾ. ਕਸ਼ਮੀਰ ਚੰਦ, ਡਾ. ਉਂਕਾਰ ਸਿੰਘ, ਐਮ.ਐਲ.ਏ. ਡਾ. ਸੁਖਵਿੰਦਰ ਕੁਮਾਰ ਸੁੱਖੀ, ਸਾਬਕਾ ਐਮ.ਐਲ.ਏ. ਚੌਧਰੀ ਮੋਹਣ ਲਾਲ, ਬਸਪਾ ਪੰਜਾਬ ਦੇ ਸਕੱਤਰ ਪ੍ਰਵੀਨ ਬੰਗਾ, ਮਨੋਹਰ ਕਮਾਮ, ਜੈਪਾਲ ਸੁੰਡਾ, ਸਰਜੀਵਨ ਭੰਗੂ, ਡਾ. ਅੰਮ੍ਰਿਤ ਫਰਾਲਾ, ਨੰਬਰਦਾਰ ਯੂਨੀਅਨ ਦੇ ਪ੍ਰਧਾਨ ਇੰਦਰਜੀਤ ਕਲੇਰ, ਸਾਬਕਾ ਚੇਅਰਮੈਨ ਸ਼੍ਰੀ ਹਰਮੇਸ਼ ਵਿਰਦੀ, ਸੁਖਦੀਪ ਸਿੰਘ ਖਾਲਸਾ ਸਰਪੰਚ, ਸੰਜੀਵ ਕੁਮਾਰ ਐਮਾਂ ਜੱਟਾਂ, ਜਤਿੰਦਰ ਖਮਾਚੋਂ, ਜਸਵਿੰਦਰ ਖਮਾਚੋਂ, ਇੰਦਰਜੀਤ ਅਟਾਰੀ, ਪ੍ਰਦੀਪ ਜੱਸੀ ਆਦਿ ਸ਼ਾਮਿਲ ਹਨ।





# 'ਕਾ.ਲੀ ਮਿੱਟੀ ਲਾਲ ਲਹੂ' ਕਹਾਣੀ ਸੰਗ੍ਰਹਿ : ਰੁਮਾਂਸਵਾਦ ਅਤੇ ਸਮਾਜਿਕਤਾ ਦਾ ਸੁਮੇਲ



ਉਜਾਗਰ ਸਿੰਘ
91-94178 13072

ਤੇਜਿੰਦਰ ਸਿੰਘ ਫਰਵਾਹੀ ਦਾ ਕਹਾਣੀ ਸੰਗ੍ਰਹਿ ''ਕਾ.ਲੀ ਮਿੱਟੀ ਲਾਲ ਲਹੂ' ਕਲਪਨਾ, ਰੁਮਾਂਸਵਾਦ ਅਤੇ ਸਮਾਜਿਕਤਾ ਦਾ ਸੁਮੇਲ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਪੁਰਾਤਨ ਅਤੇ ਆਧੁਨਿਕ ਵਿਚਾਰਾਂ ਦੇ ਟਕਰਾਓ ਦੀ ਬਾਖ਼ੂਬੀ ਜਾਣਕਾਰੀ ਦਿੰਦੀਆਂ ਹਨ। ਕਾ.ਲੀ ਮਿੱਟੀ ਲਾਲ ਲਹੂ ਕਹਾਣੀ ਸੰਗ੍ਰਹਿ ਵਿੱਚ 11 ਕਹਾਣੀਆਂ ਹਨ। ਜਿਨ੍ਹਾਂ ਵਿਚੋਂ 3 ਕਹਾਣੀਆਂ ਕਾ.ਲੀ ਮਿੱਟੀ ਲਾਲ ਲਹੂ, ਅਸਲੀ ਗਰੀਨ ਕਾਰਡ ਅਤੇ ਬੇਗਾਨੀ ਧਰਤ ਦਾ ਦਰਦ ਪਰਵਾਸ ਦੀ ਜਦੋਜਹਿਦ ਵਾਲੀ ਜ਼ਿੰਦਗੀ ਬਾਰੇ ਹਨ। ਇਨ੍ਹਾਂ ਕਹਾਣੀਆਂ ਵਿਚ ਪਰਵਾਸ ਵਿਚ ਲੜਕੀਆਂ ਨਾਲ ਕੀਤੇ ਜਾਂਦੇ ਦੁਰਵਿਵਹਾਰ ਅਤੇ ਅਣਜੋੜ ਵਿਆਹਾਂ ਅਤੇ ਪਰਵਾਸ ਵਿਚ ਪੱਕੇ ਹੋਣ ਲਈ ਮਰਦ ਪਹਿਲਾਂ ਪੰਜਾਬ ਵਿਚ ਵਿਆਹੇ ਹੋਣ ਦੇ ਬਾਵਜੂਦ ਪਰਵਾਸ ਵਿਚ ਦੂਜਾ ਵਿਆਹ ਕਰਵਾਕੇ ਵਸ ਜਾਂਦੇ ਹਨ। 3 ਕਹਾਣੀਆਂ ਮਲਕਾ, ਰੈਗਿੰਗ ਅਤੇ ਆਡੀਸ਼ਨ ਰੁਮਾਂਟਿਕ ਕਹਾਣੀਆਂ ਹਨ ਪ੍ਰੰਤੂ ਇਨ੍ਹਾਂ ਕਹਾਣੀਆਂ ਵਿੱਚ ਫਿਲਮਾ ਦੇ ਡਾਇਰੈਕਟਰਾਂ ਵੱਲੋਂ ਬਲੈਕ ਮੇਲਿੰਗ, ਰੈਗਿੰਗ ਦੀ ਸਮਾਜਿਕ ਬਿਮਾਰੀ ਅਤੇ ਮਲਕਾ ਵਿੱਚ ਨੌਜਵਾਨ ਲੜਕੇ ਅਤੇ ਲੜਕੀਆਂ ਦਾ ਭਾਵਨਾਵਾਂ ਵਿਚ ਵਹਿ ਜਾਣ ਕਰਕੇ ਪਿਆਰ ਦੇ ਬੰਧਨ ਵਿਚ ਬੱਝ ਜਾਣ ਬਾਰੇ ਹਨ। ਇਸੇ ਤਰ੍ਹਾਂ 4 ਕਹਾਣੀਆਂ ਹਨ੍ਹੇਰਾ ਕਦ ਤੱਕ, ਬੇਵਸ ਮਿੱਟੀ ਦੀ ਹੂਕ, ਕੂਕਦੀ ਲਾਚਾਰੀ ਅਤੇ ਪਰੀਆਂ ਵਾਲਾ ਖ਼ੂਹ ਸਮਾਜਿਕ ਵਿਸ਼ਿਆਂ, ਜਿਨ੍ਹਾਂ ਵਿਚ ਦਾਜ, ਵਹਿਮਾ ਭਰਮਾ, ਕਿਸਾਨੀ ਕਰਜ਼ੇ, ਨਸ਼ੇ, ਭਰੂਣ ਹੱਤਿਆ ਅਤੇ ਲੜਕੀਆਂ ਦੇ ਪੈਦਾ ਹੋਣ ਨੂੰ ਬੁਰਾ ਮਨਾਉਣ ਬਾਰੇ ਹਨ। ਇਕ ਕਹਾਣੀ ਬੱਦਲਾਂ ਨਾਲ ਇਸ਼ਕ ਪਹਾੜੀ ਜੀਵਨ ਦੀ ਸਖ਼ਤ ਜ਼ਿੰਦਗੀ ਬਾਰੇ ਹੈ, ਜਿਥੇ ਮਰਦ ਅਤੇ ਇਸਤਰੀਆਂ ਸਖ਼ਤ ਮਿਹਨਤ ਕਰਕੇ ਆਨੰਦਮਈ ਜੀਵਨ ਬਤੀਤ ਕਰਦੇ ਹੋਏ ਖ਼ੁਸ਼ ਰਹਿੰਦੇ ਹਨ। ਪਹਾੜਾਂ ਵਿੱਚ ਲੜਕੀਆਂ ਦੇ ਜੰਮਣ ਨੂੰ ਸ਼ੁਭ ਸ਼ਗਨ ਮੰਨਿਆਂ ਜਾਂਦਾ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਨੇ ਲੋਕ ਹਿਤਾਂ ਨਾਲ ਸੰਬੰਧ ਕਹਾਣੀਆਂ ਲਿਖੀਆਂ ਹਨ। ਜਿਹੜੀ ਕਹਾਣੀਆਂ ਰੋਮਾਂਟਿਕ ਹਨ, ਉਨ੍ਹਾਂ ਵਿਚ ਵੀ ਪਾਤਰਾਂ ਦੀ ਸੋਚ ਸਮਾਜਿਕਤਾ ਨਾਲ ਜੁੜੀ ਹੋਈ ਵਿਖਾਈ ਗਈ ਹੈ। ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਰੌਚਿਕਤਾ ਪੈਦਾ ਕਰਨ ਵਿਚ ਵੀ ਸਫਲ ਰਿਹਾ ਹੈ। ਪਾਠਕ ਦੀ ਕਹਾਣੀ ਨੂੰ ਲਗਾਤਾਰ ਪੜ੍ਹਨ ਲਈ ਅੱਗੇ ਕੀ ਹੋਵੇਗਾ ਦੀ ਚੇਸ਼ਟਾ ਬਣੀ ਰਹਿੰਦੀ ਹੈ? ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਪਰੀਆਂ ਵਾ.ਲਾ ਖ਼ੂਹ ਨੂੰ ਓਪਰੀ ਨਿਗਾਹ ਨਾਲ ਪੜ੍ਹਦਿਆਂ ਵਹਿਮਾਂ ਭਰਮਾ ਵਿੱਚ ਪਾਉਣ ਵਾਲੀ ਲੱਗਦੀ ਹੈ, ਜਦੋਂ ਉਹ ਪਰੀਆਂ ਦੀ ਕਰਾਮਾਤ ਵਾਲੀ ਗੱਲ ਕਰਦਾ ਹੈ। ਪ੍ਰੰਤੂ ਅਸਲ ਵਿਚ ਕਹਾਣੀਕਾਰ ਲੋਕਾਂ ਨੂੰ ਵਹਿਮਾ ਭਰਮਾ ਵਿੱਚੋਂ ਨਿਕਲਕੇ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਾ ਹੈ। ਕਹਾਣੀ ਜ਼ਮੀਨੀ ਪਾਣੀ ਦੇ ਜੀਰੀ ਬੀਜਣ ਕਰਕੇ ਧਰਤੀ ਦੇ ਪਾਣੀ ਦਾ ਸਤਰ ਡੂੰਘਾ ਹੋਣ ਦੀ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ। ਕਿਸਾਨ ਬਜ਼ੁਰਗ ਵਿਰਾਸਤੀ ਪੁਰਾਤਨ ਖ਼ੂਹ ਨੂੰ ਆਪਣੇ ਪੁਰਖਿਆਂ ਦੀ ਆਖਰੀ ਨਿਸ਼ਾਨੀ ਦੇ ਤੌਰ ਤੇ ਬਰਕਰਾਰ ਰੱਖਣਾ ਚਾਹੁੰਦਾ ਹੈ। ਪ੍ਰੰਤੂ ਕਿਸਾਨ ਦੇ ਦੋਵੇਂ ਸਪੁੱਤਰ ਤਰਿੰਦਰ ਸਿੰਘ ਅਤੇ ਅਮਰਦੀਪ ਸਿੰਘ ਖ਼ੂਹ ਦੇ ਵਿੱਚ ਹੀ ਸਬਮਰਸੀਬਲ ਬੋਰ ਕਰਕੇ ਜੀਰੀ ਲਈ ਪਾਣੀ ਦਾ ਪ੍ਰਬੰਧ ਕਰਨ ਲਈ ਬਜਿਦ ਹਨ। ਤਿੰਨ ਕਹਾਣੀਆਂ ਆਡੀਸ਼ਨ, ਰੈਗਿੰਗ ਅਤੇ ਮਲਕਾ ਵਿਚ ਬੇਸ਼ਕ ਦੋ ਪ੍ਰੇਮੀਆਂ ਦੇ ਪ੍ਰੇਮ ਦੀ ਗੱਲ ਵੀ ਕਰਦਾ ਹੈ ਪ੍ਰੰਤੂ ਪ੍ਰੇਮ ਦੀ ਗੱਲ ਕਰਨ ਦਾ ਭਾਵ ਸਿਰਫ ਕਹਾਣੀ ਵਿਚ ਪਾਠਕ ਦੀ ਰੌਚਕਤਾ ਪੈਦਾ ਕਰਨਾ ਹੈ। ਅਸਲ ਵਿਚ ਤਿੰਨਾ ਕਹਾਣੀਆਂ ਵਿਚ ਉਹ ਸਮਾਜਿਕਤਾ ਦਾ ਸੰਦੇਸ਼ ਦੇਣਾ ਚਾਹੁੰਦਾ ਹੈ। ਆਡੀਸ਼ਨ ਕਹਾਣੀ ਵਿਚ ਫਿਲਮ ਜਗਤ ਵਿਚ ਫ਼ਿਲਮਾਂ ਦੇ ਡਾਇਰੈਕਟਰਾਂ ਵੱਲੋਂ ਐਕਟਰੈਸਾਂ ਦੀ ਬਲੈਕ ਮੇਲਿੰਗ ਕਰਨ ਦਾ ਪਰਦਾ ਫ਼ਾਸ਼ ਕਰਦਾ ਹੈ। ਫਿਲਮ ਦਾ ਡਾਇਰੈਕਟਰ ਗੁਰਨੂਰ ਕੌਰ ਨੂੰ ਕੋਲਡ ਡਰਿੰਕ ਵਿਚ ਨਸ਼ੀਲੀ ਚੀਜ਼ ਪਾ ਕੇ ਬਲੈਕ ਮੇਲ ਕਰਨਾ ਚਾਹੁੰਦਾ ਸੀ ਪ੍ਰੰਤੂ ਜਸ਼ਨ ਨੇ




ਚੁਸਤੀ ਨਾਲ ਕੋਲਡ ਡਰਿੰਕ ਵਾਲਾ ਗਲਾਸ ਬਦਲਕੇ ਡਾਇਰੈਕਟਰ ਅੱਗੇ ਰੱਖ ਦਿੱਤਾ, ਜਿਸ ਦੇ ਪੀਣ ਨਾਲ ਗੁਰਨੂਰ ਕੌਰ ਦੀ ਥਾਂ ਉਹ ਬੇਹੋਸ਼ ਹੋ ਗਿਆ। ਡਾਇਰੈਕਟਰ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਹ ਕਹਾਣੀ ਉਭਰਦੀਆਂ ਅਦਾਕਾਰਾਂ ਨੂੰ ਫਿਲਮਾ ਵਿਚ ਜਾਣ ਦੇ ਸਪਨੇ ਵੇਖਣ ਵਾਲੀਆਂ ਲੜਕੀਆਂ ਨੂੰ ਆਗਾਹ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਸੇ ਤਰ੍ਹਾਂ ਰੈਗਿੰਗ ਵਿਚ ਭਾਵੇਂ ਕਹਾਣੀਕਾਰ ਰਾਜ ਉਰਫ ਰਾਜਿੰਦਰ ਸਿੰਘ ਅਤੇ ਅਵਨੀਤ ਕੌਰ ਦੇ ਪ੍ਰੇਮ ਦੀ ਬਾਤ ਪਾਉਂਦਾ ਹੈ ਪ੍ਰੰਤੂ ਇਹ ਕਹਾਣੀ ਰੈਗਿੰਗ ਵਰਗੀ ਸਮਾਜਿਕ ਬੁਰਾਈ ਰੋਕਣ ਦੀ ਪ੍ਰੇਰਨਾ ਕਰਦੀ ਹੈ।

ਜਦੋਂ ਰਾਜ ਕਾਲਜ ਵਿਚ ਦਾਖ਼ਲਾ ਲੈਣ ਜਾਂਦਾ ਹੈ ਤਾਂ ਅਵਨੀਤ ਕੌਰ ਹੀ ਉਸਦੀ ਰੈਗਿੰਗ ਕਰਨ ਵਾਲੀਆਂ ਲੜਕੀਆਂ ਦੀ ਅਗਵਾਈ ਕਰਦੀ ਹੈ ਪ੍ਰੰਤੂ ਅਵਨੀਤ ਕੌਰ ਰਾਜ ਤੋਂ ਮੁਆਫੀ ਮੰਗਦੀ ਹੈ ਅਤੇ ਉਹ ਰੈਗਿੰਗ ਨਾਮ ਦਾ ਨਾਟਕ ਕਾਲਜ ਵਿੱਚ ਖੇਡਦੇ ਹਨ, ਜਿਦਾ ਨਾਇਕ ਰਾਜ ਅਤੇ ਨਾਇਕਾ ਅਵਨੀਤ ਬਣਦੇ ਹਨ। ਉਹ ਨਾਟਕ ਮੁਕਾਬਲਿਆਂ ਵਿਚ ਪਹਿਲੇ ਨੰਬਰ ਤੇ ਆਉਂਦਾ ਹੈ। ਕਾਲਜ ਦੀ ਸਟੂਡੈਂਟ ਯੂਨੀਅਨ ਦੇ ਪ੍ਰਧਾਨ ਨਵਜੋਤ ਸਿੰਘ ਨੇ ਐਲਾਨ ਕਰ ਦਿੰਦਾ ਹੈ ਕਿ ਹੁਣ ਕਾਲਜ ਵਿੱਚ ਨਾ ਰੈਗਿੰਗ ਹੋਵੇਗੀ ਅਤੇ ਨਾ ਹੀ ਰੈਗਿੰਗ ਦਾ ਸਮਰਥਨ ਹੋਵੇਗਾ।

ਕਾਲਜ ਵਿਚ ਐਂਟੀ ਰੈਗਿੰਗ ਫੈਡਰੇਸ਼ਨ ਦੀ ਸਥਾਪਨਾ ਕਰਕੇ ਰਾਜ ਉਰਫ ਰਾਜਿੰਦਰ ਸਿੰਘ ਨੂੰ ਇਸਦਾ ਪ੍ਰਧਾਨ ਬਣਾ ਦਿੱਤਾ ਜਾਂਦਾ ਹੈ। ਬੇਵਸ ਮਿੱਟੀ ਦੀ ਹੂਕ ਵਿੱਚ ਗ਼ਰੀਬ ਕਿਸਾਨਾ ਦੀ ਤ੍ਰਾਸਦੀ ਭਰੀ ਜ਼ਿੰਦਗੀ ਬਾਰੇ ਦੱਸਿਆ ਗਿਆ ਹੈ ਕਿ ਜੱਗਾ ਕਿਸ ਪ੍ਰਕਾਰ ਆਪਣੀ ਲੜਕੀ ਪਾਲੀ ਦੇ ਵਿਆਹ ਲਈ ਕਰਜ਼ਾ ਲੈਂਦਾ ਹੈ ਕਿਉਂਕਿ ਮੌਕੇ 'ਤੇ ਹੀ ਲੜਕੇ ਵਾਲੇ ਕਾਰ ਦੀ ਮੰਗ ਕਰ ਦਿੰਦੇ ਹਨ। ਜ਼ੈਲਦਾਰ ਹਮੇਸ਼ਾ ਭੋਲੇ ਭਾਲੇ ਕਿਸਾਨਾ ਨੂੰ ਕਰਜ਼ੇ ਲੈਣ ਲਈ ਉਤਸ਼ਾਹਤ ਕਰਕੇ ਉਨ੍ਹਾਂ ਦੀਆਂ ਜ਼ਮੀਨ ਗਹਿਣੇ ਲੈਣ ਲਈ ਜਾਲ ਬੁਣਦਾ ਰਹਿੰਦਾ ਹੈ। ਕਿਸਾਨ ਬਿਨਾ ਲੋੜ ਤੋਂ ਵਿਖਾਵੇ ਲਈ ਟਰੈਕਟਰ ਲੈਂਦੇ ਹਨ, ਫਿਰ ਕਿਸ਼ਤਾਂ ਨਹੀਂ ਮੁੜਦੀਆਂ। ਅੰਗਰੇਜ਼ੀ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਲਈ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਿਲਕੁਲ ਇਸੇ ਤਰ੍ਹਾਂ ਕੂਕ ਦੀ ਲਾਚਾਰੀ ਵਿਚ ਵੀ ਬੰਤਾ ਸਿੰਘ ਅਤੇ ਹਰਨਾਮ ਕੌਰ ਦੇ ਇਕਲੌਤੇ ਪੁਤਰ ਹਰਦੀਪ ਸਿੰਘ ਦੀ ਪਤਨੀ ਮਨਦੀਪ ਕੌਰ ਨੂੰ ਹਰਨਾਮ ਕੌਰ ਨੇ ਆਂਢਣਾ ਗੁਆਂਢਣਾ ਦੀ ਚੱਕ ਚਕਾਈ ਤੋਂ ਬਾਅਦ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਹਰਦੀਪ ਸਿੰਘ ਨੂੰ ਵੀ ਲੂਤੀਆਂ ਲਾ ਕੇ ਆਪਣੇ ਨਾਲ ਮਿਲਾ ਲਿਆ। ਅਖੀਰ ਕੁੱਟ ਮਾਰ ਕਰਕੇ ਦਾਜ ਵਿਚ ਕਾਰ ਲਿਆਉਣ ਲਈ ਘਰੋਂ ਕੱਢ ਦਿੱਤਾ। ਹਾਲਾਂ ਕਿ ਉਨ੍ਹਾਂ ਨੇ ਵੀ ਆਪਣੀਆਂ ਦੋ ਲੜਕੀਆਂ ਬਿਨਾ ਦਾਜ ਵਿਆਹੀਆਂ ਸਨ। ਕਹਾਣੀਕਾਰ ਨੇ ਬੜੇ ਵਧੀਆ ਢੰਗ ਨਾਲ ਕਹਾਣੀ ਨੂੰ ਸਿਖਰ ਤੇ ਪਹੁੰਚਾਉਂਦਿਆਂ ਹਰਨਾਮ ਕੌਰ ਦੇ ਜਵਾਈਆਂ ਤੋਂ ਦਾਜ ਦੀ ਮੰਗ ਕਰਵਾਕੇ ਬੰਤਾ ਸਿੰਘ ਅਤੇ ਹਰਨਾਮ ਕੌਰ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਬੰਤਾ ਸਿੰਘ ਅਤੇ ਹਰਨਾਮ ਕੌਰ ਨੇ ਮਾਫ਼ੀ ਮੰਗਕੇ ਖਹਿੜਾ ਛੁਡਵਾਇਆ। ਇਹ ਕਹਾਣੀ ਵੀ ਬਿਹਤਰ ਸਮਾਜ ਸਿਰਜਣ ਦਾ ਉਪਰਾਲਾ ਹੈ। ਹਨ੍ਹੇਰਾ ਕਦ ਤੱਕ ਕਹਾਣੀ ਸਾਡੀ ਬਿਮਾਰ ਮਾਨਸਿਕਦਾ ਦਾ ਪ੍ਰਗਟਾਵਾ ਕਰਦੀ ਹੈ ਕਿਉਂਕਿ ਆਧੁਨਿਕਤਾ ਦੇ ਸਮੇਂ ਵਿਚ ਵੀ ਸਾਡਾ ਸਮਾਜ ਕੁੜੀਆਂ ਦਾ ਜੰਮਣਾ ਚੰਗਾ ਨਹੀਂ ਸਮਝਦਾ।

ਲੜਕੇ ਦੀ ਚਾਹਤ ਲਈ ਪਰਿਵਾਰ ਵਧਾਈ ਜਾਂਦਾ ਹੈ। ਲੜਕੀਆਂ ਨੂੰ ਕੁੱਖ ਵਿਚ ਕਤਲ ਕਰਨ ਲਈ ਲਿੰਗ ਟੈਸਟ ਤੇ ਪਾਬੰਦੀ ਦੇ ਬਾਵਜੂਦ ਰਿਸ਼ਵਤਾਂ ਦੇ ਕੇ ਟੈਸਟ ਕਰਵਾਈ ਜਾਂਦਾ ਹੈ। ਇਸ ਕਹਾਣੀ ਵਿਚ ਵੀ ਨਵਕਿਰਨ ਸਿੰਘ ਆਪਣੀ ਪਤਨੀ ਦੇ ਗਰਭਵਤੀ ਹੋਣ 'ਤੇ ਲਿੰਗ ਟੈਸਟ ਕਰਵਾਉਂਦਾ ਹੈ। ਲੜਕੇ ਦੇ ਚਕਰ ਵਿੱਚ ਦੋ ਲੜਕੀਆਂ ਪੈਦਾ ਹੋ ਜਾਂਦੀਆਂ ਹਨ। ਸ਼ਰੀਕਣਾ ਚੁਗਲੀਆਂ ਕਰਕੇ ਦਿਲਪ੍ਰੀਤ ਦੀ ਸੱਸ ਗੁਰਦੀਪ ਕੌਰ ਨੂੰ ਚੁੱਕੀ ਜਾਂਦੀਆਂ ਹਨ ਕਿ ਪਤਾ ਨਹੀਂ ਕਿਹੜੇ ਘਰ ਦੀ ਕਲਹਿਣੀ ਆ ਗਈ। ਨਵਕਿਰਨ ਸਿੰਘ ਇਸੇ ਗ਼ਮ ਵਿਚ ਸ਼ਰਾਬ ਪੀਣ ਲੱਗ ਜਾਂਦਾ ਹੈ। ਜਦੋਂ ਤੀਜੀ ਵਾਰ ਦਿਲਪ੍ਰੀਤ ਦੇ ਲੜਕਾ ਪੈਦਾ ਹੋ ਗਿਆ ਫਿਰ ਉਹੀ ਨੂੰਹ ਚੰਗੀ ਲੱਗਣ ਲੱਗ ਗਈ ਅਤੇ ਖ਼ੁਸ਼ੀਆਂ ਮਨਾਈਆਂ ਜਾਣ ਲੱਗ ਪਈਆਂ। ਇਹ ਕਹਾਣੀ ਸਾਡੇ ਸਮਾਜ ਦੀ ਲੜਕੀਆਂ ਪ੍ਰਤੀ ਭੈੜੀ ਪ੍ਰਵਿਰਤੀ ਨੂੰ ਦਰਸਾਉਂਦੀ ਹੈ। ਕਹਾਣੀਕਾਰ ਦੀ ਕਮਾਲ ਇਸ ਗੱਲ ਵਿਚ ਹੈ ਕਿ ਉਹ ਜਿਸ ਵੀ ਵਿਸ਼ੇ 'ਤੇ ਕਹਾਣੀ ਲਿਖ ਰਿਹਾ ਹੈ, ਉਸ ਬਾਰੇ ਉਨ੍ਹਾਂ ਦੀ ਜਾਣਕਾਰੀ ਮੁਕੰਮਲ ਹੈ, ਉਦਾਹਰਣ ਲਈ ਪਹਾੜੀ ਲੋਕਾਂ ਦੇ ਜੀਵਨ ਅਤੇ ਰੀਤੀ ਰਿਵਾਜਾਂ, ਹੈਲੀਕਾਪਟਰ , ਨਾਟਕਾਂ ਫਿਲਮਾਂ, ਪਰਵਾਸ ਦੀ ਜ਼ਿੰਦਗੀ, ਕਿਸਾਨੀ, ਇਸ਼ਕ ਮੁਸ਼ਕ ਅਤੇ ਪਿੰਡਾਂ ਦੀਆਂ ਇਸਤਰੀਆਂ ਦੇ ਸੁਭਾਅ ਬਾਰੇ ਵਿਆਖਿਆ ਨਾਲ ਲਿਖਿਆ ਗਿਆ ਹੈ। ਇਸ ਲਈ ਕਹਾਣੀਕਾਰ ਦੀ ਜੇਕਰ ਪ੍ਰਸ਼ੰਸਾ ਨਾ ਕੀਤੀ ਜਾਵੇ ਤਾਂ ਜ਼ਾਇਜ਼ ਨਹੀਂ ਹੋਵੇਗਾ।

ਇਹ ਉਨ੍ਹਾਂ ਦੀ ਪਹਿਲੀ ਪੁਸਤਕ ਹੈ, ਭਵਿਖ ਵਿਚ ਹੋਰ ਚੰਗੀਆਂ ਕਹਾਣੀਆਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ। 118 ਪੰਨਿਆਂ, 250 ਰੁਪਏ ਕੀਮਤ ਵਾਲੀ ਪੁਸਤਕ ਲੋਕ ਗੀਤ ਪ੍ਰਕਾਸ਼ਨ ਮੋਹਾਲੀ ਨੇ ਪ੍ਰਕਾਸ਼ਤ ਕੀਤੀ ਹੈ।


# "ਤੁਰ ਗਏ ਯਾਰ ਨਿਰਾਲੇ" ਪੁਸਤਕ ਸਬੰਧੀ ਕੁੱਝ ਵਿਚਾਰ



ਬਲਦੇਵ ਸਿੰਘ ਬੱਲੀ
91-98142-80838

ਜੇ ਕਿਸੇ ਨੂੰ ਕੋਈ ਪੁੱਛੇ ਕਿ ਮੋਏ ਮਿੱਤਰਾਂ ਨਾਲ ਸੰਵਾਦ ਰਚ-ਾਇਆ ਜਾ ਸਕਦਾ ਹੈ ਜਾਂ ਨਹੀ? ਤਾਂ ਸਭ ਦਾ ਜਵਾਬ ਨਾਂਹ ਵਿੱਚ ਹੀ ਹੋਏਗਾ। ਪਰ ਨਾਂਹ ਨੂੰ ਹਾਂ ਵਿੱਚ ਬਦਲਿਆ ਜਾ ਸਕਦਾ ਹੈ ਜੇ ਬਹੁਪੱਖੀ ਲੇਖਕ ਸ਼ਾਮ ਸਿੰਘ (ਅੰਗ ਸੰਗ) ਹੋਰਾਂ ਦੀ ਪ੍ਰਕ-ਾਸ਼ਿਤ ਕਾਵਿ ਪੁਸਤਕ ਤੁਰ ਗਏ ਯਾਰ ਨਿਰਾਲੇ ਨੇਚੋਂ ਨਾਲ ਵਾਚੀ ਜਾਵੇ। ਲੇਖਕ ਨੇ ਵਿਛੜ ਗਈਆਂ ਉਨ੍ਹਾਂ ਰੱਬੀ ਰੂਹਾਂ ਨਾਲ ਲੋਕ-ਾਈ ਦੀਆਂ ਬਾਤਾਂ ਜਾਂ ਗੱਲਾਂ-ਬਾਤਾਂ ਹੀ ਨਹੀ ਕਰਵਾਈਆਂ ਸਗੋਂ ਉਨ੍ਹਾਂ ਨਾਲ ਗੱਲਵਕੜੀਆਂ ਵੀ ਪਵਾਈਆਂ ਨੇ। ਜਿਨ੍ਹਾਂ ਦਾ ਨਿੱਘ ਪੁਸਤਕ ਵਿੱਚੋਂ ਆਪ ਮੁਹਾਰੇ ਮਹਿਸੂਸ ਹੁੰਦਾ ਹੈ, ਅਤੇ ਰੱਬ ਦੇ ਘਰ ਜਾ ਪੁੱਜੇ ਉਨ੍ਹਾਂ ਲੇਖਕਾਂ ਦਾ ਹੁੰਗਾਰਾ ਵੀ ਮਿਲਦਾ ਜਾਪਦਾ ਹੈ। ਉਨ੍ਹਾਂ ਸਦੀਵੀ ਵਿਛੋੜਾ ਦੇ ਗਏ ਆਪਣੇ ਤਰਤਾਲੀ ਸਾਹਿਤਕ ਜਿਗਰੀ ਯਾਰਾਂ ਦੇ ਲਿਖੇ ਤਾਂ ਮਰਸੀਏ ਹਨ। ਪਰ ਲੇਖਕ ਨੇ ਉਨ੍ਹਾਂ ਸਭ ਨਾਲ ਰੂਹ ਦਾ ਰਿਸ਼ਤਾ ਨਿਭਾਇਆ ਹੋਣ ਕਰਕੇ ਮਰਸੀਏ, ਮਰਸੀਏ ਨਾ ਹੋ ਕੇ ਸੁਹਾਗ ਜਾਂ ਘੋੜੀਆਂ ਵਰਗੇ ਹੋ ਨਿੱਬੜੇ ਹਨ।

ਮੋਏ ਮਿੱਤਰਾਂ ਲਈ ਲੇਖਕ ਦੇ ਧੁਰ ਅੰਦਰੋਂ ਉੱਠੀ ਮੁਹੱਬਤੀ ਹੂਕ ਨੇ ਪੁਸਤਕ ਦੇ ਹਰਫਾਂ 'ਚ ਵੀ ਅਜਿਹੀ ਮਿਠਾਸ ਭਰੀ ਹੈ ਕਿ ਪੁਸਤਕ ਨੂੰ ਘੁੱਟਾ-ਬਾਟੀ ਨਹੀਂ ਸਗੋਂ ਚੀਂਡ (ਡੀਕ) ਲਾ ਕੇ ਪੜ੍ਹਨ ਤੋਂ ਬਿਨ੍ਹਾਂ ਗੁਜ਼ਾਰਾ ਹੀ ਨਹੀਂ ਜਾਪਦਾ। ਰੱਬ ਦੇ ਘਰ ਡੇਰਾ ਜਾ ਲਾ ਬੈਠੇ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਦੇ ਚੋਟੀ ਦੇ ਇਨ੍ਹਾਂ ਕਲਮਕਾਰਾਂ ਨੂੰ ਇੱਕ ਤਰ੍ਹਾਂ ਨਾਲ ਲੇਖਕ ਨੇ ਸਿਜਦਾ ਕਰਕੇ ਯਾਰੀ ਦਾ ਧਰਮ ਨਿਭਾਉਣ ਦਾ ਸਫਲ ਜਤਨ ਕੀਤਾ ਹੈ। ਜਿਨ੍ਹਾਂ ਲੇਖਕਾਂ ਬਾਰੇ ਕਵਿਤਾਵਾਂ ਰਚੀਆਂ ਗਈਆਂ ਹਨ, ਉਹ ਆਪਣੇ ਸਮੇਂ ਦੇ ਆਪਣੀ ਲੇਖਣੀ ਦੇ ਖੇਤਰ ਵਿੱਚ ਟੀਸੀ ਦੇ ਬੇਰ ਹੀ ਸਾਬਤ ਨਹੀਂ ਰਹੇ, ਸਗੋਂ ਧਰੂੰ ਤਾਰੇ ਦੀ ਨਿ-ਆਈ ਚਮਕਦੇ ਵੀ ਰਹੇ ਜੋ ਅਜੇ ਵੀ ਚਮਕਦੇ ਹਨ, ਅਤੇ ਉਹ ਸਦੀਆਂ ਤੱਕ ਚਮਕਦੇ ਰਹਿਣਗੇ । ਜਿਨ੍ਹਾਂ ਦੀ ਬਖੇਰੀ ਰੋਸ਼ਨੀ ਅੱਜ ਵੀ ਸਾਡਾ ਸਭ ਦਾ ਰਾਹ ਦਸੇਰਾ ਸਾਬਤ ਹੋ ਰਹੀ ਹੈ, ਇਹ ਰਾਹ ਦਸੇਰੇ ਹੀ ਰਹਿਣਗੇ, ਕਿਉਂਕਿ ਉਨ੍ਹਾਂ ਜਗਿਆਸੂਆਂ ਨੇ ਅਲਖ ਜਗਾਕੇ ਆਪਣਾ ਸਾਰਾ ਜੀਵਨ ਹਨੇਰ੍ਹਿਆਂ ਨੂੰ ਭਜਾਉਣ




ਲਈ ਚਾਨਣ ਦੇ ਨਾਂਅ ਕੀਤਾ ਹੋਇਆ ਸੀ। ਕਿਸੇ ਬੂਬਨੇ ਸਾਧ ਦੀਆਂ ਕਥਾ ਜਾਂ ਪ੍ਰਵਚਨਾਂ ਦੇ ਰੂਪ ਵਿੱਚ ਮਾਰੀਆਂ ਆਲ ਮਟੌਲੀਆਂ ਗੱਲਾਂ/ਗੱਪਾਂ ਵਾਂਗ ਲੋਕਾਂ ਦੇ ਸਿਰਾਂ ਉੱਤੋਂ ਲੰਘਣ ਦੀ ਥਾਂ ਪੁਸਤਕ ਦੀ ਸਿੱਧੀ ਸਾਦੀ ਸਰਲ ਸ਼ਬਦਾਵਲੀ ਹਰ ਪਾਠਕ ਦੇ ਜ਼ਿਹਨ ਵਿੱਚ ਉੱਤਰਨ ਵਾਲੀ ਵੀ ਹੈ ਤੇ ਮੱਥੇ ਦੇ ਮੇਚ ਆਉਣ ਵਾਲੀ ਵੀ। ਮੌਤ ਦੀ ਗੋਦ ਦਾ ਅਨੰਦ ਮਾਣਕੇ ਦੂਰ ਦੁਰਾਡੇ ਤੁਰ ਗਏ ਅਣਮੁੱਲੇ ਹੀਰੇ ਲੇਖਕ ਦੇ ਯਾਰ ਨਿਰਾਲੇ ਜਾਂ ਯਾਰ ਨਗੀਨੇ ਆਪਣੀਆਂ ਲਿਖਤਾਂ ਅਤੇ ਲੋਕ ਪੱਖੀ ਕਿਰਦਾਰ ਕਾਰਨ ਮਰ ਕੇ ਵੀ ਹਮੇਸ਼ਾਂ ਜਿਉਂਦੇ ਰਹਿਣਗੇ। ਇਸ ਜਹਾਨ ਨੂੰ ਸਦਾ ਵਾਸਤੇ ਛੱਡ ਗਏ "ਜੀਊਂਦਿਆਂ" ਦੀ ਬਾਤ ਪਾਉਂਦੀ ਹੈ ਇਹ ਪੁਸਤਕ।

ਪਰ ਲੇਖਕ ਦੇ ਹਰਫਾਂ ਵੱਲੋਂ ਪਾਈਆਂ ਮੋਹ ਦੀਆਂ ਤੰਦਾਂ ਦੀ ਬਖੇਰੀ ਖੁਸ਼ਬੂ ਨੇ ਉਨ੍ਹਾਂ ਦੇ ਹੋਰ ਜਿਊਣ ਦੇ ਰੰਗ ਨੂੰ ਨਵਾਂ ਨਕੋਰ ਕਰਨ ਵਿੱਚ ਵੱਡਮੁੱਲੀ ਘਾਲਣਾ ਘਾਲੀ ਹੈ। ਜਿਸਦੇ ਲਈ ਜਿੱਥੇ ਯੂਰਪੀਨ ਪੰਜਾਬੀ ਸੱਥ ਯੂ। ਕੇ ਨੇ ਵੱਡੀ ਗਿਣਤੀ ਵਿੱਚ ਪੁਸਤਕ ਪ੍ਰਕਾਸ਼ਿਤ ਕਰਵਾਕੇ ਬਹੁਤ ਸਾਰੇ ਮੁਲਕਾਂ ਦੇ ਪੰਜਾਬੀ ਪਿਆਰਿਆਂ ਦੇ ਹੱਥਾਂ ਵਿੱਚ ਪੁੱਜਦੀ ਕਰਕੇ ਪੰਜਾਬੀ ਸਾਹਿਤ ਜਗਤ ਦਾ ਮਾਣ ਸਨਮਾਨ ਆਪਣੀ ਝੋਲੀ ਪੁਆਉਂਣ ਦਾ ਜੱਸ ਖੱਟਿਆ ਹੈ, ਉੱਥੇ ਲੇਖਕ ਸ਼ਾਮ ਸਿੰਘ ਹੋਰਾਂ ਇੱਕਲੀ ਇੱਕਲੀ ਸਖਸ਼ੀਅਤ ਬਾਰੇ ਮਣਾਂ ਮੂੰਹੀ ਜਾਣਕਾਰੀ ਦੇ ਕੇ ਇੱਕਲੇ ਇੱਕਲੇ ਬਾਰੇ ਕਈ ਕਈ ਪੁਸਤਕਾਂ ਲਿਖਣ ਦਾ ਮਸਾਲਾ ਵੀ ਦੇ ਦਿੱਤਾ ਹੈ। ਇਸ ਵਿਸ਼ੇ ਬਾਰੇ ਸ਼ਾਇਦ ਪੰਜਾਬੀ ਦੀ ਇਹ ਇੱਕੋ-ਇਕ ਪੁਸਤਕ ਹੈ। ਇਹੋ ਜਿਹੀਆਂ ਪੁਸਤਕਾਂ ਬਹੁਤ ਘੱਟ ਪੜ੍ਹਨ ਨੂੰ ਮਿਲਦੀਆਂ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਅੱਖ ਦੇ ਖਾਰੇ ਹੰਝੂਆਂ ਵਿੱਚੋਂ ਵੀ ਤੱਤੇ ਤੱਤੇ ਗੁੜ ਦੀ ਮਿਠਾਸ ਵਰਗੀ ਮਹਿਕ ਆਉਂਦੀ ਹੋਵੇ। ਇਸ ਲਈ ਪੰਜਾਬੀ ਸਾਹਿਤ ਨਾਲ ਮੋਹ ਕਰਨ ਵਾਲਿਆਂ ਅਤੇ ਸਿਖਾਂਦਰੂ ਲੇਖਕਾਂ ਨੂੰ ਤੁਰ ਗਏ ਯਾਰ ਨਿਰਾਲੇ ਜ਼ਰੂਰ ਪੜ੍ਹਨੀ ਚਾਹੀਦੀ ਹੈ। ਜਿਵੇ ਦਾਲ ਦੇ ਪੂਰੀ ਤਰ੍ਹਾਂ ਪੱਕੀ ਹੋਣ ਦਾ ਪ੍ਰਮਾਣ ਇੱਕ ਦਾਣਾ ਟੋਹਣ ਨਾਲ ਅਤੇ ਦਾਲ ਦੇ ਸਵਾਦੀ/ ਸਵਾਦਿਸ਼ਟ ਹੋਣ ਦਾ ਪ੍ਰਮਾਣ ਇੱਕ ਚਮਚਾ ਚੱਖਣ ਨਾਲ ਹੀ ਮਿਲ ਜਾਂਦਾ ਹੈ, ਬਿਲਕੁੱਲ ਉਸੇ ਤਰ੍ਹਾਂ ਪੱਤਰਕਾਰੀ ਦੇ ਬਾਬਾ ਬੋਹੜ ਬਾਬਾ ਗੁਰਬਖਸ਼ ਸਿੰਘ ਬੰਨੂਆਣਾ ਬਾਰੇ ਪੁਸਤਕ ਵਿੱਚ ਦਰਜ ਸਿਰਫ ਦੋ ਸਤਰਾਂ ਹੀ ਪੁਸਤਕ ਦੇ ਮਿਆਰੀ ਅਤੇ ਆਹਲਕਾਰੀ ਹੋਣ ਦਾ ਪ੍ਰਮਾਣ ਦੇ ਸਕਦੀਆਂ ਹਨ।ਜਿਸ ਵਿੱਚੋ ਬਾਬਾ ਬੰਨੂਆਣਾ ਬਾਰੇ ਇੰਝ ਬੋਲਦੇ ਹੋਏ ਸ਼ਬਦ ਸਾਰਥਿਕ ਰੂਪ ਵਿੱਚ ਉਨ੍ਹਾਂ ਨੂੰ ਸਾਹਮਣੇ ਲਿਆ ਖੜ੍ਹਾ ਕਰਦੇ ਹਨ।

ਸੱਜੇ ਹੱਥ ਨਾਲ ਲਿਖਕੇ ਸੋਚ ਖੱਬੀ,
ਉਹਨੇ ਲੋਕਾਂ ਦੇ ਹੱਥ ਫੜਾ ਦਿੱਤੀ।

## ਜੋ ਤੁਰ ਗਿਆ ਸੀ

ਜੋ ਤੁਰ ਗਿਆ ਸੀ ਕਲ੍ਹ ਕਹਿ ਕੇ ਚੰਨ ਬੇਨੂਰ ਮੈਨੂੰ ,
ਅੱਜ ਓਹੀ ਪੁੱਛੇ ਆ ਕੇ ਆਪਣਾ ਕਸੂਰ ਮੈਨੂੰ ।
ਇਹ ਦਿੰਦੀ ਹੈ ਸਹਾਰਾ ਮਾਰੂਥਲਾਂ 'ਚ ਸਭ ਨੂੰ ,
ਲਗਦੀ ਹੈ ਚੰਗੀ ਤਾਂ ਹੀ ਲੰਬੀ ਖਜੂਰ ਮੈਨੂੰ ।
ਨਾ ਪੀਤੀ ਹੈ ਕਦੇ, ਨਾ ਮੈਂ ਪੀਣੀ ਲੋਚਦਾ ਹਾਂ ,
ਪੀ ਕੇ ਸ਼ਰਾਬ ਕੀ ਚੜ੍ਹਨਾ ਹੈ ਸਰੂਰ ਮੈਨੂੰ ।
ਤੂੰ ਗਲਤ ਰਸਤੇ ਤੇ ਭੁਲ ਕੇ ਵੀ ਤੁਰੀਂ ਨਾ ਯਾਰਾ ,
ਸੁਣ ਕੇ ਸਲਾਹ ਮੇਰੀ, ਐਵੇਂ ਨਾ ਘੂਰ ਮੈਨੂੰ ।
ਇੱਛਾ ਨਾ ਕੋਈ ਮੇਰੀ, ਮਿੱਤਰ ਤੇਰਾ ਬਣਾਂ ਮੈਂ ,
ਇੱਛਾ ਹੈ, ਆਪਣਾ ਵੈਰੀ ਸਮਝੀਂ ਜਰੂਰ ਮੈਨੂੰ ।
ਭਾਵੇਂ ਗ਼ਮਾਂ ਨੂੰ ਜਰਨੇ ਖਾਤਰ ਮੈਂ ਸਖ਼ਤ ਲੱਗਾਂ ,
ਪਰ ਮੈਂ ਪੱਥਰ ਨਹੀਂ ਹਾਂ, ਨਾ ਰੱਖੋ ਦੂਰ ਮੈਨੂੰ ।
ਜੇ ਕਰ ਇਨ੍ਹਾਂ 'ਚੋਂ ਲਭਦੇ ਨਾ ਗਲਤੀਆਂ ਅਲੋਚਕ ,
ਕਰਦੇ ਨਾ ਸ਼ਿਅਰ ਮੇਰੇ, ਯਾਰੋ ਮਸ਼ਹੂਰ ਮੈਨੂੰ ।



ਮਹਿੰਦਰ ਸਿੰਘ ਮਾਨ
91-99158-03554

## ਕਲੰਡਰ ਛਪਦੇ ਰਹਿਣੇ

ਕਲੰਡਰ ਛਪਦੇ ਰਹਿਣੇ, ਤਰੀਕਾਂ ਮੁੱਕਦੀਆਂ ਨਹੀ
ਮੁੱਕ ਜਾਂਦੇ ਨੇ ਸਫ਼ਰ ਤੇ, ਉਡੀਕਾਂ ਮੁੱਕਦੀਆਂ ਨਹੀਂ

ਦੁੱਖ ਤਾਂ ਆ ਕੇ ਤੁਰ ਜਾਂਦੇ,ਪਰ ਯਾਦ ਹੀ ਰਹਿੰਦੇ ਨੇ
ਸਾਰੀ ਉਮਰ ਹੀ ਦੇਦੇ ਜੋ ਤਕਲੀਫਾਂ ਮੁੱਕਦੀਆਂ ਨਹੀ

ਜਖਮ ਤਾਂ ਸੱਜਣਾਂ ਭਰ ਜਾਂਦੇ, ਨਾਲ ਦਵਾਈਆਂ ਦੇ
ਦਿਲ ਦੇ ਵਿੱਚ ਜੋ ਆਈਆਂ, ਉਹ ਝਰੀਟਾਂ ਮੁੱਕਦੀਆਂ ਨਹੀ

ਹਾਰ ਪਿਆਰ ਦੀ ਵਿੱਚੋ ਸਾਨੂੰ, ਜੋ ਮਿਲੀਆਂ ਨੇ ਯਾਰੋ
ਚੋਵੀ ਘੰਟੇ ਪੈਦੀਆਂ ਨੇ ਉਹ ਚੀਕਾਂ ਮੁੱਕਦੀਆਂ ਨਹੀ

ਲੱਖ ਬੂਹੇ ਕੋਈ ਭੇੜ ਕੇ, ਜਿੰਦੇ ਵੀ ਭਾਵੇ ਮਾਰ ਲਏ
ਅਕਸਰ ਵਿਰਲਾਂ ਵਿੱਚੋ ਪੈਦੀਆਂ ਝੀਥਾਂ ਮੁੱਕਦੀਆਂ ਨਹੀ

ਛੱਡਣ ਵਾਲਾ ਸੱਜਣ ਸਾਨੂੰ, ਯਾਦ ਤਾ ਕਰਦਾ ਹੋਵੇਗਾ
ਦੋਵਾ ਦੇ ਜੋ ਦਿਲ ਵਿੱਚ ਫਿਟ, ਪਰੀਤਾਂ ਮੁੱਕਦੀਆਂ ਨਹੀ

ਗੁਲਾਮੀ ਵਾਲਿਆ, ਜੋ ਕੁਝ ਲਿਖਿਆ, ਉਹੀ ਮਿਲਦਾ ਹੈ
ਲੱਖ ਮਿਟਾਉ ਮੱਥੇ ਦੀਆਂ, ਪਰ ਲੀਕਾਂ ਮੁੱਕਦੀਆਂ ਨਹੀ

- ਬੂਟਾ ਗੁਲਾਮੀ ਵਾਲਾ
91-94171 97395



## ਗ਼ਜ਼ਲ

ਖ਼ੁਸ਼ੀਆਂ ਖੇੜੇ ਘਰ ਨਾ ਪਰਤੇ ਮੁੱਕਿਆ ਨਾ ਬਨਵਾਸ ਅਜੇ ਵੀ।
ਜ਼ੁਲਮ ਕਰੇ ਜਰਵਾਣਾ ਡਾਢਾ ਛੁੱਟਣ ਦੀ ਨਾ ਆਸ ਅਜੇ ਵੀ।

ਨਾਲ ਹਨ੍ਹੇਰ ਲੜਾਈ ਸਾਡੀ ਮੁੱਕਣ ਤੀਕ ਜਗਣ ਦਾ ਵਾਅਦਾ,
ਮਿੱਟੀ ਦੇ ਇਸ ਦੀਵੇ ਅੰਦਰ ਮੇਰਾ ਹੈ ਵਿਸ਼ਵਾਸ ਅਜੇ ਵੀ।

ਕਿਸ ਮੰਜ਼ਿਲ ਵੱਲ ਤੋਰਿਆ ਸਾਨੂੰ ਅੱਗੇ ਮਕਤਲ ਮਗਰ ਬੰਦੂਕਾਂ,
ਬਿਖੜੇ ਪੈਂਡੇ ਸੀਸ ਤਲ਼ੀ ਤੇ ਫਿਰ ਵੀ ਤੁਰਨ ਸਵਾਸ ਅਜੇ ਵੀ।

ਵੈਰੀ ਦੀ ਅੱਖ ਦੇ ਵਿੱਚ ਅੱਖ ਹੈ, ਤੀਰ ਕਮਾਨੇ ਸ਼ਿਸਤ ਨਿਸ਼ਾਨੇ,
ਸ਼ੁਭ ਕਰਮਨ ਦੇ ਨਿਸ਼ਚੇ ਖ਼ਾਤਰ ਕਾਇਮ ਨੇ ਹੋਸ਼-ਹਵਾਸ ਅਜੇ ਵੀ।

ਗੁਰੂ ਨਾਨਕ ਦੇ ਵੇਲੇ ਤੋਂ ਹੀ ਸਿਖ਼ਰ ਪਹਾੜੀ ਜਿਸ ਦਾ ਡੇਰਾ,
ਕਬਜ਼ਾਧਾਰੀ ਵਲੀ ਕੰਧਾਰੀ ਬਣਿਆ ਬੈਠਾ ਖ਼ਾਸ ਅਜੇ ਵੀ।

ਬਿਰਖ਼ ਛਾਂਗਿਆ,ਤਣਾ ਸਲਾਮਤ ਆਵੇਗੀ ਪੁੰਗਰਾਂਦ ਕਦੇ ਤਾਂ,
ਜਦ ਘਬਰਾਵਾਂ ਮੈਨੂੰ ਦੇਵੇ,ਧਰਤੀ ਮਾਂ ਧਰਵਾਸ ਅਜੇ ਵੀ।

ਪੱਥਰਾਂ ਨਾਲ ਯਾਰਾਨੇ ਰੱਖੇ ਬਾਬਰ ਜਾਬਰ ਹਰ ਯੁਗ ਅੰਦਰ,
ਵਰਦੀ ਧਾਰੀ ਚਾਰ ਚੁਫ਼ੇਰੇ ਬਣ ਬਣ ਬਹਿੰਦੈ ਖ਼ਾਸ ਅਜੇ ਵੀ।

ਸਾਰ ਖ਼ੂਨ ਨਿਚੋੜ ਕੇ ਸਾਡਾ, ਫਿਰ ਵੀ ਕਹਿੰਦੈਂ ਹੋਰ ਲਿਆਉ,
ਸਦੀਆਂ ਤੋਂ ਹੀ ਆਖੀ ਜਾਵੇਂ ਊਣਾ ਬਹੁਤ ਗਲਾਸ ਅਜੇ ਵੀ।



ਕਣਕਾਂ ਦੀ ਰਖਵਾਲੀ ਕਰਦੇ,
ਨਰਮੇ ਵਾਂਗ ਕਿਉਂ ਨਹੀਂ ਖਿੜਦੇ,
ਜਾਨ ਕੁੜਿੱਕੀ ਅੰਦਰ ਫਸ ਗਈ
ਮੰਗੇ ਕਿਉਂ ਸਲਫ਼ਾਸ ਅਜੇ ਵੀ।

- ਗੁਰਭਜਨ ਗਿੱਲ

## ਦੇਸ਼ ਦੇ ਹੀਰੇ

ਫੌਜ ਵਿੱਚ ਤਾਇਨਾਤ ਜੋ ਵੀਰੇ ਨੇ
ਉਹ ਆਮ ਬੰਦੇ ਨੀਂ ਦੇਸ਼ ਦੇ ਹੀਰੇ ਨੇ
ਦੇਸ਼ ਦੀ ਖਾਤਰ ਜੋ ਮਿਟ ਜਾਂਦੇ
ਇਤਿਹਾਸ ਦੇ ਪੰਨੇ ਨਾਂ ਲਿਖੇ ਜਾਂਦੇ
ਜੰਮੂ ਵਿੱਚ ਜਦ ਚਲਦੀ ਗੋਲੀ
ਡਰਦੇ ਨੀ ਏ ਡਾਹ ਹਿੱਕ ਜਾਂਦੇ
ਜਿੱਥੇ ਡਿੱਗਿਆ ਜਵਾਨ ਦੇਸ਼ ਦਾ
ਮਿੱਟੀ ਲਹੂ ਲੁਹਾਣ ਸੀ ਹੋਈ
ਆਪਣੀ ਮਾਂ ਨੇ ਤਾਂ ਰੋਣਾ ਹੀ ਸੀ
ਅੱਜ ਧਰਤੀ ਮਾਂ ਵੀ ਰੋਈ
ਜਿਸ ਦੀ ਰਾਖੀ ਕਰਦਾ ਤੁਰ ਗਿਆ
ਇਕ ਬੱਬਰ ਸ਼ੇਰ ਸੀ ਕੋਈ

ਛੁੱਟੀ ਵਿੱਚ ਵੀ ਵਾਪਸ ਮੁੜ ਜਾਈਏ
ਜੇ ਖ਼ਤਰੇ ਦੀ ਕੋਈ ਪਨਾਹ ਮਿਲਦੀ ਏ
ਅਸੀਂ ਫ਼ੌਜੀ ਹਾਂ ਭਾਰਤ ਮਾਤਾ ਦੇ
ਸਾਨੂੰ ਸੂਲਾਂ ਤੇ ਸੌਣ ਦੀ ਤਨਖਾਹ ਮਿਲਦੀ ਏ
ਹਾਲਾਤ ਹੀ ਗੋਲੀ ਚਲਾਉਂਦੇ ਨੇ
ਉਂਜ ਜੰਗ ਚਾਹੁੰਦਾ ਨਾ ਇਥੇ ਕੋਈ
ਆਪਣੀ ਮਾਂ ਨੇ ਤਾਂ ਰੋਣਾ ਹੀ ਸੀ
ਅੱਜ ਧਰਤੀ ਮਾਂ ਵੀ ਰੋਈ
ਜਿਸ ਦੀ ਰਾਖੀ ਕਰਦਾ ਤੁਰ ਗਿਆ
ਇਕ ਬੱਬਰ ਸ਼ੇਰ ਸੀ ਕੋਈ

ਸਾਡੀਆਂ ਭੈਣਾਂ ਦੇ ਵੀਰ ਕਈ ਖ਼ਤਮ ਹੁੰਦੇ
ਸਾਡੇ ਨਾਲ ਵਿਆਹੀਆਂ ਦੇ ਚੂੜੇ ਲੱਥ ਜਾਂਦੇ
ਸਾਡੇ ਨਾ ਹੋਣ ਦੀ ਖਬਰ ਜਦ ਪਿੰਡ ਪੁੱਜਦੀ
ਲੱਗਣ ਭਾਈਆਂ ਨੂੰ ਬਾਹਾਂ ਤੋਂ ਹੱਥ ਜਾਂਦੇ

- ਮਨਦੀਪ ਖਾਨਪੁਰੀ
91 -97791-79060



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਜਿੰਨ੍ਹਾ ਘਰਾਂ ਵਿਚ ਦੀਵੇ ਨਹੀਂ ਜਗਦੇ

ਆਓ ਓਥੇ ਚੱਲੀਏ,
ਜਿੰਨ੍ਹਾਂ ਘਰਾਂ ਵਿਚ
ਦੀਵੇ ਨਹੀਂ ਜਗਦੇ ।

ਜਿੱਥੇ ਸੁੰਨੇ ਬਨੇਰਿਆਂ ਤੋਂ,
ਦੀਵਿਆਂ ਦੀ ਪਾਲ
ਬੁਝ ਗਈ ਹੈ ।

ਜਿਹੜੇ ਘਰਾਂ ਦੇ ਦੀਵਿਆਂ ਦੀ ਬੱਤੀ,
ਕਾਵਾਂ ਨੇ ਚੂੰਡ ਲਈ ਹੈ ।
ਜਿੰਨ੍ਹਾਂ ਦਾ ਤੇਲ ਦੀਵੇ ਪੀ ਗਏ ਨੇ ।

ਜਿੰਨ੍ਹਾਂ ਘਰਾਂ ਵਿਚ ਹਨੇਰਾ ਹੈ,
ਓਥੇ ਵੱਸਦੇ ਲੋਕਾਂ ਕੋਲ
ਜਾਈਏ ਤੇ ਪੁੱਛੀਏ ?

ਤੁਹਾਡੇ ਘਰਾਂ ਦਾ ਚਾਨਣਾ
ਕਿੱਧਰ ਗਿਆ ?
ਦੀਵਿਆਂ ਦੀ ਰੌਸ਼ਨੀ
ਕੌਣ ਖੁੱਗ ਕੇ ਲੈ ਗਿਆ ?

ਹਨੇਰੇ ਘਰਾਂ ਨੂੰ ਕਹੀਏ ?
ਆਪਣੇ ਬਨੇਰਿਆਂ
ਮੁਹਾਠਾਂ ਤੇ ਹਨੇਰੇ ਖੂੰਜਿਆਂ ਤੋਂ ਪੁੱਛੋ,
ਦੀਵੇ ਜਗਣ ਵੇਲੇ,
ਤੁਸੀਂ ਕਿਉਂ ਸੌਂ ਗਏ ?

ਤੁਹਾਡੀ ਗ਼ੈਰਹਾਜ਼ਰੀ ਵਿਚ,
ਦੀਵਿਆਂ ਦੀ ਜੋਤ
ਕੌਣ ਚੁਰਾ ਕੇ ਲੈ ਗਿਆ ਹੈ ?

ਹਨੇਰੇ ਪਹਿਰ ਵਿਚ,
ਆਪੋ ਆਪਣੇ ਚਿਰਾਗਾਂ ਦੀ
ਰਾਖੀ ਵੀ ਓਨੀ ਹੀ ਜ਼ਰੂਰੀ ਹੈ
ਜਿੰਨਾ ਜ਼ਰੂਰੀ ਹੈ ਚਿਰਾਗ ਬਾਲਣਾ।

ਆਓ ਓਥੇ ਚੱਲੀਏ
ਜਿਥੇ ਚਿਰਾਗ ਬੁਝ ਗਏ ਨੇ
ਇਨ੍ਹਾਂ ਚਿਰਾਗਾਂ ਦੇ
ਬੁਝਣ ਦਾ ਇਲਜ਼ਾਮ
ਜਿੱਥੇ ਹਨੇਰੀ ਸਿਰ ਲੱਗਦਾ ਹੈ ।


ਆਓ ਓਥੇ ਚੱਲੀਏ ਤੇ ਕਹੀਏ,
ਜਿਹੜੇ ਲੋਕ ਹਨ੍ਹੇਰੀ ਵਿਚ,
ਆਪਣੇ ਚਿਰਾਗਾਂ ਕੋਲ
ਜਾਗਦੇ ਨੇ ।
ਉਨ੍ਹਾਂ ਦੇ ਚਿਰਾਗ ਹੀ ਜਗਦੇ ਨੇ ।
ਸੁੱਤੇ ਲੋਕਾਂ ਦੇ
ਬਲਦੇ ਚਿਰਾਗ ਕੀ ਲੱਗਦੇ ਨੇ?

- ਗੁਰਭਜਨ ਗਿੱਲ

# 'ਫੁੱਫੜ ਜੀ' ਨੇ ਬਣਾਇਆ ਮੈਨੂੰ ਹੀਰੋਇਨ - ਅਨੂ ਚੌਧਰੀ







ਮਸੂਮ ਤੇ ਖਿੜੇ ਗੁਲਾਬ ਜਿਹਾ ਗੋਰਾ ਨਿਵੋਰ ਚਿਹਰਾ ਹੈ ਟੀਨ-ਏਜਰ ਅਨੂ ਚੌਧਰੀ ਦਾ ਜੋ ਪੰਜਾਬੀ ਫ਼ਿਲਮ ਇੰਡਸਟਰੀ ਦੀ ਨਵੀਂ ਹੀਰੋਇਨ ਬਣ ਛਾ ਜਾਣ ਵਾਲੀ ਹੈ ।

ਦਰਸ਼ਕਾਂ ਤੱਕ ਪਹੁੰਚ ਰਹੀ ਜੀ.ਸਟੂਡਿਓ ਦੀ ਵੱਡੀ ਫ਼ਿਲਮ 'ਫੁੱਫੜ ਜੀ' ਵਿੱਚ ਅਨੂ ਦਾ ਹੀਰੋ ਸਟਾਰ ਬੀਨੂੰ ਢਿੱਲੋਂ ਹੈ । ਦੁੱਧ-ਚਿੱਟੀ ਅਨੂ ਦਾ ਕੈਰੀਅਰ ਜਦ ਪੰਕਜ ਬੱਤਰਾ ਜਿਹੇ ਚੋਟੀ ਦੇ ਨਿਰਦੇਸ਼ਕ ਨਾਲ ਸ਼ੁਰੂ ਹੋਵੇ ਤਦ ਬੱਲੇ ਹੀ ਬੱਲੇ ਹੈ । ਅਨੂ ਚੌਧਰੀ ਦੀ ਬੀਨੂੰ ਢਿੱਲੋਂ ਨਾਲ ਫ਼ਿਲਮ 'ਫੁੱਫੜ ਜੀ' ਆ ਰਹੀ ਹੈ । ਅਨੂ ਇਸਤੋਂ ਪਹਿਲਾਂ ਪੰਜਾਬ ਦੀ ਟਾਪ ਮਾਡਲ ਹੈ ਤੇ ਬੱਬੂ ਮਾਨ ਦੇ ਵੀਡਿਉ ਗੀਤ ਕਰ ਚੁੱਕੀ ਹੈ । ਹਾਸਰਸ-ਸੰਗੀਤ ਭਰਪੂਰ ਪਰਿਵਾਰਕ ਫ਼ਿਲਮ 'ਫੁੱਫੜ ਜੀ' ਨੇ ਘਰ-ਘਰ ਚਰਚਾ ਕਰਵਾ ਦੇਣੀ ਹੈ । ਅਨੂ ਭਰੋਸੇ ਨਾਲ ਕਹਿ ਰਹੀ ਹੈ । ਫਿਰ ਕਰਮ ਚੰਗੇ ਅਨੂ ਦੇ ਕਿ ਫ਼ਿਲਮ 'ਚ ਜੱਸੀ ਗਿੱਲ, ਹੌਬੀ ਧਾਲੀਵਾਲ ਤੇ ਗੁਰਨਾਮ ਭੁੱਲਰ ਜਿਹੇ ਸਟਾਰ ਚਿਹਰੇ ਉਸ ਨਾਲ 'ਫੁੱਫੜ ਜੀ' ਵਿੱਚ ਹਨ 'ਗੱਲ ਤਜੁਰਬੇ ਦੀ ਤਾਂ ਅਨੂ ਨੇ ਸਿਰਫ਼ ਇੱਕ ਵੈਬ-ਸੀਰੀਜ਼ 'ਰੰਗ ਬੇਰੰਗੀ' ਸੰਦੀਪ ਭੁੱਲਰ ਨਾਲ ਕੀਤੀ ਕਿ ਕਿਸਮਤ ਦੇ ਰਾਹ ਖੁੱਲ ਗਏ ।

ਅਨੂ ਚੌਧਰੀ ਜੀ ਅਨੁਸਾਰ 'ਫੁੱਫੜ ਜੀ' ਇਕ ਵਾਰ ਵਿੱਚ ਪੰਜਾਬੀ ਫਿਲਮਾਂ ਨੂੰ ਵਪਾਰਕ ਤੌਰ ਤੇ ਮਜ਼ਬੂਤ ਕਰਨ ਵਾਲੀ ਫ਼ਿਲਮ ਹੈ। ਤੇ ਹਾਂ ਹੁਸਨ ਦੀ ਮਲਿਕਾ, ਨਾਜ਼ਕ ਅੰਦਾਜ਼ ਅਨੂ ਦੇ ਰਾਜਪਾਲ ਯਾਦਵ ਨਾਲ 'ਮਿੱਠੂ ਦਾ ਵਿਆਹ' ਫ਼ਿਓਮਪ;ਲਮ 'ਚ ਵੀ ਦਿਸਣਗੇ, ਹੀਰੋਇਨ ਬਣ, ਫਿਲਹਾਲ 'ਫੁੱਫੜ ਜੀ' ਨਾਲ ਉਹ ਹੀਰੋਇਨ ਬਣ ਆ ਗਈ ਹੈ।

-ਅੰਮ੍ਰਿਤ ਪਵਾਰ



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop